
GOLDEN STATE REALTY
THE NAME YOU CAN TRUST
#1 Realtor amongst Indian community
For all your Real Estate and Mortgage needs
JASSI GILL
Realtor since 1987
Let us grow together and
Set up first meeting today by Calling
510-304-9292
Serving the community for last 20 years Visit jassigill.com




SELLING MOTELS IS OUR ONLY BUSINESS



Jas Randhawa
510.406.5056

Best Western, Texas
Built In 2001, 1-20 Location
Three Universities Town
Regional Medical Center
60 Rooms, 2 Stories, Interior Corridor, Pool/Spa
12 Month Gross- $1,500,000
Asking– 3.5 Times Gross



Bob Seth
408.807.9784

INDUS VALLEY INVESTMENTS

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Price 50¢
ਸ਼ਿਕਾਗੋ ਅਤੇ ਸਾਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 9, Issue 1, Saturday, January 5, 2008 PO Box 2002, Palatine, IL 60078 Ph: 847-359-0746, Fax: 847-705-9388

## ਕੈਲੇਫੋਰਨੀਆ ਵਿਚ ਪਟਿਆਲਾ ਦੇ ਦੋ ਸੱਕੇ ਭਰਾ ਕਤਲ

ਰਿਚਮੰਡ, ਕੈਲੇਫੋਰਨੀਆ: ਇਥੇ ਇਕ ਭਾਰਤੀ ਰੈਸਟੋਰੈਂਟ ਚਲਾਉਂਦੇ ਦੋ ਸੱਕੇ ਭਰਾ ਲੰਘੇ ਵੀਰਵਾਰ ਹਤਿਆਰਿਆਂ ਦੀ ਗੋਲੀ ਦਾ ਸ਼ਿਕਾਰ ਹੋ ਗਏ। ਪੁਲਿਸ ਅਨੁਸਾਰ ਹਤਿਆਰੇ ਰਾਤ ਕੋਈ 9 ਵਜੇ ਰਵਿੰਦਰ ਸਿੰਘ ਅਤੇ ਪਰਮਜੀਤ ਕਲਸੀ ਦੇ ਸਾਹਬ ਇੰਡੀਆ ਰੇਸਟੋਰੈਂਟ ਉਤੇ ਆਏ ਅਤੇ



ਗੋਲੀਆਂ ਮਾਰ ਕੇ ਉਨ੍ਹਾਂ ਨੂੰ ਹਲਾਕ ਕਰ ਦਿਤਾ। ਪੁਲਿਸ ਨੂੰ ਇਨ੍ਹਾਂ ਕਤਲਾਂ ਪਿਛੇ ਇਰਾਦੇ ਦਾ ਪਤਾ ਨਹੀਂ ਲਗ ਸਕਿਆ ਕਿਉਂਕਿ ਰੈਸਟੋਰੈਂਟ ਤੋਂ ਕੁਝ ਵੀ ਗੁਮ ਨਹੀਂ ਸੀ। ਸਿੱਖ ਭਾਈਚਾਰੇ ਨੂੰ ਸ਼ਕ ਹੈ ਕਿ ਇਨ੍ਹਾਂ ਕਤਲਾਂ ਪਿਛੇ ਵਜ੍ਹਾ ਨਸਲੀ ਨਫਰਤ ਹੈ।

ਆਖਰੀ ਖਬਰਾਂ ਮਿਲਣ ਵੇਲੇ ਤਕ ਪੁਲਿਸ ਨੇ ਕਿਸੇ ਨੂੰ ਇਸ ਮਾਮਲੇ ਵਿਚ ਗ੍ਰਿਫਤਾਰ ਨਹੀਂ ਸੀ ਕੀਤਾ ਪਰ ਉਸਦਾ ਸ਼ਕ ਹੈ ਕਿ ਕਾਤਲ ਏਸ਼ੀਅਨ ਜਾਂ ਲਾਤੀਨੋ ਮੂਲ ਦਾ ਹੋ ਸਕਦੇ ਹਨ। ਪੁਲਿਸ ਅਨੁਸਾਰ ਹਮਲਾਵਰ ਜਿਨ੍ਹਾਂ ਦੀ ਗਿਣਤੀ ਦੋ ਜਾਂ ਵੱਧ ਹੋ ਸਕਦੀ ਹੈ, ਕੋਈ 9 ਵਜੇ ਰੈਸਟੋਰੈਂਟ 'ਤੇ ਆਏ ਅਤੇ ਦਰਵਾਜੇ ਤੇ ਹੀ 30 ਸਾਲਾ ਰਵਿੰਦਰ ਨੂੰ ਗੋਲੀ ਮਾਰ ਦਿਤੀ ਅਤੇ ਇਸ ਪਿਛੋਂ ਉਹ 42 ਸਾਲਾ ਪਰਮਜੀਤ ਵਲ ਦੌੜੇ ਜੋ ਕਿ ਰੈਸਟੋਰੈਂਟ ਦੇ ਪਿਛਲੇ ਪਾਸੇ ਵਲ ਚਲਾ ਗਿਆ

(ਬਾਕੀ ਸਫਾ 12 'ਤੇ)

## ਬੇਨਜ਼ੀਰ ਭੁੱਟੋ ਦੇ ਕਤਲ ਨਾਲ ਵਿਸ਼ਵ ਭਰ ਵਿਚ ਸਕਤਾ

**-ਜਸਵੀਰ ਸਿੰਘ ਸ਼ੀਰੀ**

ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਦੀ ਹੱਤਿਆ ਨੇ ਨਾ ਸਿਰਫ ਪਾਕਿਸਤਾਨ ਅਤੇ ਦੱਖਣ ਏਸ਼ੀਆ, ਸਗੋਂ ਪੂਰੇ ਸੰਸਾਰ ਨੂੰ ਇਕ ਤਰ੍ਹਾਂ ਨਾਲ ਸਕਤੇ ਵਿਚ ਸੁੱਟ ਦਿੱਤਾ ਹੈ। ਇਸ ਕਤਲ ਦਾ ਸਭ ਤੋਂ ਵੱਡਾ ਝਟਕਾ ਅਮਰੀਕਾ ਅਤੇ ਬੁਸ਼ ਪ੍ਰਸ਼ਾਸਨ ਨੂੰ ਲੱਗਿਆ ਹੈ। ਯਾਦ ਰਹੇ ਇਹ ਅਮਰੀਕਨ ਪ੍ਰਸ਼ਾਸਨ ਹੀ ਸੀ ਜਿਹੜਾ ਬੇਨਜ਼ੀਰ ਭੁੱਟੋ ਅਤੇ ਜਨਰਲ ਮੁਸ਼ੱਰਫ ਵਿਚਕਾਰ ਸਿਆਸੀ ਸੰਧੀ ਕਰਵਾਉਣ ਲਈ ਚਿਰਾਂ ਤੋਂ ਕੋਸ਼ਿਸ਼ਾਂ ਕਰ ਰਿਹਾ ਸੀ। ਅਸਲ ਵਿਚ ਅਫਗਾਨਿਸਤਾਨ ਵਿਚ ਤਾਲਿਬਾਨ ਸੱਤਾ ਦੇ ਢਹਿ-ਢੇਰੀ ਹੋਣ ਤੋਂ ਬਾਅਦ ਪਾਕਿਸਤਾਨ ਦੇ ਕਬਾਇਲੀ ਇਲਾਕਿਆਂ ਵਿਚ ਪਨਾਹ ਲਈ ਬੈਠੇ ਅਤੇ ਹੁਣ ਪਾਕਿਸਤਾਨ ਸਰਕਾਰ ਅਤੇ ਫੌਜ ਖਿਲਾਫ ਜੰਗ ਵਿੱਢ ਰਹੇ ਅਲਕਾਇਦਾ ਅਤੇ ਇਸਲਾਮਿਕ ਕੱਟੜਪੰਥੀਆਂ ਵਿਰੁਧ ਲੜੀ ਜਾ ਰਹੀ ਜੰਗ ਵਿਚ ਅਮਰੀਕਾ ਨੂੰ ਪਾਕਿਸਤਾਨ ਦੇ ਇਕ ਜਮਹੂਰੀ ਚਿਹਰੇ ਦੀ ਬੇਹੱਦ ਤਿੱਖੀ ਲੋੜ ਸੀ। ਇਸ ਲੋੜ ਵਿਚੋਂ ਹੀ ਮੁਸ਼ੱਰਫ ਨਾਲ ਬੇਨਜ਼ੀਰ ਦੀ ਸੰਧੀ ਦਾ ਤਾਣਾ ਬੁਣਿਆ ਗਿਆ ਸੀ ਅਤੇ ਬੇਨਜ਼ੀਰ ਭੁੱਟੋ ਦੀ ਪਾਕਿਸਤਾਨ ਵਿਚ ਵਾਪਸੀ ਸੰਭਵ ਹੋ ਸਕੀ ਸੀ । ਉਸ ਦੀ ਵਾਪਸੀ ਉੱਪਰ ਸਵਾਗਤ ਵਜੋਂ ਹੋਏ ਪਾਰਟੀ ਦੇ ਵੱਡੇ ਇਕੱਠ ਵਿਚ ਕੀਤੇ ਗਏ ਬੰਬ ਧਮਾਕਿਆਂ ਨੇ ਹੀ ਇਹ ਚੇਤਾਵਨੀ ਤਾਂ ਦੇ ਦਿੱਤੀ ਸੀ ਕਿ ਪਾਕਿਸਤਾਨ ਵਿਚ ਬੇਨਜ਼ੀਰ ਦਾ ਸਵਾਗਤ ਕਿਸ ਢੰਗ ਨਾਲ ਹੋਣ ਵਾਲਾ ਹੈ, ਪਰ ਅਮਰੀਕਾ ਸਮੇਤ ਕਿਸੇ ਨੂੰ ਵੀ ਇਹ ਆਸ ਨਹੀਂ ਸੀ ਕਿ ਖ਼ੁਦ ਮੁਸ਼ੱਰਫ ਪ੍ਰਸ਼ਾਸਨ ਹੀ ਬੇਨਜ਼ੀਰ ਦੀ ਸੁਰੱਖਿਆ ਦੇ ਘੇਰੇ ਵਿਚ ਇੰਨੇ ਛੇਕ ਛੱਡ ਦੇਵੇਗਾ ਕਿ ਉਸ ਦੀ ਹੱਤਿਆ ਦਾ ਕੰਮ ਇਸ ਕਦਰ ਅਸਾਨ ਹੋ ਜਾਵੇਗਾ।

ਬੇਨਜ਼ੀਰ ਭੁੱਟੋ ਦੀ ਅਸਾਨੀ ਨਾਲ ਕੀਤੀ ਗਈ ਹੱਤਿਆ ਤੋਂ ਤਾਂ ਇਹ ਸਵਾਲ ਵੀ ਉੱਠਣੇ ਸ਼ੁਰੂ ਹੋ ਗਏ ਹਨ ਕਿ ਜਦੋਂ ਅਲਕਾਇਦਾ ਇਸ ਤੋਂ ਮੁੱਕਰ ਗਈ ਹੈ ਤਾਂ ਇਕ ਵੱਡੇ ਸਿਆਸੀ ਸ਼ਰੀਕ ਦੀ ਆਮਦ ਤੋਂ ਭੈਅਭੀਤ ਹੋ ਕੇ ਕਿਧਰੇ ਮੁਸ਼ੱਰਫ ਨੇ ਖ਼ੁਦ ਹੀ ਉਸ ਦਾ ਕਤਲ ਤਾਂ ਨਹੀਂ ਕਰਵਾ ਦਿੱਤਾ? ਇਸ ਕਤਲ ਦਾ ਜਾਲ ਇਸ ਢੰਗ ਨਾਲ ਬੁਣਿਆ ਗਿਆ ਕਿ ਕੁਝ ਵੀ ਸਪੱਸ਼ਟ ਕਰਨਾ ਮੁਸ਼ਕਿਲ ਹੋ ਗਿਆ ਹੈ। ਪਹਿਲੇ ਦਿਨ ਇਕ ਵੀਡੀਓ ਦੇ ਫੁਟੇਜ ਚੈਨਲਾਂ 'ਤੇ ਵਿਖਾਏ ਗਏ ਸਨ। ਜਿਸ ਵਿਚ ਸਪੱਸ਼ਟ ਰੂਪ ਵਿਚ ਇਕ ਵਿਅਕਤੀ ਬੇਨਜ਼ੀਰ ਭੁੱਟੋ ਨੂੰ ਗੋਲੀਆਂ ਮਾਰਦਾ ਵਿਖਾਇਆ ਗਿਆ ਸੀ। ਫਿਰ ਅਗਲੇ ਦਿਨ ਪਾਕਿਸਤਾਨ ਦੀ ਇੰਟੀਰੀਅਰ ਮੰਤਰਾਲੇ ਦੇ ਬੁਲਾਰੇ ਜਾਵੇਦ ਚੀਮਾ ਨੇ ਆਖ ਦਿੱਤਾ ਕਿ ਨਹੀਂ ਇਸ ਤਰ੍ਹਾਂ ਨਹੀਂ ਹੋਇਆ। ਬੇਨਜ਼ੀਰ ਦੀ ਮੌਤ ਬੰਬ ਧਮਾਕਾ ਹੋਣ ਕਾਰਨ ਉਸ ਦਾ ਸਿਰ ਸਨਰੂਫ ਦੇ ਲੀਵਰ ਨਾਲ ਲੱਗਣ ਕਾਰਨ ਹੋਈ। ਫਿਰ ਅਗਲੇ ਦਿਨ ਕੁਝ ਚੈਨਲਾਂ ਵਲੋਂ ਵਿਖਾਈ ਗਈ ਵੀਡੀਓ ਵਿਚ ਇਹ ਗੱਲ ਸਾਹਮਣੇ ਆਈ ਕਿ ਮੌਤ ਗੋਲੀ ਲੱਗਣ

(ਬਾਕੀ ਸਫਾ 6 ਤੇ)



ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਲ 2008 ਮੁਬਾਰਕ

ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

ਲੱਖ-ਲੱਖ ਵਧਾਈ

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE
1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra



Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹਉ ਕਰਉਂ ਨਿਵਾਸ।
ਖ਼ਾਲਸਾ ਮੇਰੋ ਮਿਤ੍ਰ ਸਖਾਈ। ਖ਼ਾਲਸਾ ਮਾਤ ਪਿਤਾ ਸੁਖਦਾਈ।
ਯਾ ਮੈਂ ਰੰਚ ਨ ਮਿਥਯਾ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।
(ਸਰਬਲੋਹ ਗ੍ਰੰਥ, ੬੬੭)

## ਧੰਨ – ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ

# ਪ੍ਰਕਾਸ਼ ਦਿਵਸ

## ਦੀ ਸਮੁੱਚੀ ਸੰਗਤ ਨੂੰ ਲੱਖ – ਲੱਖ ਵਧਾਈ ਹੋਵੇ

**5 ਜਨਵਰੀ, 2007 ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਵਸ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ ਵਿਖੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਜਿਸ ਵਿਚ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ, ਰਾਗੀ, ਢਾਡੀ ਜਥੇ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ ।**

## ਪਹੁੰਚ ਰਹੇ ਰਾਗੀ ਜਥੇ ਅਤੇ ਕਥਾਵਾਚਕ

ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਸਿੰਘ ਜੀ
ਬੀਬੀ ਬਲਜੀਤ ਕੌਰ ਤਲਵਾੜੇ ਵਾਲੇ
ਭਾਈ ਗੁਰਬਿੰਦਰ ਸਿੰਘ ਪਾਰਸ (ਦਿੱਲੀ ਵਾਲੇ)
ਭਾਈ ਮੇਘ ਸਿੰਘ (ਪਾਉਂਟਾ ਸਾਹਿਬ ਵਾਲੇ)
ਭਾਈ ਗੁਰਪ੍ਰੀਤ ਸਿੰਘ ਦਾ ਜਥਾ



ਗੁਰਦੁਆਰਾ ਸਾਹਿਬ ਵਿਖੇ 31 ਦਸੰਬਰ ਤੋਂ 4 ਜਨਵਰੀ ਤੱਕ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਿਚ ਚੱਲ ਰਹੇ ਪ੍ਰੋਜੈਕਟ (ਕੈਨੋਪੀ) ਲਈ ਮਾਇਕ ਯੋਗਦਾਨ ਪਾ ਕੇ ਆਪਣੀਆਂ ਕਿਰਤ ਕਮਾਈਆਂ ਨੂੰ ਸਫਲਾ ਕਰੋ ਜੀ।

ਆਪ ਸਮੂਹ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਅਤੇ ਸਾਲ 2008 ਦੇ ਆਗਮਨ ਦੀ ਲੱਖ ਲੱਖ ਵਧਾਈ ਹੋਵੇ ਜੀ। ਵਾਹਿਗੁਰੂ ਆਪ ਸਭ ਨੂੰ ਸੁਖ ਸ਼ਾਂਤੀ ਅਤੇ ਚੜ੍ਹਦੀ ਕਲਾ ਬਖਸ਼ੇ। ਪਿਛਲੇ ਸਮੇਂ ਵਿਚ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਰਸੋਈ ਅਤੇ ਬੱਚਿਆਂ ਦੇ ਕਲਾਸ ਰੂਮ (ਟਰੇਲਰ) ਦੀ ਉਸਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਵਿਆਹ ਅਤੇ ਹੋਰ ਖਾਸ ਸਮਾਗਮਾਂ, ਐਤਵਾਰ ਜਾਂ ਹੋਰ ਖਾਸ ਦਿਨਾਂ ਤੇ ਲੰਗਰ ਲਾਉਣ ਲਈ ਗਰਮੀ, ਸਰਦੀ ਅਤੇ ਬਾਰਸ਼ ਆਦਿ ਤੋ ਬਚਾ ਲਈ ਪ੍ਰਬੰਧਕਾਂ ਵਲੋਂ 3712 ਵਰਗ ਫੁਟ ਕੈਨੋਪੀ (ਛਅਨੋਪੇ) ਦਾ ਪ੍ਰੋਜੈਕਟ ਉਲੀਕਿਆ ਗਿਆ ਸੀ। ਕੈਨੋਪੀ ਅਤੇ ਲੰਗਰ ਹਾਲ ਵਿਚ ਛੱਤ ਦੇ ਪ੍ਰੋਜੈਕਟ ਜਿਸ ਨਾਲ ਦੂਸਰੀ ਮੰਜ਼ਿਲ ਬਣਨ ਨਾਲ ਵਿਚ ਕੁਲ ਏਰੀਆ ਵਿਚ 2564 ਵਰਗ ਫੁੱਟ ਦਾ ਵਾਧਾ ਹੋ ਜਾਵੇਗਾ। ਇਸ ਪ੍ਰਾਜੈਕਟ ਨੂੰ ਪਲੈਨਿੰਗ ਕਮਿਸ਼ਨ ਤੀਕ ਲੈ ਜਾਣ ਲਈ ਡੇਢ ਸਾਲ ਤੋਂ ਵਧ ਸਮਾਂ ਲੱਗਾ। ਪਲੈਨਿੰਗ ਕਮਿਸ਼ਨ ਦੀ ਪਹਿਲੀ ਮੀਟਿੰਗ 24 ਮਈ, 2007 ਨੂੰ ਹੋਈ। ਜਿਸ ਵਿਚ ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚੀਆਂ, ਪਰ ਇਸ ਦਿਨ ਗੁਰੂ ਘਰ ਦੇ ਪ੍ਰੋਜੈਕਟ ਦੀ ਸੁਣਵਾਈ ਮੁਲਤਵੀ ਹੋ ਗਈ। ਫਰੀਮਾਂਟ ਪਲੈਨਿੰਗ ਕਮਿਸ਼ਨ ਦੀ ਅਗਲੀ ਮੀਟਿੰਗ 28 ਜੂਨ, 2007 ਨੂੰ ਹੋਈ। ਇਸ ਮੀਟਿੰਗ ਵਿਚ ਵੀ ਸਿੱਖ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ। ਇਸ ਦਿਨ ਸਿਟੀ ਹਾਲ ਖਚਾ ਖਚ ਭਰਿਆ ਹੋਇਆ ਸੀ। ਸਿੱਖ ਸੰਗਤਾਂ ਦੇ ਸਹਿਯੋਗ ਅਤੇ ਵਾਹਿਗੁਰੂ ਦੀ ਮੇਹਰ ਸਦਕਾ ਆਖਰ 28 ਜੂਨ, 2007 ਨੂੰ ਫਰੀਮਾਂਟ ਪਲੈਨਿੰਗ ਕਮਿਸ਼ਨ ਵਲੋਂ ਕੈਨੋਪੀ ਅਤੇ ਲੰਗਰ ਹਾਲ ਵਿਚ ਛੱਤ ਦੀ ਮਨਜ਼ੂਰੀ ਮਿਲ ਗਈ। ਗੁਰਦਵਾਰਾ ਸਾਹਿਬ ਦੇ ਗਵਾਂਢੀਆਂ ਦੇ ਵਿਰੋਧ ਦੇ ਬਾਵਜੂਦ ਕਮਿਸ਼ਨ ਨੇ ਸਰਬਸੰਮਤੀ ਨਾਲ ਗੁਰੂ ਘਰ ਦੇ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦੇ ਦਿੱਤੀ। ਸਮੂਹ ਸੰਗਤਾਂ ਇਸ ਸ਼ਾਨਦਾਰ ਕਾਮਯਾਬੀ ਲਈ ਵਧਾਈ ਦੀਆਂ ਪਾਤਰ ਹਨ। ਸਿਟੀ ਮਨਜ਼ੂਰੀ ਤੋਂ ਬਾਅਦ ਗੁਰੂ ਘਰ ਦੇ ਬਰਾਬਰ ਹਾਲ ਅਤੇ ਲੰਗਰ ਹਾਲ ਦੀਆਂ ਬਿਲਡਿੰਗਾਂ ਵਿਚਕਾਰ ਕੈਨੋਪੀ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ।

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਐਤਵਾਰ ਦੇ ਖਾਲਸਾ ਸਕੂਲ ਦੇ ਬੱਚਿਆਂ ਦੀਆਂ ਕਲਾਸਾਂ ਲਈ ਜਗਾ ਦੀ ਬਹੁਤ ਘਾਟ ਹੈ ਇਸ ਲਈ ਲੰਗਰ ਹਾਲ ਵਿਚ ਛੱਤ ਦੇ ਪ੍ਰਾਜੈਕਟ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਸ ਦੀਆਂ ਆਰਕੀਟੈਕਚਰਲ ਡਰਾਇੰਗਾਂ ਬਣਾਈਆਂ ਜਾ ਰਹੀਆਂ ਹਨ। ਇਹ ਪ੍ਰੋਜੈਕਟ ਕੈਨੋਪੀ ਮੁਕੰਮਲ ਹੋਣ ਤੋਂ ਬਾਅਦ ਸ਼ੁਰੂ ਹੋਵੇਗਾ। ਇਨ੍ਹਾਂ ਸਾਰੇ ਪ੍ਰੋਜੈਕਟਾਂ ਉੱਪਰ ਲਗਭਗ 15 ਲੱਖ ਡਾਲਰ ਖਰਚ ਹੋਣ ਦੀ ਸੰਭਾਵਨਾ ਹੈ। ਲੰਗਰ ਹਾਲ ਦੀ ਬਿਲਡਿੰਗ ਵਿਚ ਸਪਰਿੰਕਲਰ ਸਿਸਟਮ (ੰਪਰਨਿਕਲਰ ੰਸਟੲਮ) ਲਾਉਣ ਲਈ ਤਿੰਨ ਲੱਖ ਡਾਲਰ ਤੋਂ ਵਧ ਖਰਚ ਹੋ ਚੁੱਕਾ ਹੈ। ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਆਪਣੀ ਕਿਰਤ ਕਮਾਈ ਵਿਚੋਂ ਬਿਲਡਿੰਗ ਫੰਡ ਲਈ ਆਪਣਾ ਯੋਗਦਾਨ ਪਾ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਧੰਨਵਾਦੀ ਹੋਵਾਂਗੇ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :**

ਭਾਈ ਕਰਨੈਲ ਸਿੰਘ (ਮੁੱਖ ਸੇਵਾਦਾਰ)
510-688-5572

ਭਾਈ ਦਵਿੰਦਰ ਸਿੰਘ (ਸਕੱਤਰ)
510-750-5757

# Gurdwara Sahib Fremont

300 Gurdwara Road, Fremont California, 94536 USA

www.fremontgurdwara.org (510-790-0177)

# ਸ਼ਿਕਾਗੋ ਦੀ ਭਾਰਤੀ ਮੁਟਿਆਰ ਲਾਪਤਾ ਨਹੀਂ ਸਗੋਂ ਆਪਣੇ ਦੋਸਤ ਨਾਲ ਫਰਾਰ

ਸ਼ਿਕਾਗੋ: ਇਥੋਂ ਦੀ ਇਕ ਸਬਰਬ ਡੈਸਪਲੇਨਜ਼ ਦੀ ਲਾਪਤਾ ਭਾਰਤੀ ਮੁਟਿਆਰ ਅਨੂ ਸੋਲੰਕੀ ਸੁਖੀ-ਸਾਂਦੀ ਲੰਘੇ ਸ਼ੁਕਰਵਾਰ ਘਰ ਪਰਤ ਆਈ। ਅਨੂ 24 ਦਸੰਬਰ ਨੂੰ ਲਾਪਤਾ ਹੋ ਗਈ ਸੀ ਅਤੇ ਉਸਦੀ ਕਾਰ ਡੈਸਪਲੇਨਜ਼ ਰਿਵਰ ਦੇ ਕੰਢੇ ਖੜੀ ਮਿਲੀ ਸੀ। ਪਰ ਇਸ ਕੇਸ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਪੁਲਿਸ ਅਧਿਕਾਰੀਆਂ ਨੇ ਉਸ ਦੇ ਜਿਊਂਦੇ ਹੋਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਹ ਲਾਪਤਾ ਨਹੀਂ ਹੋਈ ਸਗੋਂ ਆਪਣੀ ਪਹਿਚਾਣ ਵਾਲੇ ਭਾਰਤੀ ਮੂਲ ਦੇ 24 ਸਾਲਾ ਕਰਨ ਜਾਨੀ ਨਾਲ ਕਿਧਰੇ ਚਲੀ ਗਈ ਹੈ। ਕੁੱਕ ਕਾਊਂਟੀ ਦੇ ਜੰਗਲਾਤ ਸੁਰੱਖਿਆ ਵਿਭਾਗ ਦੇ ਬੁਲਾਰੇ ਸਟੀਵ ਮੇਅਬੇਰੀ ਨੇ ਦੱਸਿਆ ਕਿ ਅਨੂ ਸੋਲੰਕੀ ਦੇ ਸੈੱਲ ਫੋਨ ਦੇ ਰਿਕਾਰਡ ਤੋਂ ਭੇਦ ਖੁੱਲ੍ਹਿਆ ਹੈ ਕਿ ਉਸ ਦੀ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਹੁਣੇ-ਹੁਣੇ ਗਰੈਜੂਏਟ ਹੋਏ ਕਰਨ ਨਾਲ ਗੂੜਾ ਰਿਸ਼ਤਾ ਸੀ। ਘਟਨਾ ਵਾਲੇ ਦਿਨ ਕਰਨ ਅਤੇ ਅਨੂ ਦਰਮਿਆਨ ਸੈੱਲ ਫੋਨ 'ਤੇ ਕਈ ਵਾਰ ਗੱਲ ਹੋਈ ਸੀ।



ਪੁਲਿਸ ਨੂੰ ਅਨੂ ਦੀ ਭਾਲ ਲਈ ਕੋਈ ਢਾਈ ਲੱਖ ਡਾਲਰ ਖਰਚ ਕਰਨਾ ਪਿਆ। ਸ਼ੁਰੂ ਵਿਚ ਕਿਹਾ ਜਾ ਰਿਹਾ ਸੀ ਕਿ ਸਰਕਾਰ ਇਹ ਰਕਮ ਅਨੂ ਤੋਂ ਵਸੂਲ ਕਰਨ ਲਈ ਕਾਰਵਾਈ ਕਰੇਗੀ। ਸ਼ੁਕਰਵਾਰ ਨੂੰ ਅਨੂ ਦੇ ਕੈਲੇਫੋਰਨੀਆ ਤੋਂ ਸ਼ਿਕਾਗੋ ਵਾਪਸ ਪਰਤਣ ਪਿਛੋਂ ਪੁਲਿਸ ਨੇ ਉਸ ਨਾਲ ਗੱਲਬਾਤ ਕਰਨ ਉਪਰੰਤ ਕਿਹਾ ਕਿ ਹਾਲ ਦੀ ਘੜੀ ਅਨੂ ਉਤੇ ਚਾਰਜ ਵਾਪਸ ਲੈ ਲਏ ਗਏ ਹਨ।

ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਅਨੂ ਸੋਲੰਕੀ ਗਣੇਸ਼ ਜੀ ਦੀ ਖੰਡਿਤ ਮੂਰਤੀ ਡੈਸਪਲੇਨਜ਼ ਨਦੀ 'ਚ ਜਲ ਪ੍ਰਵਾਹ ਕਰਨ ਗਈ ਲਾਪਤਾ ਹੋ ਗਈ ਸੀ। ਪ੍ਰੰਤੂ ਇਹ ਇਸ਼ਕ ਦਾ ਮਾਮਲਾ ਨਿਕਲ ਆਇਆ ਹੈ। ਅਨੂ ਸੋਲੰਕੀ ਸ਼ਿਕਾਗੋ ਦੇ ਵੈਸਟਇਨ ਸ਼ਿਕਾਗੋ ਹੋਟਲ ਦੀ ਗਿਫਟ ਸ਼ਾਪ 'ਤੇ ਕੰਮ ਕਰਦੀ ਸੀ ਅਤੇ ਆਪਣੇ ਕੰਮ ਤੋਂ ਬਾਅਦ ਮੂਰਤੀ ਜਲ ਪ੍ਰਵਾਹ ਕਰਨ ਗਈ ਘਰ ਨਹੀਂ ਸੀ ਪਰਤੀ। ਪੁਲਿਸ ਨੇ ਉਸ ਦੀ ਹੌਂਡਾ ਸਿਵਕ ਕਾਰ ਮਿਲਵਾਕੀ ਐਵੀਨਿਊ ਤੋਂ ਲਾਵਾਰਿਸ ਖੜੀ ਬਰਾਮਦ ਕੀਤੀ ਸੀ। ਪਹਿਲਾਂ ਇਹ ਵੀ ਖ਼ਬਰਾਂ ਆਈਆਂ ਸਨ ਕਿ ਕਿਸੇ ਨੇ ਅਨੂ ਦਾ ਪਿੱਛਾ ਕਰਦੇ ਚਾਰ ਅਣਪਛਾਤੇ ਵਿਅਕਤੀਆਂ ਨੂੰ ਵੇਖਿਆ ਸੀ ਪ੍ਰੰਤੂ ਪੁਲਿਸ ਨੇ ਉਸ ਦੇ ਅਗਵਾ ਹੋਣ ਦੀ ਥਿਊਰੀ ਕਰਨ ਜੈਕੀ ਦੇ ਤਸਵੀਰ 'ਚ ਆ ਜਾਣ ਪਿਛੋਂ ਰੱਦ ਕਰ ਦਿੱਤੀ। 24 ਸਾਲਾ ਅਨੂ ਸੋਲੰਕੀ 10 ਸਾਲ ਪਹਿਲਾਂ ਆਪਣੇ ਮਾਪਿਆਂ ਨਾਲ ਭਾਰਤ ਤੋਂ ਨਿਊਜਰਸੀ ਆਈ ਸੀ ਤੇ ਦੋ ਸਾਲ ਪਹਿਲਾਂ ਵਰਜੀਨੀਆ ਦੇ ਭਾਰਤੀ ਮੂਲ ਦੇ ਦਿਗਨੇਸ਼ ਸੋਲੰਕੀ ਨਾਲ ਵਿਆਹ ਕਰਵਾ ਕੇ ਸ਼ਿਕਾਗੋ ਆ ਕੇ ਵਸ ਗਈ ਸੀ।

ਅਨੂ ਨੇ ਵਾਪਸ ਪਰਤਣ ਤੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਵਿਆਹ ਤੋਂ ਖੁਸ਼ ਨਹੀਂ ਸੀ ਪਰ ਉਸਦਾ ਪਤੀ ਉਸਨੂੰ ਜਿਸਮਾਨੀ ਤੌਰ ਤੇ ਤੰਗ ਨਹੀਂ ਸੀ ਕਰਦਾ। ਸ਼ਿਕਾਗੋ ਤੋਂ ਉਹ ਆਪਣੇ ਦੋਸਤ ਜਾਨੀ ਪਾਸ ਕੈਲੇਫੋਰਨੀਆ ਚਲੀ ਗਈ ਸੀ ਪਰ ਪੁਲਿਸ ਰਿਪੋਰਟ ਅਤੇ ਖਬਰਾਂ ਪਿਛੋਂ ਉਹ ਜਾਨੀ ਦੇ ਪ੍ਰੇਰਨ ਉਤੇ ਵਾਪਸ ਪਰਤ ਆਈ। ਇਹ ਪਤਾ ਨਹੀਂ ਲਗ ਸਕਿਆ ਕਿ ਉਹ ਆਪਣੇ ਪਤੀ ਦੇ ਘਰ ਪਰਤ ਆਈ ਹੈ ਜਾਂ ਨਹੀਂ।

## ਸ਼ੇਰਨੀ ਦੇ ਹਮਲੇ ਵਿਚ ਦੋ ਨੌਜਵਾਨ ਜ਼ਖਮੀ ਇਕ ਹਲਾਕ

ਸੈਨ ਹੋਜ਼ੇ: ਸਾਨਫਰਾਂਸਿਸਕੋ ਸ਼ਹਿਰ ਦੇ ਚਿੜੀਆ ਘਰ ਖੂਨੀ ਸ਼ੇਰ ਦੇ ਹਮਲੇ ਦੌਰਾਨ ਦੋ ਪੰਜਾਬੀ ਭਰਾ 19 ਸਾਲਾ ਪਾਲ ਧਾਲੀਵਾਲ ਅਤੇ 23 ਸਾਲਾ ਕੁਲਬੀਰ ਧਾਲੀਵਾਲ ਗੰਭੀਰ ਜ਼ਖਮੀ ਹੋ ਗਏ ਜਦੋਂਕਿ ਉਨ੍ਹਾਂ ਦੇ 17 ਸਾਲਾ ਦੋਸਤ ਕਾਰਲੋਸ ਸਾਊਰਾ ਜੂਨੀਅਰ ਦੀ ਮੌਤ ਹੋ ਗਈ। ਤਿੰਨੇ ਕ੍ਰਿਸਮਿਸ ਵਾਲੇ ਦਿਨ ਚਿੜੀਆਘਰ ਦੇਖਣ ਗਏ ਸਨ।।

ਚਿੜੀਘਰ ਦੇ ਅਧਿਕਾਰੀ ਇਹ ਕਹਿੰਦੇ ਆ ਰਹੇ ਹਨ ਕਿ ਇਨਾਂ ਤਿੰਨਾਂ ਨੌਜਵਾਨਾਂ ਨੇ ਲਾਜ਼ਮੀ ਸ਼ੇਰਨੀ ਨੂੰ ਤੰਗ ਕੀਤਾ ਹੋਵੇਗਾ ਜਦੋਂਕਿ ਪੁਲਿਸ ਇਹ ਸਮਝਦੀ ਹੈ ਕਿ ਸੁਰੱਖਿਆ ਦੇ ਸਹੀ ਬੰਦੋਬਸਤ ਨਾ ਹੋਣ ਕਾਰਨ ਇਹ ਘਟਨਾ ਵਾਪਰੀ। ਇਹ ਘਟਨਾ ਕ੍ਰਿਸਮਸ ਵਾਲੇ ਦਿਨ ਸਾਨਫਰਾਂਸਿਸਕੋ ਦੇ ਚਿੜੀਆ ਘਰ 'ਚ ਸ਼ਾਮ ਨੂੰ ਸਾਢੇ ਪੰਜ ਵਜੇ ਦੇ ਕਰੀਬ ਵਾਪਰੀ ਸੀ ਜਦੋਂ ਸਵਾ ਕੁਇੰਟਲ ਭਾਰੀ ਸ਼ੇਰਨੀ ਨੇ 20 ਫੁੱਟ ਉੱਚੀ ਦੀਵਾਰ ਟੱਪ ਕੇ ਤਿੰਨ ਨੌਜਵਾਨਾਂ 'ਤੇ ਹਮਲਾ ਕਰ ਦਿੱਤਾ ਸੀ। ਘਟਨਾ ਸਮੇਂ ਚਿੜੀਆ ਘਰ 'ਚ ਕੇਵਲ 20 ਕੁ ਦਰਸ਼ਕ ਸਨ ਅਤੇ ਚਿੜੀਆ ਘਰ ਬੰਦ ਕੀਤਾ ਜਾ ਰਿਹਾ ਸੀ। ਚਿੜੀਆ ਘਰ ਦੇ ਸੁਰੱਖਿਆ ਅਮਲੇ ਨੇ ਖੂੰਖਾਰ ਸ਼ੇਰਨੀ ਨੂੰ ਗੋਲੀਆਂ ਮਾਰ ਕੇ ਮੌਕੇ 'ਤੇ ਹੀ ਮਾਰ ਦਿੱਤਾ ਸੀ।


ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਸ਼ੇਰਨੀ ਸਿੱਧੀ ਪੰਜਾਬੀ ਭਰਾਵਾਂ 'ਤੇ ਝਪਟਣ ਵਾਲੀ ਸੀ, ਪ੍ਰੰਤੂ 17 ਸਾਲਾ ਕਾਰਲੋਸ ਸਾਊਰਾ ਜੂਨੀਅਰ ਨੇ ਰੌਲਾ ਪਾ ਦਿੱਤਾ। ਨਤੀਜੇ ਵਜੋਂ ਸ਼ੇਰਨੀ ਨੇ ਪਹਿਲਾਂ ਉਸ ਨੂੰ ਜਾ ਦਬੋਚਿਆ ਅਤੇ ਫਿਰ 19 ਸਾਲਾ ਦੇ ਪਾਲ ਧਾਲੀਵਾਲ ਅਤੇ ਉਸ ਦੇ ਸਕੇ ਭਰਾ 23 ਸਾਲਾ ਕੁਲਬੀਰ ਧਾਲੀਵਾਲ 'ਤੇ ਹਮਲਾ ਕਰ ਦਿੱਤਾ। ਜਾਂਚ ਅਧਿਕਾਰੀਆਂ ਦਾ ਮੰਨਣਾ ਹੈ ਕਿ ਉਹ ਭੁੱਖੀ ਸ਼ੇਰਨੀ ਨੂੰ ਛੇੜ ਰਹੇ ਸਨ ਜਿਸ ਦੇ ਨਤੀਜੇ ਵਜੋਂ ਹਾਦਸਾ ਵਾਪਰਿਆ। ਇਸ ਘਟਨਾ ਵਿਚ 17 ਸਾਲਾ ਦੇ ਕਾਰਲੋਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦੋਂਕਿ ਕੁਲਬੀਰ ਧਾਲੀਵਾਲ ਤੇ ਉਸ ਦਾ ਭਰਾ ਪਾਲ ਧਾਲੀਵਾਲ ਗੰਭੀਰ ਜ਼ਖਮੀ ਹੋ ਗਏ ਸਨ। ਉਸ ਦਾ ਸ਼ਿਕਾਰ ਹੋਏ ਤਿੰਨਾਂ ਵਿਅਕਤੀਆਂ ਨੂੰ ਸਾਨਫਰਾਂਸਿਸਕੋ ਦੇ ਜਨਰਲ ਹਸਪਤਾਲ ਭਰਤੀ ਕਰਵਾਇਆ ਗਿਆ। ਚਿੜੀਆ ਘਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ 1940 ਤੋਂ ਬਾਅਦ ਚਿੜੀਆ ਘਰ 'ਚ ਇਸ ਤਰ੍ਹਾਂ ਦੀ ਪਹਿਲੀ ਘਟਨਾ ਹੈ।


### ਲੁਟੇਰਿਆਂ ਨੇ ਸਿੱਖ ਡਰਾਈਵਰ ਨੂੰ ਫੱਟੜ ਕੀਤਾ

ਨਿਊਯਾਰਕ: ਨਿਊਯਾਰਕ ਸ਼ਹਿਰ ਦੇ ਆਲੇ-ਦੁਆਲੇ ਦੇ ਇਲਾਕਿਆਂ 'ਚ ਲੁੱਟਮਾਰ ਦੀਆਂ ਲਗਾਤਾਰ ਹੋ ਰਹੀਆਂ ਕੋਸ਼ਿਸ਼ਾਂ 'ਚ ਇਕ ਸਿੱਖ ਟੈਕਸੀ ਡਰਾਈਵਰ ਸਣੇ ਦੋ ਵਿਅਕਤੀ ਜ਼ਖ਼ਮੀ ਹੋ ਗਏ। ਕ੍ਰਿਸਮਸ ਮੌਕੇ ਲੁੱਟਮਾਰ ਦੀ ਕੋਸ਼ਿਸ਼ ਦੌਰਾਨ ਅਮਰਜੀਤ ਸਿੰਘ ਨੂੰ ਸਿਰ ਵਿਚ ਗੰਭੀਰ ਸੱਟਾਂ ਲਗੀਆਂ ਅਤੇ ਉਸ ਦਾ ਉਦੋਂ ਤੋਂ ਹੀ ਨਿਊਯਾਰਕ ਨੇੜਲੇ ਕਿਊਨਜ਼, ਜਿਥੇ ਭਾਰਤੀ ਮੂਲ ਦੇ ਲੋਕ ਵੱਡੀ ਗਿਣਤੀ 'ਚ ਰਹਿੰਦੇ ਹਨ, ਦੇ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਕ੍ਰਿਸਮਸ ਵਾਲੇ ਦਿਨ ਸਵੇਰੇ ਦੋ ਘੰਟਿਆਂ ਅੰਦਰ ਹੋਈਆਂ ਤਿੰਨ ਡਕੈਤੀਆਂ ਵਿਚ ਅਮਰਜੀਤ ਸਿੰਘ ਦੇ ਨਾਲ-ਨਾਲ ਇਕ ਗੋਰਾ ਵੀ ਜ਼ਖ਼ਮੀ ਹੋਇਆ।


Former Samorga Bob's Buffet Bldg.
India Garden®
RESTAURANT & BANQUET
910 Lincoln Rd. East, Vallejo, CA 94591
For more Info Call: Pradeep @ 510.325.8433
www.indiachaatandsweets.com
For Indoor & Outdoor Weddings and Family occasions.
Banquet Gathering upto 500 Guests
- RECEPTION, WEDDINGS, BIRTHDAYS, BABY SHOWERS
- CORPORATE MEETINGS
- QUINCEANERA OR SWEET 16 PARTIES
- PERSONALIZE & DECORATE TO YOUR OWN TASTE
- GUARANTEED BEST PRICE & SERVICE IN TOWN







Ph: 707.645.1700

India Chaat & Sweets® Fine Indian Cuisine
824 University Ave. Berkeley CA 94710
www.indiachaatandsweets.com
Wed-Mon ~ 11:30-9:30 • Fri-Sat ~ 11:30-10:00
Ph: 510.704.1200

Oakland Location
India Sweets & Catering®
Ph: 510.444.7252
Catering for all occasions upto 10,000 guests

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
ਤੁਹਾਡੀ ਸੇਵਾ ਵਿੱਚ ਹਾਜ਼ਰ

ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
75-20 ASTORIA BLVD, SUITE 170
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR, SUITE 170
FREMONT, CA 94538

# ਅਰੂਸਾ,ਅਮਰਿੰਦਰ ਤੇ ਮੀਡੀਆ ਦੇ ਸੰਬੰਧਾਂ ਦੀ ਕਹਾਣੀ

## ਕੌਕਟੇਲ ਸਿਆਸਤ ਦਾ ਜਲਵਾ

-ਸੁਰਿੰਦਰਪਾਲ ਸਰਾਓ

ਚੰਡੀਗੜ੍ਹ : ਪਿਛਲੇ ਦਿਨੀਂ ਜਦੋਂ ਪਾਕਿਸਤਾਨ ਦੀ ਪੱਤਰਕਾਰ ਅਰੂਸਾ ਆਲਮ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸੰਬੰਧਾਂ ਨੂੰ ਲੈ ਕੇ ਮੀਡੀਏ ਨੇ ਗਲ ਵਿਚ ਢੋਲ ਪਾਇਆ ਹੋਇਆ ਸੀ ਅਤੇ ਹਰ ਅਖਬਾਰ ਇਹਨਾਂ ਸੰਬੰਧਾਂ ਦੀ ਖ਼ਬਰ ਨੂੰ ਪਹਿਲੇ ਪੰਨੇ ਉੱਪਰ ਸੁਰਖ਼ੀ ਬਣਾ ਕੇ ਛਾਪ ਰਿਹਾ ਸੀ ਤਾਂ ਵੇਖ ਕੇ ਬੜਾ ਅਜੀਬ ਲੱਗ ਰਿਹਾ ਸੀ ਕਿ ਆਖ਼ਿਰ ਸਾਰੇ ਅਖ਼ਬਾਰ ਵਾਲ ਦੀ ਖੱਲ ਉਤਾਰਣ ਵਿਚ ਇਕਮਤ ਕਿਉਂ ਹੋਏ ਖੜੇ ਸਨ? ਆਖਿਰ ਅਰੂਸਾ-ਅਮਰਿੰਦਰ ਸੰਬੰਧਾਂ ਨੂੰ ਅਕਾਲੀ ਸਿਆਸਤਦਾਨਾਂ ਅਤੇ ਮੀਡੀਆ ਵਲੋਂ ਜਬਰਦਸਤੀ ਇਕ ਵੱਡਾ ਮੁੱਦਾ ਬਣਾਉਣ ਦੀ ਕੋਸ਼ਿਸ਼ ਕਿਉਂ ਕੀਤੀ ਗਈ ਹੈ? ਜਦਕਿ ਅਸਲੀਅਤ ਇਹ ਹੈ ਕਿ ਪੰਜਾਬ ਵਿਚ ਅਸੰਬਲੀ ਚੋਣਾਂ ਜਿਹੇ ਨਾਜ਼ੁਕ ਸਮੇਂ ਵੀ ਇਹ ਮੁੱਦਾ ਬਹੁਤਾ ਕਾਰਗਾਰ ਸਾਬਿਤ ਨਹੀਂ ਸੀ ਹੋਇਆ ਅਤੇ ਕਾਂਗਰਸ ਵਲੋਂ ਇਹਨਾਂ ਚੋਣਾਂ ਵਿਚ ਅਕਾਲੀ ਦਲ ਨੂੰ ਸਖ਼ਤ ਟੱਕਰ ਦਿੱਤੀ ਗਈ ਸੀ।

ਸਾਡੇ ਮੀਡੀਆ ਨੇ ਨਿਰੋਲ ਮਨ-ਪਰਚਾਵੇ ਲਈ ਅਰੂਸਾ-ਅਮਰਿੰਦਰ ਦੇ ਸੰਬੰਧਾਂ ਉੱਪਰ ਕਾਗਜ਼ ਕਾਲੇ ਕੀਤੇ ਹੋਣ, ਇਹ ਗੱਲ ਵੀ ਗਲੇ ਨਹੀਂ ਉਤਰਦੀ। ਕੁਝ ਪੱਤਰਕਾਰਾਂ ਨੇ ਇਹ ਰਾਇ ਵੀ ਪ੍ਰਗਟ ਕੀਤੀ ਸੀ ਕਿ ਅਰੂਸਾ ਆਲਮ ਦੀ ਖ਼ੂਬਸੂਰਤੀ ਹੀ ਸਾਰੇ ਮਸਲੇ ਦੀ ਜੜ੍ਹ ਬਣੀ। ਜੇ ਉਹ ਇੰਨੀ ਜ਼ਿਆਦਾ ਖ਼ੂਬਸੂਰਤ ਨਾ ਹੁੰਦੀ ਤਾਂ ਇਹ ਮੁੱਦਾ ਵੀ ਇੰਨਾ ਜ਼ਿਆਦਾ ਨਹੀਂ ਸੀ ਉਛਲਣਾ। ਪਰ ਇਹ ਸਾਰੀਆਂ ਗੱਲਾਂ ਉਸ ਅਸਲੀ ਗੱਲ ਉਪਰ ਰੇਤਾ ਪਾਉਣ ਦੀ ਕੋਸ਼ਿਸ਼ ਲੱਗ ਰਹੀਆਂ ਹਨ, ਜਿਸ ਕਰਕੇ ਇਸ ਮੁੱਦੇ ਨੂੰ ਪੰਜਾਬ ਅੰਦਰ ਇੱਕ ਵੱਡਾ ਸਿਆਸੀ ਮੁੱਦਾ ਬਣਾਉਣ ਦੀ ਅਸਫ਼ਲ ਕੋਸ਼ਿਸ਼ ਕੀਤੀ ਗਈ।

ਇਸ ਮਾਮਲੇ ਦੀ ਗੁੰਝਲ ਨੂੰ ਖੋਹਲਣ ਲਈ ਪੰਜਾਬ ਵਿਚ ਮੁੱਖ-ਮੰਤਰੀ ਸ.ਪ੍ਰਕਾਸ਼ ਸਿੰਘ ਬਾਦਲ ਦੁਆਰਾ ਸੱਤਾ ਵਿਚ ਆਉਣ ਤੋਂ ਲੈ ਕੇ ਹੁਣ ਤੱਕ ਕੀਤੀਆਂ ਸਿਆਸੀ ਰੈਲੀਆਂ ਨੂੰ ਚੇਤੇ ਕਰਨਾ ਪਵੇਗਾ। ਪਿਛਲੇ ਦਸਾਂ ਮਹੀਨਿਆਂ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ ਵੱਖ ਵੱਖ ਕੋਨਿਆਂ ਵਿਚ ਜਿੰਨੇ ਵੀ ਸਿਆਸੀ ਇਕੱਠਾਂ ਨੂੰ ਸੰਬੋਧਨ ਕੀਤਾ ਹੈ, ਉਹਨਾਂ ਵਿਚ ਬਾਦਲ ਸਾਹਿਬ ਨੇ ਆਪਣਾ ਮੁੱਖ ਸਿਆਸੀ ਵਿਰੋਧੀ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਸਵੀਕਾਰ ਕੀਤਾ ਹੈ। ਇਹ ਚਾਹੇ ਮਾਲਵੇ ਵਿਚ ਦੁਬਾਰਾ ਤੋਂ ਅਕਾਲੀ ਦਲ ਦੀਆਂ ਜੜ੍ਹਾਂ ਲਗਾਉਣ ਲਈ ਕੀਤੇ ਜਾ ਰਹੇ ਸਿਆਸੀ ਇਕੱਠ ਹੋਣ ਜਾਂ ਫਿਰ ਦੁਆਬੇ ਵਿਚ ਭਾਜਪਾ ਦੇ ਵਧੇ ਜਨਤਕ ਅਧਾਰ ਨੂੰ ਠੱਲ੍ਹ ਪਾਉਣ ਲਈ ਕੀਤੀਆਂ ਜਾ ਰਹੀਆਂ ਸਿਆਸੀ ਸਰਗਰਮੀਆਂ ਹੋਣ। ਸ.ਬਾਦਲ ਪੰਜਾਬ ਵਿਚ ਆਪਣੇ ਲਈ ਸਭ ਤੋਂ ਵੱਡਾ ਖ਼ਤਰਾ ਅਜੇ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਮੰਨਦੇ ਹਨ।

ਇਹ ਗੱਲ ਉਹਨਾਂ ਨੇ ਹਾਲ ਹੀ ਵਿਚ ਸਮਾਪਤ ਹੋਏ ਵਿਧਾਨ ਸਭਾ ਦੇ ਸਰਦ-ਰੁੱਤ ਸ਼ੈਸ਼ਨ ਦੌਰਾਨ ਵੀ ਸਪਸ਼ਟ ਕਰ ਦਿੱਤੀ ਸੀ ਜਦੋਂ ਉਹਨਾਂ ਨੇ ਟਿੱਪਣੀ ਕਰਦੇ ਹੋਏ ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਨੂੰ ਕਿਹਾ ਸੀ ਕਿ ਬੀਬੀ ਤੇਰੀ ਸਮੱਸਿਆ ਦਾ ਹੱਲ ਅਸੀਂ ਕਰ ਦਿੱਤਾ ਹੈ। ਹੁਣ ਅਮਰਿੰਦਰ ਸਿੰਘ ਇਥੇ(ਵਿਧਾਨ ਸਭਾ 'ਚ) ਕਦੇ ਨਹੀਂ ਆਵੇਗਾ।

ਇੱਥੇ ਜ਼ਿਕਰਯੋਗ ਹੈ ਕਿ ਬਤੌਰ ਲੀਡਰ ਅਮਰਿੰਦਰ ਸਿੰਘ ਦਾ ਪੰਜਾਬ ਵਿਚ ਵੱਡਾ ਹੋ ਰਿਹਾ ਕੱਦ ਕਾਂਗਰਸ ਹਾਈਕਮਾਂਡ ਨੂੰ ਵੀ ਚੁਭਣ ਲੱਗਿਆ ਸੀ। ਕਿਉਂਕਿ ਇਸ ਪਾਰਟੀ ਦੀ ਰਵਾਇਤ ਰਹੀ ਹੈ ਕਿ ਜੋ ਲੀਡਰ ਪਾਰਟੀ ਨਾਲੋਂ ਵੀ ਵੱਡਾ ਹੋ ਜਾਂਦਾ ਹੈ, ਕਾਂਗਰਸ ਉਸ ਉਪਰੋਂ ਆਪਣਾ ਹੱਥ ਖਿੱਚ ਲੈਂਦੀ ਹੈ। ਕੈਪਟਨ ਅਮਰਿੰਦਰ ਸਿੰਘ ਨਾਲ



ਵੀ ਇਹੋ ਕੁਝ ਵਾਪਰਿਆ। ਅਸੰਬਲੀ ਚੋਣਾਂ ਵਿਚ ਕਾਂਗਰਸ ਨੂੰ ਅਕਾਲੀ ਦਲ ਦੇ ਬਰਾਬਰ ਭਿੜਣ ਜੋਗੀ ਕਰਨ ਵਾਲੇ ਲੀਡਰ ਤੋਂ ਕਾਂਗਰਸ ਹਾਈ ਕਮਾਂਡ ਨੇ ਪਾਸਾ ਵੱਟ ਲਿਆ ਅਤੇ ਸੂਬੇ ਅੰਦਰ ਪਾਰਟੀ ਦੀ ਵਾਗਡੋਰ ਬੀਬੀ ਭੱਠਲ ਦੇ ਹੱਥ ਫੜਾ ਦਿੱਤੀ। ਬੀਬੀ ਭੱਠਲ ਹੁਣ ਇਸ ਪਾਰਟੀ ਨੂੰ ਮੈਨੇਜਰ ਜਿੰਨੀ ਕੁ ਸਮਰੱਥਾ ਅਤੇ ਤਾਕਤ ਨਾਲ ਚਲਾ ਰਹੀ ਹੈ।

ਦੂਜੇ ਪਾਸੇ ਪੰਜਾਬ ਦੇ ਪਿੰਡਾਂ ਅੰਦਰ ਲੋਕ ਅਜੇ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਇੱਕ ਧੜੱਲੇਦਾਰ ਲੀਡਰ ਮੰਨਦੇ ਹਨ। ਆਮ ਲੋਕਾਂ ਵਿਚ ਅਮਰਿੰਦਰ ਸਿੰਘ ਦੀ 'ਨਾਇਕ ਵਾਲੀ ਦਿੱਖ' ਨੂੰ ਤੋੜਣ ਵਿਚ ਅਕਾਲੀ ਦਲ ਅਜੇ ਤੀਕ ਕਾਮਯਾਬ ਨਹੀਂ ਹੋਇਆ। ਦਿਲਚਸਪ ਗੱਲ ਤਾਂ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ ਤੌਰ ਤੇ ਹਾਸ਼ੀਏ ਉਪਰ ਚਲੇ ਜਾਣਾ ਵੀ ਆਮ ਲੋਕਾਂ ਅੰਦਰ ਉਹਦੇ ਲਈ ਹਮਦਰਦੀ ਪੈਦਾ ਕਰ ਗਿਆ ਹੈ। ਉਹ ਕੈਪਟਨ ਅਮਰਿੰਦਰ ਸਿੰਘ ਨੂੰ ਮੌਜੂਦਾ ਸਿਆਸੀ ਹਾਲਤ ਵਿਚ ਇੱਕ 'ਬਨਵਾਸੀ ਨਾਇਕ' ਵਜੋਂ ਵੇਖ ਰਹੇ ਹਨ। ਇਹੋ ਗੱਲ ਸੱਤਾਧਾਰੀ ਪਾਰਟੀ ਲਈ ਪ੍ਰੇਸ਼ਾਨੀ ਦਾ ਸਬੱਬ ਬਣੀ ਹੋਈ ਹੈ ਅਤੇ ਇੱਥੋਂ ਹੀ ਅਰੂਸਾ-ਅਮਰਿੰਦਰ ਦੇ ਸੰਬੰਧਾਂ ਨੂੰ ਲੈ ਕੇ ਹੋਏ ਢੋਲ-ਢਮੱਕੇ ਦੀਆਂ ਅਸਲੀ ਪਰਤਾਂ ਖੁੱਲਦੀਆਂ ਹਨ।

ਦਰਅਸਲ ਸੱਤਾਧਾਰੀ ਪਾਰਟੀ ਪੰਜਾਬ ਦੇ ਲੋਕਾਂ ਵਿਚ ਅਮਰਿੰਦਰ ਸਿੰਘ ਦੀ ਇਮੇਜ ਨੂੰ ਤੋੜਣ ਲਈ ਹੋਰ ਸਭ ਹੀਲੇ ਕਰਕੇ ਹੰਭ ਚੁੱਕੀ ਸੀ। ਇਸ ਲਈ ਪਰਾਈ ਔਰਤ ਨਾਲ ਸੰਬੰਧਾਂ ਨੂੰ ਲੈ ਕੇ ਪੰਜਾਬੀ ਸਮਾਜ ਦੇ ਨਜ਼ਰੀਏ ਨੂੰ ਇੱਥੇ ਰਾਜਨੀਤਿਕ ਹਥਿਆਰ ਵਾਂਗ ਇਸਤੇਮਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪੜ੍ਹਿਆਂ-ਲਿਖਿਆਂ ਦੀ ਭਾਸ਼ਾ ਵਿਚ ਇਸ ਨੂੰ ਕਿਰਦਾਰ-ਕੁਸ਼ੀ ਕਿਹਾ ਜਾਂਦਾ ਹੈ। ਅਰੂਸਾ-ਅਮਰਿੰਦਰ ਦੇ ਸੰਬੰਧਾਂ ਨੂੰ ਲੈ ਕੇ ਮੀਡੀਏ ਰਾਂਹੀ ਜਾਣ-ਬੁੱਝ ਕੇ ਇੰਨਾ ਰੌਲਾ ਪਵਾਇਆ ਗਿਆ ਹੈ ਤਾਂ ਕਿ ਪੰਜਾਬ ਦੇ ਲੋਕਾਂ ਦੇ ਮਨ ਵਿਚ ਇਹ ਗੱਲ ਪੂਰੀ ਤਰ੍ਹਾਂ ਘਰ ਕਰ ਜਾਵੇ ਕਿ ਅਮਰਿੰਦਰ ਸਿੰਘ ਕੋਈ ਨਾਇਕ ਨਹੀਂ ਸਗੋਂ ਇੱਕ ਤੀਵੀਂਬਾਜ਼ ਆਦਮੀ ਹੈ। ਕੈਪਟਨ ਨੂੰ 'ਤੀਵੀਂਬਾਜ਼' ਕਹਿ ਕੇ ਉਸ ਦੇ ਨਾਇਕ ਵਾਲੇ ਕਿਰਦਾਰ ਨੂੰ ਤੋੜਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਇਸ ਸਾਰੀ ਖੇਡ ਵਿਚ ਮੀਡੀਆ ਖੁ਼ਦ ਹੀ ਨੰਗਾ ਹੋ ਗਿਆ ਹੈ। ਉਚੇਚੇ ਤੌਰ ਤੇ ਆਪਣੇ ਅਤੇ ਅਮਰਿੰਦਰ ਸਿੰਘ ਵਿਚਲੇ ਸੰਬੰਧਾਂ ਦਾ ਖੁਲਾਸਾ ਕਰਨ ਆਈ ਅਰੂਸਾ ਆਲਮ ਨੇ ਜਦੋਂ ਮੀਡੀਏ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਪੁੱਛਿਆ ਕਿ "ਸੱਤ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ" ਤਾਂ ਮੀਡੀਆ ਕੋਲ ਕੋਈ ਜਵਾਬ ਨਹੀਂ ਸੀ।

ਅਰੂਸਾ-ਅਮਰਿੰਦਰ ਸੰਬੰਧਾਂ ਦੇ ਚਿੱਕੜ ਨੂੰ ਅਸਲੀਅਤ ਦਾ ਰੰਗ ਦੇਣ ਲਈ ਲੁਧਿਆਣਾ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨੂੰ ਵੀ ਇਸ ਖੇਡ ਵਿਚ ਸ਼ਾਮਿਲ ਕੀਤਾ ਗਿਆ, ਜਿਸ ਨੇ ਨਾ ਸਿਰਫ ਅਰੂਸਾ ਆਲਮ ਦਾ ਸਮਾਜਿਕ ਬਾਈਕਾਟ ਕਰਨ ਲਈ ਫ਼ਤਵਾ ਜਾਰੀ ਕੀਤਾ, ਸਗੋਂ ਉਸ ਦੇ ਪਰਿਵਾਰਕ ਪਿਛੋਕੜ ਉਪਰ ਵੀ ਚਿੱਕੜ ਉਛਾਲਿਆ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦੇ ਲੋਕੀਂ ਸਮੇਤ ਮੀਡੀਆ ਦੇ ਅਰੂਸਾ ਆਲਮ ਦਾ ਬਾਈਕਾਟ ਕਰਨਾ ਤਾਂ ਦੂਰ, ਉਸ ਦੀ ਇਕ ਝਲਕ ਵੇਖਣ ਲਈ ਧੱਕਾ ਮੁੱਕੀ ਹੋ ਰਹੇ ਸਨ। ਜਿਸ ਦਿਨ ਅਰੂਸਾ ਆਲਮ ਦੀ ਚੰਡੀਗੜ੍ਹ ਵਿਚ ਪ੍ਰੈਸ-ਕਾਨਫਰੰਸ ਸੀ, ਉਸ ਦਿਨ ਸ਼ਹਿਰ ਦੇ ਰਿਟਾਇਰਡ ਪੱਤਰਕਾਰ ਵੀ ਅਰੂਸਾ ਨੂੰ ਵੇਖਣ ਤੇ ਸੁਣਨ ਲਈ ਪ੍ਰੈਸ ਕਲੱਬ ਪੁੱਜੇ ਹੋਏ ਸਨ।

ਅਰੂਸਾ ਦੇ ਮੁੱਦੇ ਉਪਰ ਕੈਪਟਨ 'ਤੇ ਚਿੱਕੜ ਸੁੱਟਣ ਵਿਚ ਜੁਟੇ ਅਕਾਲੀਆਂ ਨੇ ਉਲਟਾ ਆਪਣੇ ਮੂੰਹ-ਸਿਰ ਕਾਲੇ ਕਰਵਾ ਲਏ। ਦੋ ਕੁ ਦਿਨ ਪਹਿਲਾਂ ਮੁੱਖ ਮੰਤਰੀ ਸਾਹਿਬ ਵੀ ਇਹ ਕਹਿੰਦੇ ਸੁਣੇ ਗਏ ਕਿ ਉਹਨਾਂ ਨੇ ਅਰੂਸਾ ਦੇ ਮੁੱਦੇ ਉਪਰ ਕੋਈ ਟਿੱਪਣੀ ਨਹੀਂ ਕਰਨੀ।

ਖੈਰ! ਸਿਆਸੀ ਲੋਕਾਂ ਵਿਚ ਤਾਂ ਇੱਕ -ਦੂਜੇ ਨੂੰ ਡੇਗਣ ਜਾਂ ਪਛਾੜਣ ਲਈ ਤਰ੍ਹਾਂ-ਤਰ੍ਹਾਂ ਦੇ ਹਥਕੰਡੇ ਇਸਤੇਮਾਲ ਕਰਨਾ ਇਕ ਦਸਤੂਰ ਹੀ ਬਣ ਚੁੱਕਆ ਹੈ। ਪਰ ਇਸ ਮੁੱਦੇ ਨੂੰ ਲੈ ਕੇ ਮੀਡੀਏ ਨੇ ਜਿਸ ਤਰਾਂ ਆਪਣੇ ਮੂੰਹ ਉਪਰ ਚਿੱਕੜ ਮਲਿਆ ਹੈ, ਉਸ ਦੇ ਦਾਗ ਲੰਬੇ ਸਮੇਂ ਤੱਕ ਰਹਿਣਗੇ। ਕੁਝ ਸਵਾਲ ਅਰੂਸਾ ਆਲਮ ਨੇ ਸਿਰਫ ਮੀਡੀਏ ਨੂੰ ਹੀ ਕੀਤੇ, ਜਿਹਨਾਂ ਵਿਚ ਇਕ ਸੀ ਕਿ 'ਤੁਹਾਡੇ ਗੈਰ-ਜ਼ਿੰਮੇਵਾਰੀ ਭਰੇ ਰਵੱਈਏ ਨੇ ਪਾਕਿਸਤਾਨ ਵਿਚ ਮੇਰੇ ਲਈ ਕਈ ਮੁਸ਼ਕਿਲਾਂ ਖੜੀਆਂ ਕਰ ਦਿੱਤੀਆਂ ਹਨ। ਇੱਥੋਂ ਤੱਕ ਕਿ ਮੇਰੀ ਜਾਨ ਨੂੰ ਵੀ ਖ਼ਤਰਾ ਹੈ। ਦੂਜਾ ਸਵਾਲ ਸੀ ਕਿ ਮੈਂ ਤੁਹਾਡੇ ਤੋਂ ਇਹ ਪੁੱਛਦੀ ਹਾਂ ਕਿ ਤੁਸੀਂ ਔਰਤਾਂ ਨਾਲ ਦੋਸਤੀ ਨਹੀਂ ਰੱਖਦੇ ਜਾਂ ਨਿਭਾਉਂਦੇ? ਪੱਤਰਕਾਰਾਂ ਕੋਲ ਢੀਠਾਂ ਵਾਂਗ ਹੱਸ ਕੇ ਅਰੂਸਾ ਦੀਆਂ ਝਿੜਕਾਂ ਖਾਣ ਤੋਂ ਇਲਾਵਾ ਹੋਰ ਕੋਈ ਜਵਾਬ ਨਹੀਂ ਸੀ। ਬਾਅਦ ਵਿਚ ਉਹ ਇਹਨਾਂ ਝਿੜਕਾਂ ਨੂੰ ਵੀ ਇੱਕ ਖੂਬਸੂਰਤ ਔਰਤ ਕੋਲੋਂ ਖਾਧੀਆਂ ਝਿੜਕਾਂ ਕਹਿ ਕੇ ਸੁਆਦ-ਸੁਆਦ ਹੋ ਰਹੇ ਸਨ। ਮੁੱਕਦੀ ਗੱਲ ਇਹ ਹੈ ਕਿ ਸਾਡੇ ਸਿਆਸਤਦਾਨਾਂ ਨੇ 'ਕੌਕਟੇਲ ਸਿਆਸਤ' ਦਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਸਾਡਾ ਮੀਡੀਆ ਕੁਝ ਜ਼ਿਆਦਾ ਹੀ ਮਨੋਰੰਜਕ ਹੋ ਗਿਆ ਹੈ।



ਡਾਇਮੰਡ ਹੇਅਰ ਕਟਿੰਗ ਸਲੂਨ

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



For men, women & Children

Make-up
Hair cut
Perm
Hair styler



Color
Facial, Threading
Bridal Make-up
Body Art (Henna)

TONY
26655 Mission Blvd.
Hayward, CA 94544

Wednesday thru Monday 10 am to 7pm,
Sunday 11 am to 6.00 pm Tuesday closed

Ph: 510-582-2472 Cell: (510) 825-0820



Immigration, Personal Injury, Business & Criminal Defense Attorneys

(Speaks Punjabi)
Dr. Olumide K. Obayemi,
(S.J.D. in International Law; LL.M. (Alberta Canada); LL.M. in Taxation Law, LL.B. (Hons), B.L.)



The Law Offices of Olumide K. Obayemi
337 Caliente Circle San Leandro, CA 94578-4144
Tel/Fax: (510) 352-3000 Cell: (510) 798-8732
E-mail: obayemilaw@yahoo.com



PANNU'S LEGAL SERVICES

G. S. Pannu (Immigration Consultant-LDA)
4127 Bay Street, #7, FREMONT, CA 94538

IMMIGRATION
..................... & related matters
DIVORCE
.................... & related matters
STUDENT VISA
......................... from INDIA & from B1, B2 to F1



Education Required: IELTS, 10+2, and above
"NO ADDMISSION NO FEE"
INDIAN PASSPORT, VISA, DMV, & TRAFFIC TICKET SERVICES also available. FAX: 408-715-1811

Tel: 510-677-5200
pannugurwant@yahoo.com
WE WORK IN ALL N. CALIFORNIA



Cafe Of India Indian Cuisine

1605 B Douglas Blvd. Roseville CA 95661
Ph. 916-791-7500 Fax: 916-791-7510

Lunch Buffet
More than 20 Items
$7.95
11.30 am to 3.00pm

Dinner
5.00 pm to 10.00pm
7 days a week

Special Dinner Buffet
Sunday and Thursday
$12.95

Call Harjinder Gill for your next party
ਖੁਸ਼ੀ ਦੇ ਹਰ ਮੌਕੇ ਲਈ ਸਪੈਸ਼ਲ ਕੈਟਰਿੰਗ
15 ਸਾਲ ਦਾ ਤਜਰਬਾ



# ਅਮਿਤਾਭ ਬਚਨ ਨੇ ਦਰਬਾਰ ਸਾਹਿਬ ਮੱਥਾ ਟੇਕਿਆ

**ਅੰਮ੍ਰਿਤਸਰ :** ਫ਼ਿਲਮ ਜਗਤ ਦੇ ਉੱਘੇ ਅਦਾਕਾਰ ਅਮਿਤਾਬ ਬਚਨ ਲੰਘੀ 28 ਦਸੰਬਰ ਨੂੰ ਆਪਣੇ ਪਰਿਵਾਰ ਨਾਲ ਇਥੇ ਪੁੱਜੇ ਅਤੇ ਸ਼ਨੀਵਾਰ 29 ਦਸੰਬਰ ਨੂੰ ਪਰਿਵਾਰ ਤੇ ਹੋਰਨਾਂ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਗਏ। ਸ੍ਰੀ ਬਚਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਅ ਜਿਨ੍ਹਾਂ ਵਿਚ ਉਨ੍ਹਾਂ ਦੀ ਪਤਨੀ ਸ੍ਰੀਮਤੀ ਜਯਾ ਬਚਨ, ਬੇਟਾ ਅਭਿਸ਼ੇਕ ਬਚਨ, ਨੂੰਹ ਐਸ਼ਵਰਿਆ ਰਾਏ, ਬੇਟੀ ਸ਼ਵੇਤਾ ਨੰਦਾ ਅਤੇ ਉਸ ਦੇ ਬੱਚੇ, ਭਰਾ ਅਜਿਤਾਬ ਬਚਨ ਤੇ ਉਨ੍ਹਾਂ ਦਾ ਪਰਿਵਾਰ, ਸਮਾਜਵਾਦੀ ਪਾਰਟੀ ਦੇ ਆਗੂ ਸ੍ਰੀ ਅਮਰ ਸਿੰਘ, ਸ੍ਰੀ ਅਨਿਲ ਅੰਬਾਨੀ ਸਮੇਤ ਕਰੀਬ 40 ਵਿਅਕਤੀ ਸ਼ਾਮਿਲ ਸਨ। ਇਹ ਸਾਰੇ 28 ਦਸੰਬਰ ਦੀ ਸ਼ਾਮ ਨੂੰ ਇਕ ਚਾਰਟਡ ਹਵਾਈ ਜਹਾਜ਼ ਰਾਹੀਂ ਇਥੇ ਰਾਜਾਸਾਂਸੀ ਹਵਾਈ ਅੱਡੇ ਪੁੱਜੇ ਅਤੇ ਇਥੋਂ ਸਥਾਨਕ ਇਕ ਹੋਟਲ ਵਿਚ ਚਲੇ ਗਏ। ਸ੍ਰੀ ਬਚਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਅ ਵਾਰਾਨਸੀ ਵਿਖੇ ਮਾਤਾ ਸ੍ਰੀਮਤੀ ਤੇਜੀ ਬਚਨ ਦੀਆਂ ਅਸਥੀਆਂ ਦਾ ਕੁਝ ਹਿੱਸਾ ਪ੍ਰਵਾਹ ਕਰਕੇ ਆਏ ਹਨ ਅਤੇ ਕੁਝ ਹਿੱਸਾ ਇਥੇ ਪੰਜਾਬ ਵਿਖੇ ਕੀਰਤਪੁਰ ਸਾਹਿਬ ਵਿਖੇ ਪ੍ਰਵਾਹ ਕੀਤਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਉਹ ਡੇਰਾ ਬਿਆਸ ਵੀ ਜਾਣਗੇ।



**ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਅਜਿਤਾਬ ਬਚਨ ਅਤੇ ਅਮਰ ਸਿੰਘ**

ਦੱਸਣਯੋਗ ਹੈ ਕਿ ਸ੍ਰੀ ਬਚਨ ਦੀ ਮਾਤਾ ਸ੍ਰੀਮਤੀ ਤੇਜੀ ਬਚਨ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਇਕ ਸਿੱਖ ਪਰਿਵਾਰ ਨਾਲ ਸਬੰਧਿਤ ਸਨ। ਇਸੇ ਕਾਰਨ ਹੀ ਬਚਨ ਪਰਿਵਾਰ ਇਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਆਇਆ ਤਾਂ ਜੋ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਇਥੇ ਅਰਦਾਸ ਕੀਤੀ ਜਾ ਸਕੇ। ਇਹ ਸਾਰੇ ਪਰਿਵਾਰ ਦੇ ਜੀਅ ਨੰਗੇ ਪੈਰੀਂ ਇਥੇ ਪੁੱਜੇ ਅਤੇ ਅਗਲੇ ਦਿਨ ਸਵੇਰੇ ਕਰੀਬ 6 ਵਜੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਉਪਰੰਤ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵਲੋਂ ਉਨ੍ਹਾਂ ਨੂੰ ਜੀ ਆਇਆਂ ਕਹਿੰਦਿਆਂ ਸਨਮਾਨ ਦਿੱਤਾ ਗਿਆ।

ਇਸ ਦੌਰਾਨ ਕੁਝ ਸਿੱਖ ਜਥੇਬੰਦੀਆਂ ਨੇ ਸੁਆਲ ਉਠਾਇਆ ਕਿ ਦਿੱਲੀ ਦੰਗਿਆਂ ਵਿਚ ਸਿੱਖ ਵਿਰੋਧੀ ਭੂਮਿਕਾ ਨਿਭਾਉਣ ਵਾਲੇ ਅਮਿਤਾਭ ਬਚਨ ਨੂੰ ਦਰਬਾਰ ਸਾਹਿਬ ਵਿਖੇ ਸਿਰੋਪਾ ਦੇਣਾ ਕਿਵੇਂ ਵੀ ਜਾਇਜ਼ ਨਹੀਂ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਅਮਿਤਾਭ ਆਪਣਾ ਪੱਖ ਸਪਸ਼ਟ ਕਰੇ।

# ਮੁਹਾਲੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਅਕਤੂਬਰ ਤੋਂ

**ਚੰਡੀਗੜ੍ਹ :** ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਮੁਹਾਲੀ ਅੰਤਰ-ਰਾਸ਼ਟਰੀ ਹਵਾਈ ਅੱਡੇ ਦੀ ਪ੍ਰਵਾਨਗੀ ਦੇ ਮਾਮਲੇ ਵਿਚ ਤੇਜ਼ੀ ਲਿਆਉਣ ਲਈ ਬੀਤੀ 26 ਅਕਤੂਬਰ ਨੂੰ ਕੇਂਦਰੀ ਹਵਾਬਾਜ਼ੀ ਮੰਤਰੀ ਸ੍ਰੀ ਪ੍ਰਫੁੱਲ ਪਟੇਲ ਨੂੰ ਮਿਲੇ ਤਾਂ ਜੋ ਇਸ ਅੱਡੇ ਬਾਰੇ ਰਾਜ ਸਰਕਾਰ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨਾਲ ਇੱਕ ਕਰਾਰਨਾਮੇ 'ਤੇ ਹਸਤਾਖਰ ਕਰ ਸਕੇ। ਇਹ ਕਰਾਰਨਾਮਾ 4 ਜਨਵਰੀ ਨੂੰ ਕੀਤਾ ਜਾਵੇਗਾ ਤੇ ਅਕਤੂਬਰ 2008 ਤੋਂ ਇੱਥੋਂ ਕੌਮਾਂਤਰੀ ਉਡਾਣਾਂ ਸ਼ੁਰੂ ਹੋ ਜਾਣਗੀਆਂ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਹਰਚਰਨ ਬੈਂਸ ਨੇ ਦੱਸਿਆ ਕਿ ਸ. ਬਾਦਲ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਦੋ ਸਿਵਲ ਹਵਾਈ ਅੱਡਿਆਂ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਵਾਉਣ ਲਈ ਇਹ ਮਾਮਲਾ ਰੱਖਿਆ ਮੰਤਰਾਲੇ ਕੋਲ ਉਠਾਉਣ ਲਈ ਵੀ ਕਿਹਾ। ਮੁਹਾਲੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਇਲਾਵਾ ਹੋਰ ਦੋ ਹਵਾਈ ਅੱਡਿਆਂ ਵਿਚ ਸਾਹਨੇਵਾਲ (ਲੁਧਿਆਣਾ) ਅਤੇ ਭੀਸੀਆਣਾ (ਬਠਿੰਡਾ) ਸ਼ਾਮਲ ਹਨ। ਸ. ਬਾਦਲ ਨੇ ਕਿਹਾ ਕਿ ਮੁਹਾਲੀ ਅਤੇ ਸਾਹਨੇਵਾਲ ਹਵਾਈ ਅੱਡਿਆਂ ਦਾ ਪੱਧਰ ਉੱਚਾ ਚੁੱਕਣ ਅਤੇ ਇਨ੍ਹਾਂ ਦੇ ਹੋਰ ਵਿਸਥਾਰ ਨਾਲ ਰਾਜ ਵਿਚ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ ਨੂੰ ਹੋਰ ਹੁਲਾਰਾ ਮਿਲੇਗਾ।

ਸ. ਬਾਦਲ ਨੇ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਦੱਸਿਆ ਕਿ ਲੁਧਿਆਣਾ ਪੰਜਾਬ ਦੀ ਸਨਅਤ ਦਾ ਧੁਰਾ ਹੋਣ ਕਾਰਨ ਇਥੋਂ ਦੁਨੀਆਂ ਭਰ ਦੇ ਦੇਸ਼ਾਂ ਨਾਲ ਵਪਾਰ ਕਰਨ ਲਈ ਘਰੇਲੂ ਅਤੇ ਛੋਟੇ ਵਪਾਰਕ ਹਵਾਈ ਜਹਾਜ਼ਾਂ ਦੇ ਉਤਰਨ ਲਈ ਹਵਾਈ ਅੱਡੇ ਦੀ ਜ਼ਰੂਰਤ ਹੈ। ਤਲਵੰਡੀ ਸਾਬੋ (ਬਠਿੰਡਾ) ਅਤੇ ਪਟਿਆਲਾ ਵਿਖੇ ਫਲਾਇੰਗ ਕਲੱਬ ਟ੍ਰੇਨਿੰਗ ਸੰਸਥਾ ਸਥਾਪਤ ਕਰਨ ਸਬੰਧੀ ਮੁੱਖ ਮੰਤਰੀ ਨੇ ਸ੍ਰੀ ਪਟੇਲ ਨੂੰ ਬੇਨਤੀ ਕੀਤੀ ਹੈ।

# ਹਵਾਰਾ ਦਾ ਸਾਥੀ ਭਾਊ ਅਣਪਛਾਤੇ ਲੋਕਾਂ ਵਲੋਂ ਗ੍ਰਿਫ਼ਤਾਰ

**ਪਟਿਆਲਾ :** ਬੇਅੰਤ ਸਿੰਘ ਕਤਲ ਕਾਂਡ ਦੇ ਕਥਿਤ ਮੁਲਜ਼ਮ ਜਗਤਾਰ ਸਿੰਘ ਹਵਾਰਾ ਦੇ ਸਾਬਕਾ ਸਾਥੀ ਬਲਜੀਤ ਸਿੰਘ ਭਾਊ ਨੂੰ ਬੀਤੀ 31 ਦਸੰਬਰ ਨੂੰ ਇਥੋਂ ਕਥਿਤ ਰੂਪ ਵਿਚ ਪੁਲਿਸ ਵਲੋਂ ਚੁੱਕ ਲੈਣ ਦੇ ਮਾਮਲੇ ਨੂੰ ਲੈ ਕੇ ਖਬਰਾਂ ਚਰਚਾ ਵਿਚ ਰਹੀਆਂ। ਭਾਊ ਨੂੰ ਇਸ ਦੇ ਇਕ ਕਰੀਬੀ ਮਿੱਤਰ ਨੇ ਆਪਣੇ ਸਾਹਮਣੇ ਚੁੱਕੇ ਜਾਣ ਦਾ ਦਾਅਵਾ ਕੀਤਾ ਪਰ ਮੋਬਾਈਲ ਫੋਨ 'ਤੇ ਗੱਲ ਕਰਦਿਆਂ ਭਾਊ ਨੇ ਆਪ ਇਸ ਗੱਲੋਂ ਇਨਕਾਰ ਕੀਤਾ।

ਵੇਰਵਿਆਂ ਅਨੁਸਾਰ ਬੀਤੀ 31 ਦਸੰਬਰ ਦੀ ਦੁਪਹਿਰ ਤੱਕ ਕੁਝ ਸਮਾਂ ਬਲਜੀਤ ਸਿੰਘ ਇਥੇ ਫੁਹਾਰਾ ਚੌਕ ਨੇੜੇ ਆਪਣੇ ਮਿੱਤਰਾਂ ਨਾਲ ਸੀ ਤੇ ਇਥੋਂ ਹੀ ਉਸ ਨੇ ਬਾਅਦ ਦੁਪਹਿਰ 2.45 ਵਜੇ ਆਪਣੇ ਇਕ ਮਿੱਤਰ ਨੂੰ ਮੋਬਾਈਲ ਫੋਨ ਕੀਤਾ ਤੇ ਉਸ ਕੋਲ ਦਸਾਂ ਮਿੰਟਾਂ ਵਿਚ ਉਸ ਦੇ ਘਰ ਪਹੁੰਚਣ ਦੀ ਗੱਲ ਆਖੀ।

ਉਸ ਦੇ ਉਕਤ ਮਿੱਤਰ ਅਨੁਸਾਰ ਆਪਣੀ ਜੈੱਨ ਕਾਰ ਰਾਹੀਂ ਜਦੋਂ ਉਹ ਮਾਡਲ ਟਾਊਨ ਇਲਾਕੇ ਵਿਚ ਸਥਿਤ ਆਪਣੇ ਇਸ ਮਿੱਤਰ ਦੇ ਘਰ ਦੇ ਨਜ਼ਦੀਕ ਪੁੱਜਾ ਤਾਂ ਪਿੱਛੋਂ ਹੀ ਉਸ ਦੀ ਕਾਰ ਦਾ ਪਿੱਛਾ ਕਰ ਰਹੀਆਂ ਦੋ ਸਕਾਰਪੀਓ ਗੱਡੀਆਂ ਨੇ ਉਸ ਨੂੰ ਅੱਗੇ ਪਿੱਛੇ ਹੋ ਕੇ ਘੇਰਾ ਪਾ ਲਿਆ। ਉਸ ਦੇ ਇਸ ਮਿੱਤਰ ਨੇ ਅੱਖੀਂ ਵੇਖਿਆ ਕਿ ਜਿਉਂ ਹੀ ਕਾਰ ਰੁਕੀ ਤਾਂ ਇਕ ਦਰਜਨ ਤੋਂ ਵੀ ਵੱਧ ਵਿਅਕਤੀਆਂ ਨੇ ਉਸ ਨੂੰ ਆਪਣੇ ਘੇਰੇ ਵਿਚ ਲੈ ਲਿਆ ਤੇ ਪਲਾਂ-ਛਿਣਾਂ ਵਿਚ ਹੀ ਉਨ੍ਹਾਂ ਨੇ ਭਾਊ ਨੂੰ ਆਪਣੀ ਗੱਡੀ ਵਿਚ ਸੁੱਟ ਲਿਆ।

ਕਾਲੇ ਅਤੇ ਮੋਤੀਆ ਰੰਗ ਦੀਆਂ ਇਨ੍ਹਾਂ ਗੱਡੀਆਂ ਵਿਚ 15 ਦੇ ਕਰੀਬ ਬੰਦੇ ਸਵਾਰ ਸਨ ਤੇ ਸਿਵਲ ਕੱਪੜਿਆਂ ਵਾਲੇ ਇਨ੍ਹਾਂ ਬੰਦਿਆਂ ਵਿਚ ਕੁਝ ਕੋਲ ਹਥਿਆਰ ਵੀ ਸਨ ਤੇ ਉਨ੍ਹਾਂ ਵਿਚੋਂ ਬਹੁਤੇ ਸਿਰੋਂ ਮੋਨੇ ਸਨ। ਭਾਊ ਨਾਲ ਜਦੋਂ ਮੋਬਾਈਲ ਫੋਨ 'ਤੇ ਗੱਲ ਕੀਤੀ ਤਾਂ ਉਸ ਨੇ ਅਜਿਹੀ ਕਿਸੇ ਕਾਰਵਾਈ ਤੋਂ ਇਨਕਾਰ ਕਰ ਦਿੱਤਾ।

ਉਂਝ ਉਸ ਦੀਆਂ ਗੱਲਾਂ ਬਾਤਾਂ ਤੋਂ ਉਹ ਪੁਲੀਸ ਹਿਰਾਸਤ ਵਿਚ ਹੀ ਲੱਗਦਾ ਸੀ। ਕਦੇ ਉਹ ਆਪਣੇ ਆਪ ਨੂੰ ਸੰਗਰੂਰ, ਕਦੇ ਜੀਂਦ ਅਤੇ ਕਦੇ ਕਿਤੇ ਹੋਰ ਹੋਣ ਦੀਆਂ ਗੱਲਾਂ ਕਰ ਰਿਹਾ ਸੀ ਤੇ ਉਸ ਦਾ ਕਹਿਣਾ ਸੀ ਕਿ ਉਹ ਆਪਣੇ ਕਿਸੇ ਦੋਸਤ ਨਾਲ ਹੈ ਤੇ ਪੰਜਾਬ ਤੋਂ ਬਾਹਰ ਹੈ, ਪ੍ਰੰਤੂ ਜਦੋਂ ਉਸ ਨੂੰ ਦੋਸਤ ਨਾਲ ਗੱਲ ਕਰਵਾਉਣ ਦੀ ਗੱਲ ਆਖੀ ਤਾਂ ਉਹ ਕਰਵਾ ਨਾ ਸਕਿਆ। ਕਿਸੇ ਲੈਂਡ ਲਾਈਨ ਫੋਨ ਤੋਂ ਕਾਲ ਕਰਨ ਦੀ ਗੱਲ ਵੀ ਉਹ ਪੂਰੀ ਨਾ ਕਰ ਸਕਿਆ।ਦੂਜੇ ਪਾਸੇ ਉਸ ਨੂੰ ਚੁੱਕਣ ਵਾਲੀ ਕਾਰਵਾਈ ਨੂੰ ਅੱਖੀਂ ਵੇਖਣ ਦਾ ਦਾਅਵਾ ਕਰਨ ਵਾਲਾ ਉਸੇ ਦਾ ਦੋਸਤ ਉਸ ਦੇ ਕਥਿਤ ਰੂਪ ਵਿਚ ਪੁਲਿਸ ਹਿਰਾਸਤ ਵਿਚ ਹੋਣ ਦਾ ਹੀ ਦਾਅਵਾ ਕਰ ਰਹੇ ਸਨ।ਪਟਿਆਲਾ ਪੁਲਿਸ ਨੇ ਇਸ ਤੋਂ ਇਨਕਾਰ ਕੀਤਾ ਹੈ।


**Business Commercial & Residential Properties**

ਕੀ ਤੁਸੀਂ ਬਿਜਨਸ ਵੇਚਣਾ ਚਾਹੁੰਦੇ ਹੋ ਜਾਂ ਫਿਰ ਇਕ ਹੋਰ ਬਿਜ਼ਨਸ ਖਰੀਦਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ।

**Gas Station**
- Available for sale in Northern California

**Liquor Stores**
- Available for sale in Northern California

**Conveninent Stores**
- Available for sale in Northern California

**Residential Properties**
- Available for sale in Northern California

*For More Information call :*
*Krishma or Jaswant*
*530-902-9571 or 530-701-2633*

**Reliable and Experienced Real Estate Professional**

ਘਰ ਅਤੇ ਹੋਰ ਪਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

ਵਧੀਆ ਡੀਲ ਲੈਣ ਵਾਸਤੇ ਸੰਪਰਕ ਕਰੋ

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Up to Turlock

*Lowest Rate Selling Commissions For Sellers in 2007

ਨਵੇਂ ਲੋਨ ਅਤੇ ਰਿਫਾਈਨੈਂਸ ਦਾ ਵੀ ਪ੍ਰਬੰਧ ਕਰ ਕੇ ਦਿੰਦੇ ਹਨ

Prudential California Realty



Gurbans Singh Gill
Realtor/Notary Public

Email:gurbans.gill@prurealty.com Web:www.prurealty.com/gurbansgill
Phone: (office): 209-830-3070 Fax: 209-830-3010

**SINGH IMMIGRATION & TAX SERVICE**
**SINGH INSURANCE AGENCY**
We Promise good services in :

*IMMIGRATION*
- Family Petition
- Power of Attorney
- Green Card
- Sponsorship
- Citizenship
- K3 Visa
- Divorce Petition
- Affidavit of Support
- Indian Passport

*INSURANCE*
- SR- 22 Filing (DUI)
- Auto
- Home
- Business
- Health
- Life
- Liquor Liabilities
- Ice Cream Truck
- Boat
- Motorcycle

*TAX SERVICE*
- Individual
- Business
- Income



Swaran Singh Gill
*Insurance Broker*
License No. 0C74268

Toll Free: 800-279-0733
Ph:(916) 383-4091
Fax: (916) 383-4093
*8245 FLORIN RD # B-1 SACRAMENTO, CA-95828*

**ਫਾਰਮਰਜ਼ ਇੰਸ਼ੋਰੈਂਸ**

*Auto*Home*Life*Business
*Workers Comp.

Farmers offers more discounts than anybody else. Call me today to insure that your assets are protected.

FARMERS

Ph:209-612-4291
FAX 209-879-0258
bsingh@farmersagent.com,



Bachittar Singh
Insurance Consultant
Farmers Insurance Group
5250 Claremont Ave., # 243
Stockton, CA 95207
CA insurance License # 0F40448

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।

**Punjab Times**
**Established in 2000**

Published every Saturday
by **A B Publication Inc.**
1116 Randville Dr. 106A
Palatine, IL 60074

**Ph:847-359-0746**
**Fax:847-705-9388**

**Director Bus. Relations:**
Pritam S. Grewal
408-406-0703

**Editor:**
Amolak Singh Jammu

**Astt. Editor:**
Jaspreet Kaur

**Graphics:**
Mandeep Singh

**Chicago Bureau:**
Jairam Singh Kahlon
Dr. Harjinder Singh Khaira
Gurmukh Singh Bhullar

**California Bureau:**
Tarlochan Singh Dupalpur
(408) 903-9952
Devinder Singh
(510) 750-5757

**Indianapolis Bureau:**
Varinder Singh Sahi
(317) 430-3434

**Jalandhar Bureau:**
Jasvir Singh Sheeri
181-325-1889

**Chandigarh Office:**
Kuljit Singh
98885-59931

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona,Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 55 ਡਾਲਰ,**
**ਪੰਜ ਸਾਲ ਲਈ: 250 ਡਾਲਰ**
**ਜੀਵਨ ਭਰ: 500 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਨਜ਼ੀਰ ਭੁੱਟੋ ਦੇ ਕਤਲ ਨਾਲ ਵਿਸ਼ਵ ਭਰ ਵਿਚ ਸਕਤਾ

ਕਾਰਨ ਹੀ ਹੋਈ ਹੈ।

ਚੜ੍ਹੇ ਸਾਲ ਦੇ ਪਹਿਲੇ ਦਿਨ ਵੀ ਸਰਕਾਰ ਨੇ ਕਈ ਕੁਝ ਕਿਹਾ ਅਤੇ ਫਿਰ ਇਸ ਤੋਂ ਮੁਕਰੀ।ਪਾਕਿ ਸਰਕਾਰ ਨੇ ਪਹਿਲਾਂ ਜਾਵੇਦ ਚੀਮੇ ਦੇ ਬਿਆਨ ਨੂੰ ਗਲਤ ਕਹਿੰਦਿਆਂ ਮੁਆਫੀ ਮੰਗ ਲਈ ਪਰ ਬਾਅਦ ਵਿਚ ਫਿਰ ਮੁਆਫੀ ਤੋਂ ਮੁਕਰ ਗਈ ਅਤੇ ਆਖ ਦਿੱਤਾ ਕਿ ਸਰਕਾਰ ਨੇ ਤਾਂ ਸਿਰਫ ਚੀਮੇ ਵਲੋਂ ਵਰਤੀ ਸਖ਼ਤ ਸ਼ਬਦਾਵਲੀ ਤੋਂ ਹੀ ਮੁਆਫੀ ਮੰਗੀ ਹੈ। ਉਂਝ ਉਹ ਇਸ ਬਿਆਨ 'ਤੇ ਕਾਇਮ ਹੈ ਕਿ ਬੇਨਜ਼ੀਰ ਭੁੱਟੋ ਦੀ ਮੌਤ ਸਨਰੂਫ ਦਾ ਲੀਵਰ ਲੱਗਣ ਕਾਰਨ ਹੀ ਹੋਈ ਹੈ।

ਇਥੇ ਇਹ ਜ਼ਿਕਰਯੋਗ ਹੈ ਕਿ ਬੇਨਜ਼ੀਰ ਭੁੱਟੋ ਦਾ ਪਰਿਵਾਰ ਉਸ ਦੀ ਲਾਸ਼ ਨੂੰ ਕਬਰ ਵਿਚੋਂ ਬਾਹਰ ਕੱਢ ਕੇ ਪੋਸਟਮਾਰਟਮ ਕਰਵਾਉਣ ਤੋਂ ਮੁਕਰ ਗਿਆ ਹੈ। ਭੁੱਟੋ ਦੇ ਪਤੀ ਸ੍ਰੀ ਆਸਿਫ ਅਲੀ ਜਰਦਾਰੀ ਨੇ ਬੇਨਜ਼ੀਰ ਦੀ ਲਾਸ਼ ਦੀ ਖੱਜਲ-ਖੁਆਰੀ ਅਤੇ ਦੁਬਾਰਾ ਪੋਸਟਮਾਰਟਮ ਕਰਵਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਬੇਨਜ਼ੀਰ ਭੁੱਟੋ ਨੇ ਆਪਣੇ ਇਕ ਦੋਸਤ ਨੂੰ ਕੀਤੀ ਈ-ਮੇਲ ਵਿਚ ਆਪਣੇ ਕਤਲ ਲਈ ਕੁਝ ਵਿਅਕਤੀਆਂ ਨੂੰ ਮੁਸ਼ੱਰਫ ਸਮੇਤ ਅਗਾਊਂ ਜ਼ਿੰਮੇਵਾਰ ਠਹਿਰਾਇਆ ਸੀ। ਉਨ੍ਹਾਂ ਵਿਅਕਤੀਆਂ ਦੇ ਖਿਲਾਫ ਹੀ ਪੜਤਾਲ ਹੋਣੀ ਚਾਹੀਦੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮੁਸ਼ੱਰਫ ਤੋਂ ਇਲਾਵਾ ਬੇਨਜ਼ੀਰ ਭੁੱਟੋ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਪ੍ਰਵੇਜ਼ ਇਲਾਹੀ ਨੂੰ ਵੀ ਆਪਣਾ ਸਿਆਸੀ ਦੁਸ਼ਮਣ ਸਮਝਦੀ ਸੀ ਜਿਹੜਾ ਉਸ ਦੇ ਖਿਲਾਫ ਕੁਝ ਵੀ ਕਰ ਸਕਦਾ ਸੀ। ਬੇਨਜ਼ੀਰ ਦੀ ਆਮਦ ਉੱਪਰ ਕਰਾਚੀ ਵਿਖੇ ਹੋਏ ਧਮਾਕੇ ਸਮੇਂ ਵੀ ਇਹ ਸੰਕੇਤ ਗਏ ਸਨ ਕਿ ਇਸ ਪਿੱਛੇ ਪੰਜਾਬ ਦੇ ਸਿਆਸੀ ਸਰਪ੍ਰਸਤਾਂ ਦਾ ਹੱਥ ਵੀ ਹੋ ਸਕਦਾ ਹੈ।

ਡੈਮੋਕਰੇਟਿਕ ਪਾਰਟੀ ਵਲੋਂ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਸੰਭਾਵਤ ਉਮੀਦਵਾਰ ਸਮਝੀ ਜਾਂਦੀ ਹਲੇਰੀ ਕਲਿੰਟਨ ਨੇ ਬੇਨਜ਼ੀਰ ਦੇ ਕਤਲ ਦੀ ਅੰਤਰਰਾਸ਼ਟਰੀ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਕਤਲ ਪਿਛਲੀਆਂ ਸਾਜ਼ਿਸ਼ਾਂ ਸਾਹਮਣੇ ਆਉਣੀਆਂ ਚਾਹੀਦੀਆਂ ਹਨ। ਭਾਵੇਂ ਕਿ ਬੇਨਜ਼ੀਰ ਦੇ ਕਤਲ ਨੇ ਅਮਰੀਕੀ ਪ੍ਰਸ਼ਾਸਨ ਨੂੰ ਬਹੁਤ ਵੱਡਾ ਝਟਕਾ ਦਿੱਤਾ ਹੈ ਪਰ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਜਾਰਜ ਬੁਸ਼ ਨੇ ਕਤਲ ਤੋਂ ਬਾਅਦ ਕਿਹਾ ਹੈ ਕਿ ਪਾਕਿਸਤਾਨ ਵਿਚ ਜਮਹੂਰੀਅਤ ਵਲ ਤਬਾਦਲੇ ਦਾ ਅਮਲ ਜਾਰੀ ਰਹੇਗਾ ਅਤੇ 8 ਜਨਵਰੀ ਨੂੰ ਹੋਣ ਵਾਲੀਆਂ ਚੋਣਾਂ ਵਿਚ ਦੇਰੀ ਨਹੀਂ ਕੀਤੀ ਜਾਣੀ



ਚਾਹੀਦੀ, ਭਾਵੇਂ ਕਿ ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਹਾਲ ਦੀ ਘੜੀ ਇਨ੍ਹਾਂ ਚੋਣਾਂ ਨੂੰ ਇਕ ਮਹੀਨਾ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਹਾਲ ਦੀ ਘੜੀ ਆਖਰੀ ਨਹੀਂ ਹੈ ਅਤੇ ਸਮਝਿਆ ਇਹ ਜਾ ਰਿਹਾ ਹੈ ਕਿ ਅਮਰੀਕਾ ਵਲੋਂ ਚੋਣਾਂ ਜਲਦੀ ਕਰਵਾਉਣ ਲਈ ਜਿੰਨਾ ਦਬਾਅ ਪਾਕਿਸਤਾਨੀ ਸਰਕਾਰ ਉੱਪਰ ਪੈ ਰਿਹਾ ਹੈ ਇਹ ਚੋਣਾਂ ਉਸ ਤੋਂ ਪਹਿਲਾਂ ਵੀ ਹੋ ਸਕਦੀਆਂ ਹਨ। ਉਂਝ ਇਸ ਰਿਪੋਰਟ ਦੇ ਛੱਪਣ ਤੋਂ ਪਹਿਲਾਂ ਇਸ ਸੰਬੰਧੀ ਅੰਤਿਮ ਫੈਸਲਾ ਲਗਭਗ ਹੋ ਚੁੱਕਾ ਹੋਵੇਗਾ।

ਜਿਥੇ ਇਕ ਪਾਸੇ ਇਹ ਕਿਆਸਅਰਾਈਆਂ ਚਲ ਰਹੀਆਂ ਹਨ ਕਿ ਬੇਨਜ਼ੀਰ ਦਾ ਕਤਲ ਕਿਸ ਨੇ ਕਰਵਾਇਆ ਅਤੇ ਇਸ ਵਿਚ ਕਿਸ ਦਾ ਹੱਥ ਹੋ ਸਕਦਾ ਹੈ? ਉਥੇ ਅਮਰੀਕੀ ਰਾਜਨੀਤਿਕ ਮਾਹਿਰਾਂ ਦੀਆਂ ਵੀ ਆਪਸੀ ਬਹਿਸਾਂ ਜਾਰੀ ਹਨ। ਬਹੁਤੇ ਇਸ ਗੱਲ ਉੱਪਰ ਸਹਿਮਤ ਹਨ ਕਿ ਇਹ ਘਟਨਾ ਅਮਰੀਕਾ ਦੇ ਹਿੱਤਾਂ ਲਈ ਬੇਹੱਦ ਮਾਰੂ ਅਤੇ ਖ਼ਤਰਨਾਕ ਹੈ। ਬੇਨਜ਼ੀਰ ਦੀ ਹੱਤਿਆ ਨੇ ਅਮਰੀਕੀ ਹਿੱਤਾਂ ਨੂੰ ਕਿੰਨਾ ਕੁ ਨੁਕਸਾਨ ਪਹੁੰਚਾਇਆ ਹੈ ਇਸ ਮਸਲੇ ਉੱਤੇ ਅਮਰੀਕਨ ਮਾਹਿਰਾਂ ਦੀ ਰਾਇ ਵੰਡੇ ਹੋਏ ਰੂਪ ਵਿਚ ਸਾਹਮਣੇ ਆਈ ਹੈ। ਇਸ ਗੱਲ ਉੱਪਰ ਆਮ ਸਹਿਮਤੀ ਹੈ ਕਿ ਮੁਸ਼ੱਰਫ ਦੇ ਰੂਪ ਵਿਚ ਬਦਨਾਮ ਹੋ ਚੁੱਕੀ ਪਾਕਿਸਤਾਨੀ ਤਾਨਾਸ਼ਾਹੀ ਤੋਂ ਘੱਟੋ-ਘੱਟ ਨੁਮਾਇੰਦਗੀ ਵਾਲੀ ਸਰਕਾਰ ਵਲ ਅਮਨਪੂਰਵਕ ਤਬਾਦਲਾ ਹੀ ਅਮਰੀਕਾ ਦੇ ਹਿੱਤ ਵਿਚ ਹੈ।

ਅਮਰੀਕੀ ਸਟੇਟ ਵਿਭਾਗ ਦੇ ਇਕ ਅਧਿਕਾਰੀ ਨੇ ਨੋਟ ਕੀਤਾ ਕਿ ਭੁੱਟੋ ਇਸ ਤਬਦੀਲੀ ਦੇ ਕੇਂਦਰ ਵਿਚ ਸੀ। ਪਾਕਿਸਤਾਨ ਦੇ ਮਾਮਲਿਆਂ ਬਾਰੇ ਇਕ ਮਾਹਿਰ ਫ੍ਰੈਡਰਿਕ ਗਰੇਰ ਨੇ ਕਿਹਾ ਕਿ ਜਿਵੇਂ ਮੁਸ਼ੱਰਫ ਨੂੰ ਕੁਝ ਨਾ ਕੁਝ ਵਾਜਬੀਅਤ ਬਖਸ਼ਣ ਲਈ ਬੇਨਜ਼ੀਰ ਭੁੱਟੋ ਵਾਲਾ ਪੱਤਾ ਅਸਫਲ ਸਾਬਤ ਹੋਇਆ ਸੀ ਉਵੇਂ ਅਮਰੀਕਾ ਦੀ ਪਾਕਿਸਤਾਨ ਵਿਚ ਨੀਤੀ ਇਸ ਕਤਲ ਤੋਂ ਬਾਅਦ ਅਸਫਲ ਹੋਣ ਜਾ ਰਹੀ ਹੈ। ਇਸੇ ਤਰ੍ਹਾਂ ਸੈਂਟਰ ਫਾਰ ਸਟ੍ਰੈਟਜਿਕ ਐਂਡ ਇੰਟਰਨੈਸ਼ਨਲ ਸਟੱਡੀ ਦੇ ਟੈਰੇਸਟੀਆ ਸ਼ਾਫਰ ਅਨੁਸਾਰ ਇਸ ਘਟਨਾ ਨੇ ਪਾਕਿਸਤਾਨ ਦੇ ਜ਼ਿਆਦਾ ਨੁਮਾਇੰਦਗੀ ਵਾਲੀ ਸਰਕਾਰ ਵਲ ਤਬਾਦਲੇ ਉੱਪਰ ਫੁਲ ਸਟਾਪ ਲਗਾ ਦਿੱਤਾ ਹੈ।

ਇਸ ਦੇ ਉਲਟ ਕੁਝ ਲੋਕਾਂ ਦਾ ਵਿਸ਼ਵਾਸ ਹੈ ਕਿ ਪਾਕਿਸਤਾਨ ਵਿਚ ਅਮਰੀਕੀ ਨੀਤੀ ਪਹਿਲਾਂ ਵਾਂਗ ਹੀ ਜਾਰੀ ਰਹੇਗੀ। ਭਾਰਤ ਵਿਚ ਅਮਰੀਕੀ ਅੰਬੈਸੀ ਦੇ ਸਾਬਕਾ ਸਲਾਹਕਾਰ ਸ੍ਰੀ ਐਸ਼ਲੇ ਟੈਲਿਸ ਅਨੁਸਾਰ ਅਮਰੀਕਾ ਹਾਲੇ ਵੀ ਪਾਕਿਸਤਾਨ ਵਿਚ ਆਪਣੀ ਨੀਤੀ ਨੂੰ ਜਾਰੀ ਰੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਅੱਤਵਾਦ ਖਿਲਾਫ ਕਬਾਇਲੀ ਇਲਾਕਿਆਂ ਵਿਚ ਪਸਰੀ ਲੜਾਈ ਨੂੰ ਜਾਰੀ ਰੱਖਣ ਲਈ ਪਾਕਿਸਤਾਨ ਵਿਚ ਸਥਾਪਤ ਸਰਕਾਰ ਅਤੇ ਪਾਕਿਸਤਾਨੀ ਫੌਜ ਤੇ ਲੋਕਾਂ ਵਿਚਕਾਰ ਸਮਝੌਤਾ ਜ਼ਰੂਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖਾੜਕੂਵਾਦੀ ਇਸਲਾਮ ਨਾਲ ਨਜਿੱਠਣ ਲਈ ਪਾਕਿਸਤਾਨ ਕਾਫੀ ਮਜ਼ਬੂਤ ਹੈ। ਪਰ ਇਸੇ ਦੌਰਾਨ ਸੀ ਆਈ ਏ ਦੇ ਇਕ ਸਾਬਕਾ ਆਪ੍ਰੇਸ਼ਨ ਚੀਫ ਸ੍ਰੀ ਜਿੰਮ ਪੈਵਿਟ ਨੇ ਕਿਹਾ ਕਿ ਵਿਗੜੀ ਹਾਲਤ ਵਿਚ ਮੁਸ਼ੱਰਫ ਮੁੜ ਤੋਂ ਐਮਰਜੈਂਸੀ ਲਾਉਣ ਵਲ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਚੋਣਾਂ ਇਸ ਤਰ੍ਹਾਂ ਹੋਣੀਆਂ ਚਾਹੀਦੀਆਂ ਹਨ ਕਿ ਇਹ 'ਆਜ਼ਾਦ ਵਿਖਾਈ ਦੇਣ'।

ਉਨ੍ਹਾਂ ਹੋਰ ਕਿਹਾ ਕਿ ਪਾਕਿਸਤਾਨ ਵਿਚ ਅਮਰੀਕਾ ਦੀ ਨੀਤੀ ਸਿਰਫ ਉਸ ਦੇਸ਼ ਦੀ ਫੌਜ ਨਾਲ ਰਿਸ਼ਤਿਆਂ ਵਿਚ ਹੈ। ਉਨ੍ਹਾਂ ਕਿਹਾ ਕਿ ਬਹੁਤਾ ਕੁਝ ਇਸ ਗੱਲ ਉੱਤੇ ਮੁਨੱਸਰ ਕਰੇਗਾ ਕਿ ਵਿਰੋਧੀ ਧਿਰ ਮੁਜ਼ਾਹਿਰਆਂ, ਪ੍ਰਦਰਸ਼ਨਾਂ,ਬਾਈਕਾਟਾਂ 'ਤੇ ਜ਼ੋਰ ਦਿੰਦਾ ਹੈ ਜਾਂ ਚੋਣ ਵਿਚ ਹਿੱਸਾ ਲੈਂਦੀ ਹੈ। ਪਾਕਿਸਤਾਨ ਵਿਚ ਜਮਹੂਰੀ ਸਰਕਾਰ ਵਲ ਤਬਦੀਲੀ ਇਸ ਗੱਲ ਉੱਪਰ ਵੀ ਮੁਨੱਸਰ ਕਰੇਗੀ ਕਿ ਪਾਕਿਸਤਾਨ ਪੀਪਲਜ਼ ਪਾਰਟੀ ਆਪਣੇ ਵੱਡੇ ਆਗੂ ਦੇ ਕਤਲ ਤੋਂ ਬਾਅਦ ਕਿੰਨੀ ਜਲਦੀ ਉਭਰ ਸਕਦੀ ਹੈ। ਉਂਝ ਇਹ ਸਾਫ ਹੈ ਕਿ ਅਮਰੀਕਾ ਨਵਾਜ਼ ਸ਼ਰੀਫ ਜਾਂ ਕਿਸੇ ਹੋਰ ਵਿਰੋਧੀ ਆਗੂ 'ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਹੈ।

# ਵੱਡੇ ਤੇ ਛੋਟੇ ਬਾਦਲ ਦੀ ਸੁਰੱਖਿਆ ਦੀਆਂ ਚਿੰਤਾਵਾਂ ਵਧੀਆਂ

*ਡੀ. ਜੀ. ਪੀ. ਪੰਜਾਬ ਦੇ ਦਫ਼ਤਰ ਵਲੋਂ 28 ਦਸੰਬਰ ਨੂੰ ਰਾਜ ਦੇ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਭੇਜੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਦੀਆਂ ਫ਼ੇਰੀਆਂ ਮੌਕੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਉਹ ਵਿਅਕਤੀ ਉਨ੍ਹਾਂ ਦੇ ਨੇੜੇ ਨਾ ਜਾ ਸਕੇ ਜਿਸ ਦੀ ਪਹਿਲਾਂ ਪੁਲਿਸ ਵਲੋਂ ਜਾਂਚ ਨਾ ਹੋਈ ਹੋਵੇ।*

**ਚੰਡੀਗੜ੍ਹ :** ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਗਮ ਬੇਨਜ਼ੀਰ ਭੁੱਟੋ ਦੀ 28 ਦਸੰਬਰ ਨੂੰ ਹੋਈ ਮੌਤ ਤੋਂ ਬਾਅਦ ਪੰਜਾਬ ਪੁਲਿਸ ਵਲੋਂ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਦਲ ਦੇ ਕਾਰਜਕਾਰੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਅਜਿਹੇ ਵਿਅਕਤੀਆਂ ਨੂੰ ਮਿਲਣ ਵਿਰੁਧ ਸਖ਼ਤ ਤਾੜਨਾ ਕੀਤੀ ਗਈ ਹੈ ਜਿਨ੍ਹਾਂ ਦੀ ਪੁਲਿਸ ਵਲੋਂ ਪਹਿਲਾਂ ਛਾਣਬੀਣ ਨਾ ਕੀਤੀ ਗਈ ਹੋਵੇ।



**ਸੁਖਬੀਰ ਸਿੰਘ ਬਾਦਲ**

ਮੁੱਖ ਮੰਤਰੀ ਅਤੇ ਸ. ਸੁਖਬੀਰ ਸਿੰਘ ਬਾਦਲ ਨੂੰ ਅੱਤਵਾਦੀ ਸੰਗਠਨਾਂ ਤੋਂ ਸਖ਼ਤ ਖ਼ਤਰੇ ਕਾਰਨ ਕੇਂਦਰ ਸਰਕਾਰ ਵਲੋਂ ਜ਼ੈਡ ਪਲੱਸ ਸੁਰੱਖਿਆ ਦਾ ਦਰਜਾ ਦਿੱਤਾ ਹੋਇਆ ਹੈ। ਪਾਕਿਸਤਾਨ ਵਿਚ ਵਾਪਰ ਰਹੇ ਹਾਲਾਤਾਂ ਕਾਰਨ ਪੰਜਾਬ ਦੀਆਂ ਖੁਫ਼ੀਆਂ ਏਜੰਸੀਆਂ ਨੂੰ ਖ਼ਦਸ਼ਾ ਹੈ ਕਿ ਇਸ ਕਾਰਨ ਹਿੰਦੁਸਤਾਨੀ ਪੰਜਾਬ ਵਿਚ ਵੀ ਅੱਤਵਾਦੀ ਸੰਗਠਨਾਂ ਨੂੰ ਸ਼ਹਿ ਮਿਲ ਸਕਦੀ ਹੈ ਅਤੇ ਉਹ ਦੁਬਾਰਾ ਸਰਗਰਮ ਹੋਣ ਦੀ ਕੋਸ਼ਿਸ਼ ਕਰ ਸਕਦੇ ਹਨ।

ਡੀ. ਜੀ. ਪੀ. ਪੰਜਾਬ ਦੇ ਦਫ਼ਤਰ ਵਲੋਂ 28 ਦਸੰਬਰ ਨੂੰ ਰਾਜ ਦੇ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਭੇਜੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਦੀਆਂ ਫ਼ੇਰੀਆਂ ਮੌਕੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਉਹ ਵਿਅਕਤੀ ਉਨ੍ਹਾਂ ਦੇ ਨੇੜੇ ਨਾ ਜਾ ਸਕੇ ਜਿਸ ਦੀ ਪਹਿਲਾਂ ਪੁਲਿਸ ਵਲੋਂ ਜਾਂਚ ਨਾ ਹੋਈ ਹੋਵੇ।

ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਇਨ੍ਹਾਂ ਦੋਨਾਂ ਸਖਸ਼ੀਅਤਾਂ ਲਈ ਜ਼ੈਡ ਪਲੱਸ ਸੁਰੱਖਿਆ ਅਧੀਨ ਨਿਰਧਾਰਤ ਸੁਰੱਖਿਆ ਨਿਯਮਾਂ ਨੂੰ ਸਖ਼ਤੀ ਨਾਲ ਅਮਲ ਵਿਚ ਲਿਆਂਦੇ ਜਾਣ ਦੇ ਆਦੇਸ਼ ਦਿੱਤੇ ਗਏ ਹਨ ਅਤੇ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਸੁਰੱਖਿਆ ਘੇਰੇ ਵਿਚ ਕੋਈ ਵੀ ਅਜਿਹਾ ਵਿਅਕਤੀ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਜਿਸ ਦੀ ਪਹਿਲਾਂ ਸੁਰੱਖਿਆ ਪੱਖੋਂ ਬਾਕਾਇਦਾ ਜਾਂਚ ਨਾ ਹੋਈ ਹੋਵੇ। ਵਰਨਣਯੋਗ ਹੈ ਕਿ ਬੀਤੇ ਦਿਨੀਂ ਮੁਕਤਸਰ ਵਿਖੇ ਇਕ ਸਮਾਗਮ ਦੌਰਾਨ ਸ. ਸੁਖਬੀਰ ਸਿੰਘ ਬਾਦਲ ਦੇ ਸੁਰੱਖਿਆ ਘੇਰੇ ਵਿਚ ਬਹੁਤ ਸਾਰੇ ਅਜਿਹੇ ਨੌਜਵਾਨ ਸ਼ਾਮਲ ਹੋ ਗਏ ਜਿਨ੍ਹਾਂ ਦੀ ਪਹਿਲਾਂ ਸੁਰੱਖਿਆ ਜਾਂਚ ਨਹੀਂ ਹੋਈ ਸੀ। ਇਨ੍ਹਾਂ ਨੌਜਵਾਨਾਂ ਨੂੰ ਸੁਰੱਖਿਆ ਅਮਲੇ ਦੇ ਵਿਰੋਧ ਦੇ ਬਾਵਜੂਦ ਦਲ ਦੇ ਕਾਰਜਕਾਰੀ ਪ੍ਰਧਾਨ ਦੇ ਨਾਲ ਦੇ ਲੋਕਾਂ ਵਲੋਂ ਸੁਰੱਖਿਆ ਘੇਰੇ ਵਿਚ ਲਿਆਂਦਾ ਗਿਆ ਜਿਸ ਸਬੰਧੀ ਬਾਅਦ ਵਿਚ ਪੁਲਿਸ ਹੈਡਕੁਆਰਟਰ ਨੂੰ ਬਾਕਾਇਦਾ ਰਿਪੋਰਟ ਵੀ ਭੇਜੀ ਗਈ ਸੀ।



**ਪ੍ਰਕਾਸ਼ ਸਿੰਘ ਬਾਦਲ**

ਰਾਜ ਦੇ ਖੁਫ਼ੀਆ ਵਿਭਾਗ ਵਲੋਂ ਮੁੱਖ ਮੰਤਰੀ ਨੂੰ 28 ਦਸੰਬਰ ਨੂੰ ਇਹ ਸਲਾਹ ਦਿੱਤੀ ਗਈ ਕਿ ਉਹ ਆਪਣੇ ਦੌਰੇ ਅਤੇ ਜਨਤਕ ਸਮਾਗਮਾਂ ਵਿਚ ਸ਼ਮੂਲੀਅਤ ਘਟਾਉਣ ਜੋ ਕਿ ਸੁਰੱਖਿਆ ਪੱਖੋਂ ਉਨ੍ਹਾਂ ਲਈ ਅਤਿ ਜ਼ਰੂਰੀ ਹੈ। ਭਾਰਤ ਸਰਕਾਰ ਵਲੋਂ ਮਿਲੀਆਂ ਹਦਾਇਤਾਂ ਤੋਂ ਬਾਅਦ ਪੰਜਾਬ ਸਰਕਾਰ ਵਲੋਂ ਰਾਜ ਦੇ ਸਰਹੱਦੀ ਖ਼ੇਤਰਾਂ ਵਿਚ ਵੀ ਚੌਕਸੀ ਵਧਾਉਣ ਦਾ ਫ਼ੈਸਲਾ ਲਿਆ ਗਿਆ ਹੈ।

**ਘੱਟ-ਗਿਣਤੀ ਕਮਿਸ਼ਨ ਦੀ ਸਥਾਪਨਾ ਜਲਦ-ਬਾਦਲ :** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਲੰਘੀ 27 ਦਸੰਬਰ ਨੂੰ ਇਥੇ ਮਿੱਲ ਗਰਾਊਂਡ ਵਿਖੇ ਇਸਾਈ ਭਾਈਚਾਰੇ ਦੇ ਸਰਕਾਰੀ ਤੌਰ 'ਤੇ ਮਨਾਏ ਰਾਜ ਪੱਧਰੀ ਵੱਡੇ ਦਿਨ ਦੇ ਧਾਰਮਿਕ ਸਮਾਗਮ ਵਿਚ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਵਲੋਂ ਜਲਦੀ ਹੀ ਇਕ ਘੱਟ-ਗਿਣਤੀ ਕਮਿਸ਼ਨ ਕਾਇਮ ਕੀਤਾ ਜਾ ਰਿਹਾ ਹੈ। ਇਸ ਕਮਿਸ਼ਨ ਵਿਚ ਇਸਾਈਆਂ ਅਤੇ ਮੁਸਲਮਾਨਾਂ ਤੋਂ ਇਲਾਵਾ ਹੋਰ ਘੱਟ-ਗਿਣਤੀਆਂ ਦੇ ਆਗੂਆਂ ਨੂੰ ਸ਼ਾਮਿਲ ਕੀਤਾ ਜਾਵੇਗਾ। ਇਹ ਕਮਿਸ਼ਨ ਘੱਟ-ਗਿਣਤੀ ਕੌਮਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਪੂਰੇ ਅਧਿਕਾਰ ਰੱਖਦਾ ਹੋਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ.ਮੁਖਤਿਆਰ ਸਿੰਘ ਹੀਰ

ਸ.ਅਮਰਜੀਤ ਸਿੰਘ ਸੰਧਰ (ਮਿਲਵਾਕੀ)
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਸਿੱਖ ਨੌਂਜਵਾਨਾਂ 'ਤੇ ਤਸ਼ੱਦਦ ਤੇ ਕੇਸ ਪਾਉਣ ਦੀ ਸੀ. ਬੀ. ਆਈ. ਜਾਂਚ ਕਰੇ : ਦਲਜੀਤ ਸਿੰਘ

**ਜਲੰਧਰ :** ਅਕਾਲੀ ਦਲ (ਅ) ਪੰਚ ਪ੍ਰਧਾਨੀ ਦੇ ਚੇਅਰਮੈਨ ਦਲਜੀਤ ਸਿੰਘ ਬਿੱਟੂ, ਮੈਂਬਰ ਸ. ਹਰਿੰਦਰ ਸਿੰਘ ਨਾਰਵੇ ਅਤੇ ਕਮਿਕਰ



ਦਲਜੀਤ ਸਿੰਘ ਬਿੱਟੂ

ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੁਧਿਆਣਾ ਦੇ ਸ਼ਿੰਗਾਰ ਸਿਨੇਮੇ ਦੇ ਬੰਬ ਧਮਾਕੇ ਦੀ ਆੜ ਵਿਚ ਪੁਲਸ ਸਿੱਖ ਨੌਜਵਾਨਾਂ ਨੂੰ ਬੇਵਜ੍ਹਾ ਗ੍ਰਿਫ਼ਤਾਰ ਕਰਕੇ ਕੁੱਟਮਾਰ ਕਰ ਰਹੀ ਹੈ ਅਤੇ ਝੂਠੇ ਕੇਸ ਮੜ੍ਹ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼ਿੰਗਾਰ ਬੰਬ ਧਮਾਕਾ ਦੇਸ਼ 'ਚ ਹੋਏ ਹੋਰਨਾਂ ਬੰਬ ਧਮਾਕਿਆਂ ਦੀ ਹੀ ਲੜੀ ਦੀ ਕੜੀ ਨਜ਼ਰ ਆ ਰਿਹਾ ਹੈ ਅਤੇ ਹੋਰਨਾਂ ਥਾਵਾਂ ਵਾਂਗ ਇਥੇ ਵੀ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਹੀ ਜ਼ਿੰਮੇਵਾਰ ਬਣਾਇਆ ਗਿਆ ਸੀ। ਪਰ ਪੁਲਸ ਮੁਸਲਿਮ ਭਾਈਚਾਰੇ ਵਿਰੁਧ ਬਿਆਨ ਦਾਗਣ ਵਾਲੀਆਂ ਕਈ ਹਿੰਦੂ ਕੱਟੜ ਜਥੇਬੰਦੀਆਂ ਨੂੰ ਤਾਂ ਪੁੱਛਣ ਲਈ ਤਿਆਰ ਨਹੀਂ ਅਤੇ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਈ ਨੌਜਵਾਨ ਮਾਪਿਆਂ ਜਾਂ ਮੋਹਤਬਰਾਂ ਵਲੋਂ ਪੁਲਸ ਕੋਲ ਪੇਸ਼ ਕੀਤੇ ਗਏ ਪਰ ਬਾਅਦ ਵਿਚ ਝੂਠੀਆਂ ਕਹਾਣੀਆਂ ਘੜਕੇ ਉਨ੍ਹਾਂ ਉੱਪਰ ਸੰਗੀਨ ਕੇਸ ਪਾ ਦਿੱਤੇ। ਉਨ੍ਹਾਂ ਕਿਹਾ ਕਿ ਹੁਣ ਤੱਕ 100 ਤੋਂ ਵਧ ਸਿੱਖ ਨੌਜਵਾਨਾਂ ਨੂੰ ਪੁਲਸ ਥਾਣੇ ਬੁਲਾ ਕੇ ਤਸ਼ੱਦਦ ਦਾ ਸ਼ਿਕਾਰ ਬਣਾ ਚੁੱਕੀ ਹੈ ਅਤੇ ਕਈ ਤਾਂ ਅਜੇ ਵੀ ਲਾਪਤਾ ਹਨ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਸਿੰਘ, ਸੰਦੀਪ ਸਿੰਘ, ਹਰਵਿੰਦਰ ਸਿੰਘ ਅਤੇ ਵਜੀਤ ਸਿੰਘ ਬਾਰੇ ਅਖਬਾਰਾਂ 'ਚ ਆਂਉਦਾ ਰਿਹਾ ਹੈ ਕਿ ਉਹ ਪੁਲਸ ਹਿਰਾਸਤ ਵਿਚ ਹਨ ਪਰ ਉਨ੍ਹਾਂ ਨੂੰ ਕਿਸੇ ਵੀ ਅਦਾਲਤ 'ਚ ਪੇਸ਼ ਨਹੀਂ ਕੀਤਾ ਜਾ ਰਿਹਾ।

ਉਕਤ ਆਗੂਆਂ ਨੇ ਕਿਹਾ ਕਿ ਉਹ ਜਮਹੂਰੀ ਤੇ ਸ਼ਾਂਤਮਈ ਤਰੀਕੇ ਨਾਲ ਆਪਣਾ ਸੰਘਰਸ਼ ਕਰਨਾ ਚਾਹੁੰਦੇ ਹਨ ਪਰ ਪੁਲਸ ਅਫਸਰਸ਼ਾਹੀ ਅਤੇ ਸਿਆਸੀ ਲੋਕਾਂ ਦਾ ਇਕ ਹਿੱਸਾ ਉਨ੍ਹਾਂ ਨੂੰ ਮੁੜ ਪਹਿਲਾਂ ਵਾਲੇ ਹਾਲਾਤ 'ਚ ਧੱਕਣਾ ਚਾਹੁੰਦਾ ਹੈ ਤੇ ਇਸੇ ਸਾਜ਼ਿਸ਼ ਤਹਿਤ ਉਨ੍ਹਾਂ ਦੇ ਨਾਵਾਂ ਨੂੰ ਵੀ ਬੰਬ ਧਮਾਕੇ ਨਾਲ ਜੋੜਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਹ ਇਕ ਖ਼ਤਰਨਾਕ ਰੁਝਾਨ ਹੈ। ਇਸ ਸੰਬੰਧੀ ਉਹ ਪ੍ਰਧਾਨ ਮੰਤਰੀ ਨੂੰ ਵੀ ਮਿਲਣ ਜਾਣਗੇ। ਉਨ੍ਹਾਂ ਮੰਗ ਕੀਤੀ ਕਿ ਬੰਬ ਧਮਾਕੇ ਅਤੇ ਇਸ ਤੋਂ ਸਿੱਖ ਨੌਜਵਾਨਾਂ ਦੀ ਫੜੋ-ਫੜੀ ਤੇ ਪੁਲਸ ਅਫਸਰਾਂ ਵਲੋਂ ਦਿੱਤੇ ਜਾ ਰਹੇ ਬਿਆਨਾਂ ਦੀ ਸੀ. ਬੀ. ਆਈ. ਤੋਂ ਜਾਂਚ ਕਰਵਾਈ ਜਾਵੇ। ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਹੋਰਨਾਂ ਸੰਗਠਨਾਂ ਦੇ ਸਹਿਯੋਗ ਨਾਲ ਅਦਾਲਤ ਵਿਚ ਜਾਂਚ ਬਾਰੇ ਵਿਚਾਰਨ ਦੀ ਵੀ ਗੱਲ ਕਹੀ।


## ਆਰਥਿਕ ਤੰਗੀ ਕਾਰਨ ਕਿਸਾਨ ਵਲੋਂ ਖ਼ੁਦਕੁਸ਼ੀ

**ਅਜੀਤਵਾਲ :** ਪੰਜਾਬ ਵਿਚ ਆਰਥਿਕ ਤੰਗੀ ਕਾਰਨ ਖੁਦਕੁਸ਼ੀਆਂ ਦਾ ਸਿਲਸਿਲਾ ਜਾਰੀ ਹੈ ਤੇ ਇਕ ਹੋਰ ਕਰਜਾਈ ਕਿਸਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਰਾਮ ਕਹਾਣੀ ਖਤਮ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਨਵਾਂ ਤਖਾਣਵੱਧ ਦਾ ਵਾਸੀ ਗੁਰਦੀਪ ਸਿੰਘ ਉਮਰ 47 ਸਾਲ ਡੇਢ ਏਕੜ ਜ਼ਮੀਨ ਦਾ ਮਾਲਕ ਸੀ ਤੇ ਉਸ ਨੇ ਇਕ ਟਰੱਕ ਵੀ ਪਾਇਆ ਹੋਇਆ ਸੀ। ਉਸ ਦਾ ਵੱਡਾ ਭਰਾ ਦਰਸ਼ਨ ਸਿੰਘ ਵੀ ਪਿਛਲੇ ਕਈ ਸਾਲਾਂ ਤੋਂ ਬਿਮਾਰ ਰਹਿੰਦਾ ਸੀ। ਟਰੱਕ ਦੇ ਕਰਜੇ ਕਾਰਨ ਸ਼ਾਹੂਕਾਰਾਂ ਅਤੇ ਆੜ੍ਹਤੀਆਂ ਵਲੋਂ ਸਤਾਏ ਗੁਰਦੀਪ ਸਿੰਘ ਨੇ ਕੀੜੇਮਾਰ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ। ਉਸ ਨੂੰ ਬਚਾਉਣ ਲਈ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਪਰ ਉਸ ਦੀ ਮੌਤ ਹੋ ਗਈ। ਬਾਅਦ ਵਿਚ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

**Punjab Times**
847-359-0746
visit us @
punjabtimesusa.com

# ਬੰਬ ਧਮਾਕਾ ਸਿੱਖਾਂ ਦਾ ਨਹੀਂ ਹਿੰਦੂ ਸੰਗਠਨਾਂ ਦਾ ਕਾਰਾ

**ਸੰਗਰੂਰ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸਥਾਨਕ ਰੈਸਟ ਹਾਊਸ 'ਚ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ, "ਇਹ ਜਾਣਨਾ ਜ਼ਰੂਰੀ ਹੈ ਕਿ ਲੁਧਿਆਣੇ 'ਚੋਂ ਮਿਲਿਆ ਆਰ. ਡੀ. ਐਕਸ. ਆਖ਼ਰਕਾਰ ਕਿਥੋਂ ਆਇਆ?" ਉਨ੍ਹਾਂ ਕਿਹਾ ਕਿ ਸ਼ਿੰਗਾਰ ਸਿਨੇਮਾ 'ਚ ਬੰਬ ਧਮਾਕਾ ਹੋਣ ਪਿੱਛੇ ਸਿੱਖਾਂ ਦਾ ਹੱਥ ਹੋਣ ਦਾ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ, "ਸੋਚਣਾ ਬਣਦਾ ਹੈ ਕਿ ਈਦ ਮੌਕੇ ਗਰੀਬ ਮੁਸਲਮਾਨ ਵੀ ਮਰੇ ਸਨ, ਮੁਸਲਮਾਨਾਂ ਨੂੰ ਮਾਰਨ ਦਾ ਕੰਮ ਸਿੱਖਾਂ ਦਾ ਨਹੀਂ, ਸਗੋਂ ਹਿੰਦੂਵਾਦੀ ਸੰਗਠਨਾਂ ਦਾ ਹੋ ਸਕਦਾ ਹੈ।" ਸ. ਮਾਨ ਨੇ ਕਿਹਾ ਕਿ ਪਾਕਿਸਤਾਨੀ ਸਰਹੱਦ 'ਤੇ ਕੰਡਿਆਲੀ ਤਾਰ ਦੇ ਨਾਲ ਨਾਲ ਬੀ. ਐੱਸ. ਐੱਫ., ਪੰਜਾਬ ਪੁਲਿਸ ਅਤੇ ਸੀ. ਆਈ. ਡੀ. ਆਦਿ ਦਾ ਪਹਿਰਾ ਹੈ ਅਤੇ ਸਰਹੱਦ 'ਤੇ 24 ਘੰਟੇ ਰੌਸ਼ਨੀ ਦਾ ਪ੍ਰਬੰਧ ਹੈ। ਇਸ ਦੇ ਬਾਵਜੂਦ ਲੁਧਿਆਣੇ 'ਚੋਂ ਮਿਲਿਆ ਆਰ. ਡੀ. ਐਕਸ. ਕਿੱਥੋਂ ਆਇਆ ਹੈ? ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਅਸਲ ਦੋਸ਼ੀਆਂ ਨੂੰ ਸਾਹਮਣੇ ਨਹੀਂ ਕਰਨਾ ਚਾਹੁੰਦੀ।



ਸਿਮਰਨਜੀਤ ਸਿੰਘ ਮਾਨ

ਸ. ਮਾਨ ਨੇ ਕਿਹਾ ਕਿ ਜਦੋਂ ਵੀ ਭਾਜਪਾ ਦੀ ਸਰਕਾਰ ਆਉਂਦੀ ਹੈ ਤਾਂ ਘੱਟ ਗਿਣਤੀਆਂ 'ਤੇ ਹਮਲੇ ਹੁੰਦੇ ਹਨ ਜਿਸ ਦੀ ਤਾਜ਼ਾ ਮਿਸਾਲ ਗੁਜਰਾਤ ਤੇ ਹਿਮਾਚਲ 'ਚ ਭਾਜਪਾ ਦੀ ਸਰਕਾਰ ਆਉਣ ਪਿੱਛੋਂ ਘੱਟਗਿਣਤੀਆਂ 'ਤੇ ਵਧੇ ਹਮਲੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਧਾਰਾ 5 ਨੂੰ ਰੱਦ ਕਰਾਉਣ ਦੀ ਗੱਲ ਕਹੀ ਸੀ ਪਰ ਹੁਣ ਤੱਕ ਉਹ ਇਸ ਮਾਮਲੇ 'ਚ ਕੁਝ ਨਹੀਂ ਕਰ ਸਕੇ। ਸ. ਬਾਦਲ ਆਪਣੇ ਚੋਣ ਮਨੋਰਥ ਵਿਚ ਕੀਤੇ ਗਏ ਵਿਕਾਸ ਦੇ ਵਾਅਦੇ ਵੀ ਪੂਰੇ ਨਹੀਂ ਕਰ ਸਕੇ ਜਿਸ ਕਾਰਨ ਵਿਧਾਨ ਸਭਾ ਦੀਆਂ ਚੋਣਾਂ ਦੁਬਾਰਾ ਕਰਵਾਉਣੀਆਂ ਚਾਹੀਦੀਆਂ ਹਨ।

**ਕੈਪਟਨ ਨੂੰ ਅਕਾਲ ਤਖ਼ਤ ਉੱਪਰ ਤਲਬ ਕੀਤਾ ਜਾਵੇ - ਮਾਨ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਵਿਚਕਾਰ ਚਲ ਰਹੇ ਸਬੰਧਾਂ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਸਜ਼ਾ ਲਾਈ ਜਾਵੇ।

ਸ੍ਰੀ ਮਾਨ ਨੇ ਲੰਘੀ 27 ਦਸੰਬਰ ਨੂੰ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਇਹ ਮਾਮਲਾ ਕੋਈ ਸਿਆਸੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਖ ਮਜ੍ਹਬ ਦੇ ਵੱਡਮੁੱਲੇ ਸਿਧਾਂਤਾਂ ਦੀ ਉਲੰਘਣਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਸਾਹਿਬਾਨ ਵਲੋਂ ਸਿੱਖਾਂ ਨੂੰ ਬਖਸ਼ੇ ਆਨੰਦ ਕਾਰਜ ਦੇ ਸਿਧਾਂਤਾਂ ਦੀ ਉਲੰਘਣਾ ਕੀਤੀ ਹੈ, ਇਸ ਲਈ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਢੁਕਵੀਂ ਸਜ਼ਾ ਲਗਾਈ ਜਾਵੇ।

ਉਨ੍ਹਾਂ ਕਿਹਾ ਕਿ ਸਿੱਖ ਮੈਰਿਜ ਐਕਟ ਅਨੁਸਾਰ ਕੋਈ ਵੀ ਸਿੱਖ ਦੂਜੀ ਗੈਰ-ਇਸਤਰੀ ਨਾਲ ਸੰਬੰਧ ਨਹੀਂ ਰੱਖ ਸਕਦਾ।

ਉਨ੍ਹਾਂ ਕਿਹਾ ਕਿ ਇਸਲਾਮ ਧਰਮ ਦੇ ਸ਼ਾਹੀ ਇਮਾਮ ਮੁੱਲਾ ਨੇ ਅਰੂਸਾ ਵਿਰੁਧ ਫਤਵਾ ਦੇ ਦਿੱਤਾ ਹੈ ਅਤੇ ਇਸੇ ਤਰ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਕਦਮ ਚੁੱਕਣੇ ਚਾਹੀਦੇ ਹਨ ਪਰ ਉਨ੍ਹਾਂ ਨੇ ਚੁੱਪ ਵੱਟੀ ਹੋਈ ਹੈ।

FARMERS INSURANCE GROUP
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com




Gurcharan Singh Mann
Insurance Agent
License # 0C 70672



Wishing you a year of happy solutions.

Happy New year!

Call: Madan Ahluwalia 1 888 263 0581



Ahluwalia
Law Professional Corporation
1301 Shoreway Road, Suite 180, Belmont, CA 94002-4151
Fax: 650 204 6813
email: madan.ahluwalia@ahluwalia-law.com,
www.ahluwalia-law.com

We welcome your participation on our forum at
www.ahluwalia-law.com/forum

Immigration Law • Business Law • Estate planning

# ਲੁਧਿਆਣਾ ਬੰਬ ਕਾਂਡ 'ਚ ਪੰਜਾਬ ਪੁਲਿਸ ਵਲੋਂ 7 ਖਾੜਕੂ ਗ੍ਰਿਫਤਾਰ

## ਮਾਪਿਆਂ ਨੇ ਕਿਹਾ ਮੁੰਡੇ ਪੇਸ਼ ਕੀਤੇ ਸਨ

**ਲੁਧਿਆਣਾ :** ਲੁਧਿਆਣਾ ਪੁਲਿਸ ਨੇ ਸ਼ਿੰਗਾਰ ਸਿਨੇਮਾ ਬੰਬ ਧਮਾਕੇ ਦੀ ਗੁੱਥੀ ਨੂੰ ਸੁਲਝਾਉਣ ਦਾ ਦਾਅਵਾ ਕਰਦਿਆਂ ਬੱਬਰ ਖਾਲਸਾ ਦੇ ਚਾਰ ਖਾੜਕੂਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ 5 ਕਿਲੋ ਆਰ. ਡੀ. ਐਕਸ ਅਤੇ ਭਾਰੀ ਮਾਤਰਾ 'ਚ ਹੋਰ ਅਸਲਾ ਬਰਾਮਦ ਕੀਤਾ ਹੈ, ਜਦਕਿ ਪੁਲਿਸ ਇਸ ਮਾਮਲੇ ਵਿਚ ਸ਼ਾਮਿਲ ਇਕ ਹੋਰ ਖਾੜਕੂ ਦੀ ਸਰਗਰਮੀ ਨਾਲ ਭਾਲ ਕਰ ਰਹੀ ਹੈ।

> ਪੁਲਿਸ ਮੁਖੀ ਨੇ ਦੱਸਿਆ ਕਿ ਹਰਮਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਸਾਲ 2006 ਵਿਚ ਇਕ ਜਥੇ ਵਿਚ ਸ਼ਾਮਿਲ ਹੋ ਕੇ ਪਾਕਿਸਤਾਨ ਗਏ ਸਨ ਅਤੇ ਉਥੇ ਇਨ੍ਹਾਂ ਦਾ ਮੇਲ ਬੱਬਰ ਖਾਲਸਾ ਦੇ ਕੁਝ ਖਾੜਕੂਆਂ ਨਾਲ ਹੋ ਗਿਆ।

ਇਸ ਸਬੰਧੀ ਪੰਜਾਬ ਪੁਲਿਸ ਦੇ ਮੁਖੀ ਸ. ਐਨ. ਪੀ. ਐਸ. ਔਲਖ ਨੇ 30 ਦਸੰਬਰ ਨੂੰ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਖਾੜਕੂਆਂ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਉਰਫ ਖਾਲਸਾ ਪੁੱਤਰ ਤਰਲੋਕ ਸਿੰਘ ਵਾਸੀ ਪਿੰਡ ਜਾਂਗਪੁਰ ਮੰਡੀ ਮੁੱਲਾਂਪੁਰ, ਸੰਦੀਪ ਸਿੰਘ ਉਰਫ ਹੈਰੀ ਵਾਸੀ ਪਿੰਡ ਘੁਮਾਣ ਲੁਧਿਆਣਾ, ਰਵਿੰਦਰ ਸਿੰਘ ਉਰਫ ਰਿੰਕੂ ਪੁੱਤਰ ਰਾਮ ਚੰਦ ਵਾਸੀ ਅਜ਼ਾਦ ਨਗਰ ਅਤੇ ਪਲਵਿੰਦਰ ਸਿੰਘ ਉਰਫ ਪੱਪੂ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਕਮਾਲਪੁਰਾ ਜ਼ਿਲ੍ਹਾ ਲੁਧਿਆਣਾ ਵਜੋਂ ਕੀਤੀ ਗਈ ਹੈ, ਜਦਕਿ ਇਨ੍ਹਾਂ ਦਾ ਇਕ ਸਾਥੀ ਹਰਮਿੰਦਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਇੰਦਰਾ ਨਗਰ ਲੁਧਿਆਣਾ ਅਜੇ ਫਰਾਰ ਹੈ, ਜਿਸਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਆਪਣੇ ਸਾਥੀਆਂ ਸੰਦੀਪ ਸਿੰਘ, ਰਵਿੰਦਰ ਸਿੰਘ ਰਿੰਕੂ, ਹਰਮਿੰਦਰ ਸਿੰਘ ਅਤੇ ਪਲਵਿੰਦਰ ਸਿੰਘ ਨਾਲ ਬੀਤੀ 29-30 ਦਸੰਬਰ ਦੀ ਰਾਤ ਆਪਣੇ ਉਕਤ ਸਾਥੀਆਂ ਨਾਲ ਮਿਲ ਕੇ ਲੁਧਿਆਣਾ ਸ਼ਹਿਰ ਵਿਚ ਇਕ ਹੋਰ ਵੱਡੇ ਬੰਬ ਧਮਾਕੇ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ ਕਿ ਪੁਲਿਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ਵਿਚੋਂ 5 ਕਿਲੋ ਆਰ. ਡੀ. ਐਕਸ, ਦੋ ਪਿਸਤੌਲਾਂ, ਤਿੰਨ ਡੈਟੋਨੇਟਰ, ਬੈਟਰੀਆਂ, ਲੋਹੇ ਦੀਆਂ ਪਾਈਪਾਂ, ਇਕ ਬਜਾਜ ਚੇਤਕ ਸਕੂਟਰ ਅਤੇ ਹੋਰ ਸਮਾਨ ਬਰਾਮਦ ਕਰਨ ਦਾ ਦਾਅਵਾ ਕੀਤਾ। ਉਨ੍ਹਾਂ ਦੱਸਿਆ ਕਿ ਪੁਲਿਸ ਵਲੋਂ ਇਨ੍ਹਾਂ ਦੀ ਮੁੱਢਲੀ ਪੁੱਛ ਪੜਤਾਲ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਨ੍ਹਾਂ ਖਾੜਕੂਆਂ ਨੇ ਪਿਆਰਾ ਸਿੰਘ ਭਨਿਆਰਾ ਵਾਲਾ, ਦਿਵਿਆ ਜੋਤੀ ਜਾਗਰਣ ਦੇ ਪ੍ਰਮੁੱਖ ਆਸ਼ੂਤੋਸ਼ ਅਤੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਕੁਝ ਰਾਜਸੀ ਸ਼ਖਸੀਅਤਾਂ ਨੂੰ ਆਪਣਾ ਨਿਸ਼ਾਨਾ ਬਣਾਉਣਾ ਸੀ।

ਪੁਲਿਸ ਮੁਖੀ ਨੇ ਦੱਸਿਆ ਕਿ ਹਰਮਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਇਸ ਕੰਮ ਲਈ ਪਹਿਲਾਂ ਸਾਲ 2006 ਵਿਚ ਇਕ ਜਥੇ ਵਿਚ ਸ਼ਾਮਿਲ ਹੋ ਕੇ ਪਾਕਿਸਤਾਨ ਗਏ ਸਨ ਅਤੇ ਉਥੇ ਇਨ੍ਹਾਂ ਦਾ ਮੇਲ ਬੱਬਰ ਖਾਲਸਾ ਦੇ ਕੁਝ ਖਾੜਕੂਆਂ ਨਾਲ ਹੋ ਗਿਆ।

10-15 ਦਿਨ ਉਥੇ ਸਿਖਲਾਈ ਕੈਂਪਾਂ ਵਿਚ ਸਿਖਲਾਈ ਲੈਣ ਉਪਰੰਤ ਇਹ ਵਾਪਸ ਭਾਰਤ ਆ ਗਏ। ਸਿਖਲਾਈ ਕੈਂਪਾਂ ਵਿਚ ਇਨ੍ਹਾਂ ਨੂੰ ਬੰਬ ਬਣਾਉਣ, ਪਿਸਤੌਲ ਚਲਾਉਣ ਅਤੇ ਬੰਬ ਚਲਾਉਣ ਦੀ ਸਿਖਲਾਈ ਦਿੱਤੀ ਗਈ, ਕਿਉਂਕਿ ਹਰਮਿੰਦਰ ਸਿੰਘ ਪਹਿਲਾਂ ਵੀ ਕਈ ਵਾਰ ਪਾਕਿਸਤਾਨ ਜਾ ਚੁੱਕਾ ਸੀ ਇਸ ਲਈ ਉਸਨੂੰ ਇਥੇ ਰਹਿੰਦੇ ਕੁਝ ਖਾੜਕੂਆਂ ਬਾਰੇ ਜਾਣਕਾਰੀ ਸੀ।

ਉਨ੍ਹਾਂ ਦੱਸਿਆ ਕਿ ਜਦੋਂ ਇਹ ਭਾਰਤ ਆਏ ਤਾਂ ਇਨ੍ਹਾਂ ਦਾ ਮੇਲ ਸੰਦੀਪ ਸਿੰਘ ਉਰਫ ਹੈਰੀ ਵਾਸੀ ਘੁਮਾਣ ਨਾਲ ਹੋ ਗਿਆ ਜਿਸਨੇ ਇਨ੍ਹਾਂ ਦੋਹਾਂ ਨੂੰ ਸਰਬਜੀਤ ਸਿੰਘ ਘੁਮਾਣ ਨਾਲ ਮਿਲਾ ਦਿੱਤਾ, ਜੋ ਕਿ ਦਲ ਖਾਲਸਾ ਦਾ ਸਰਗਰਮ ਆਗੂ ਸੀ ਅਤੇ ਉਹ ਖਾੜਕੂ ਸੋਚ ਰੱਖਣ ਵਾਲੇ ਵਿਅਕਤੀਆਂ ਨੂੰ ਪ੍ਰਭਾਵਸ਼ਾਲੀ ਲੈਕਚਰ ਦੇ ਕੇ ਖਾੜਕੂ ਸਰਗਰਮੀਆਂ ਲਈ ਪ੍ਰੇਰਿਤ ਕਰਦਾ ਸੀ। ਪਹਿਲਾਂ ਇਹ ਕੁਝ ਸਮਾਂ ਖਾੜਕੂ ਸੋਚ ਰੱਖਣ ਵਾਲੇ ਡਾ. ਭਗਵਾਨ ਸਿੰਘ ਸੰਧੂ ਪਾਸ ਰਹੇ ਅਤੇ ਉਸ ਤੋਂ ਬਾਅਦ ਉਸਨੇ ਇਨ੍ਹਾਂ ਦਾ ਪ੍ਰਬੰਧ ਪਿੰਡ ਕਾਂਸਲ, ਨੇੜੇ (ਚੰਡੀਗੜ੍ਹ) ਵਿਖੇ ਕਰ ਦਿੱਤਾ। ਬਾਅਦ ਵਿਚ ਇਹ ਸਾਰੇ ਪਿੰਡ ਗੜ੍ਹੀ ਮਨਸੋਵਾਲ (ਗੜ੍ਹਸ਼ੰਕਰ) ਵਿਚ ਇਕ ਕਿਰਾਏ ਦੇ ਮਕਾਨ ਵਿਚ ਰਹਿਣ ਲੱਗ ਪਏ ਜਿਥੇ ਇਨ੍ਹਾਂ ਨੇ ਨੌਜਵਾਨਾਂ ਨੂੰ ਬੰਬ ਧਮਾਕੇ ਕਰਨ ਅਤੇ ਹਥਿਆਰ ਚਲਾਉਣ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ।

ਇਸ ਸਿਖਲਾਈ ਕੇਂਦਰ ਵਿਚ ਇਨ੍ਹਾਂ ਨੇ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਨੂੰ ਪੰਜਾਬ ਵਿਚ ਵੱਖ ਵੱਖ ਥਾਵਾਂ 'ਤੇ ਵਾਰਦਾਤਾਂ ਕਰਨ ਦੇ ਹੁਕਮ ਦਿੱਤੇ। ਬਾਅਦ ਵਿਚ ਗੁਰਪ੍ਰੀਤ ਨੇ 25 ਕਿਲੋ ਦੇ ਕਰੀਬ ਆਰ. ਡੀ. ਐਕਸ ਰਾਜਸਥਾਨ ਸਰਹੱਦ ਤੋਂ ਅਸਟੀਮ ਕਾਰ ਰਾਹੀਂ ਲੈ ਕੇ ਪਿੰਡ ਮਨਸੋਵਾਲ ਵਿਖੇ ਪਹੁੰਚਾਇਆ। ਗੁਰਪ੍ਰੀਤ ਨੂੰ ਇੰਨੀ ਸਖ਼ਤ ਸਿਖਲਾਈ ਦਿੱਤੀ ਗਈ ਸੀ ਕਿ ਉਹ ਬੰਬ ਨੂੰ ਮੋਬਾਈਲ ਫੋਨ ਦੀ ਮਦਦ ਨਾਲ ਵੀ ਚਲਾ ਸਕਦਾ ਸੀ।

ਪੁਲਿਸ ਮੁਖੀ ਨੇ ਦੱਸਿਆ ਕਿ ਇਸ ਕੰਮ ਲਈ ਗੁਰਪ੍ਰੀਤ ਮਲੇਸ਼ੀਆ ਵੀ ਗਿਆ ਅਤੇ ਉਥੇ ਕੁਝ ਖਾੜਕੂ ਵਿਚਾਰ ਰੱਖਣ ਵਾਲੇ ਵਿਅਕਤੀਆਂ ਨੇ ਉਸ ਨੂੰ ਮਾਲੀ ਮਦਦ ਕਰਨ ਦਾ ਭਰੋਸਾ ਦਿਵਾਇਆ ਅਤੇ ਬਾਅਦ ਵਿਚ ਉਸਨੂੰ ਵਿਦੇਸ਼ਾਂ ਵਿਚੋਂ ਪੈਸੇ ਆਉਣੇ ਸ਼ੁਰੂ ਹੋ ਗਏ। ਵਿਦੇਸ਼ਾਂ ਵਿਚ ਬੈਠੇ ਕੁਝ ਖਾੜਕੂ ਗੁਰਪ੍ਰੀਤ ਤੋਂ ਕੋਈ ਵੀ ਵਾਰਦਾਤ ਨਾ ਕਰਨ ਕਰਕੇ ਨਾਰਾਜ਼ ਹੋ ਗਏ ਸਨ। ਗੁਰਪ੍ਰੀਤ ਅਤੇ ਉਸਦੇ ਸਾਥੀਆਂ ਨੇ ਪਹਿਲਾਂ ਵੀ ਕਈ ਥਾਵਾਂ 'ਤੇ ਬੰਬ ਧਮਾਕੇ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੇ ਇਸ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੇ।

ਇਨ੍ਹਾਂ ਨੇ ਇਕ ਬੰਬ ਧਮਾਕਾ 7 ਅਕਤੂਬਰ ਨੂੰ ਅੰਬਾਲੇ ਵਿਚ ਵੀ ਕਰਨਾ ਸੀ ਪਰ ਉਥੇ ਵੀ ਅਸਫਲ ਹੋ ਗਏ। ਅਗਲੇ ਹਫਤੇ ਇਨ੍ਹਾਂ ਨੇ ਸ਼ਿੰਗਾਰ ਸਿਨੇਮਾ ਵਿਚ ਬੰਬ ਧਮਾਕਾ ਕਰਨ ਦੀ ਯੋਜਨਾ ਬਣਾਈ, ਜਿਸ ਤਹਿਤ ਰਿੰਕੂ ਜੋ ਕਿ ਇਕ ਆਟੋ ਚਲਾਉਂਦਾ ਹੈ, ਪਲਵਿੰਦਰ ਸਿੰਘ, ਸੰਦੀਪ, ਗੁਰਪ੍ਰੀਤ ਅਤੇ ਹਰਮਿੰਦਰ ਨੂੰ ਲੈ ਕੇ ਸ਼ਿੰਗਾਰ ਸਿਨੇਮਾ ਪਹੁੰਚਿਆ ਪਰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਫਿਲਮ ਸ਼ੁਰੂ ਹੋ ਚੁੱਕੀ ਸੀ ਪਰ ਫਿਰ ਵੀ ਕਿਸੇ ਤਰੀਕੇ ਹਰਮਿੰਦਰ ਅਤੇ ਰਿੰਕੂ ਦੋ ਟਿਕਟਾਂ ਲੈ ਕੇ ਸਿਨੇਮਾ ਦੇ ਅੰਦਰ ਚਲੇ ਗਏ, ਜਦਕਿ ਬਾਕੀ ਤਿੰਨੋਂ ਜਣੇ ਬਾਹਰ ਹੀ ਬੈਠੇ ਰਹੇ, ਫਿਲਮ ਦੇ ਪਹਿਲੇ ਅੱਧ ਦੌਰਾਨ ਇਹ ਦੋਵੇਂ ਆਪਣੀਆਂ ਸੀਟਾਂ 'ਤੇ ਹੀ ਬੈਠੇ ਰਹੇ ਅਤੇ ਜਦੋਂ ਅੱਧ ਸਮਾਂ ਖਤਮ ਹੋਣ ਵਾਲਾ ਸੀ ਤਾਂ ਇਹ ਦੋਵੇਂ ਸੀਟਾਂ ਥੱਲੇ ਬੰਬ ਲਗਾ ਕੇ ਸਿਨੇਮੇ ਤੋਂ ਬਾਹਰ ਆ ਗਏ ਅਤੇ ਇਨ੍ਹਾਂ ਦੇ ਬਾਹਰ ਆਉਂਦਿਆਂ ਹੀ ਬੰਬ ਧਮਾਕਾ ਹੋ ਗਿਆ ਅਤੇ 6 ਮਾਸੂਮ ਜਾਨਾਂ ਚਲੀਆਂ ਗਈਆਂ ਅਤੇ 37 ਦੇ ਕਰੀਬ ਵਿਅਕਤੀ ਜ਼ਖਮੀ ਹੋ ਗਏ।

**ਕੁਲ 7 ਖਾੜਕੂਆਂ ਨੂੰ ਗ੍ਰਿਫਤਾਰ ਕੀਤਾ :** ਪੰਜਾਬ ਪੁਲਿਸ ਵਲੋਂ ਹੁਣ ਤੱਕ ਸ਼ਿੰਗਾਰ ਸਿਨੇਮਾ ਬੰਬ ਧਮਾਕੇ ਅਤੇ ਆਰ. ਡੀ.ਐਕਸ ਬਰਾਮਦਗੀ ਦੇ ਮਾਮਲੇ ਵਿਚ ਕੁਲ 7 ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ 3 ਖਾੜਕੂ ਭਵਨਜੀਤ ਸਿੰਘ, ਦਿਲਬਾਗ ਸਿੰਘ, ਭੁਪਿੰਦਰ ਸਿੰਘ ਨੂੰ ਲੁਧਿਆਣਾ ਦਿਹਾਤੀ ਪੁਲਿਸ, ਜਦਕਿ 4 ਗੁਰਿੰਦਰ ਸਿੰਘ, ਪਰਮਿੰਦਰ ਸਿੰਘ,ਜਗਜੀਤ ਸਿੰਘ ਉਰਫ ਜੀਤੀ ਅਤੇ ਜੋਰਾਵਰ ਸਿੰਘ ਉਰਫ ਜੋਰਾ ਨੂੰ ਕਪੂਰਥਲਾ ਦੀ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ।

## ਪੁਲਿਸ ਵਲੋਂ ਘੜੀ ਗਈ ਕਹਾਣੀ ਸਵਾਲਾਂ ਦੇ ਘੇਰੇ ਵਿਚ

**ਲੁਧਿਆਣਾ :** ਪੰਜਾਬ ਪੁਲਿਸ ਵਲੋਂ ਅਕਤੂਬਰ ਮਹੀਨੇ ਵਿਚ ਹੋਏ ਸ਼ਿੰਗਾਰ ਸਿਨੇਮਾ ਬੰਬ ਕਾਂਡ ਅਤੇ ਮੁੱਲਾਂਪੁਰ ਲਾਗੇ ਬਰਾਮਦ ਕੀਤੇ ਆਰ. ਡੀ. ਐਕਸ ਮਾਮਲੇ ਵਿਚ ਸ਼ਾਮਿਲ ਦੱਸੇ ਜਾਂਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਬੇਸ਼ਕ ਇਨ੍ਹਾਂ ਮਾਮਲਿਆਂ ਸਬੰਧੀ ਚੱਲ ਰਹੀ ਚਰਚਾ ਉਪਰ 'ਵਿਰਾਮ ਚਿੰਨ੍ਹ' ਲਗਾ ਦਿੱਤਾ ਗਿਆ ਹੈ ਪਰ ਇਸ ਕਾਰਵਾਈ ਨੇ ਪੁਲਿਸ ਦੀ ਇਸ ਕਾਰਗੁਜ਼ਾਰੀ ਉਪਰ ਜ਼ਰੂਰੀ 'ਪ੍ਰਸ਼ਨ ਚਿੰਨ੍ਹ' ਲਗਾ ਦਿੱਤਾ ਹੈ।

ਬੇਸ਼ੱਕ ਪੁਲਿਸ ਵਲੋਂ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਪਹਿਲਾਂ ਤੋਂ ਹੀ ਪਕੜਣ ਦੀਆਂ ਅਖ਼ਬਾਰੀ ਖ਼ਬਰਾਂ ਦਾ ਕੁਝ ਦਿਨ ਪਹਿਲਾਂ ਹੀ ਖੰਡਨ ਕੀਤਾ ਗਿਆ ਸੀ ਪਰ ਇਸਦੇ ਬਾਵਜੂਦ ਇਨ੍ਹਾਂ ਪਕੜੇ ਗਏ ਵਿਅਕਤੀਆਂ ਤੋਂ ਹੋਏ ਖੁਲਾਸੇ ਦੀਆਂ ਖ਼ਬਰਾਂ ਲਗਾਤਾਰ ਸੁਰਖੀਆਂ ਬਣੀਆਂ ਹੋਈਆਂ ਸਨ।

ਲੁਧਿਆਣਾ ਪੁਲਿਸ ਵਲੋਂ ਸ਼ਿੰਗਾਰ ਸਿਨੇਮਾ ਬੰਬ ਕਾਂਡ ਵਿਚ ਸ਼ਾਮਿਲ ਚਾਰਾਂ ਖਾੜਕੂਆਂ ਗੁਰਪ੍ਰੀਤ ਸਿੰਘ, ਸੰਦੀਪ ਸਿੰਘ ਹੈਰੀ, ਪਲਵਿੰਦਰ ਸਿੰਘ ਪੱਪੂ ਅਤੇ ਰਵਿੰਦਰ ਸਿੰਘ ਉਰਫ ਰਿੰਕੂ ਨੂੰ ਬੀਤੇ ਦਿਨੀਂ ਬੰਬ ਧਮਾਕੇ ਕਰਨ ਦੀ ਯੋਜਨਾ ਤਿਆਰ ਕਰਨ ਲਈ ਕਾਰਵਾਈ ਕਰਦਿਆਂ ਪਕੜਿਆ ਦੱਸਿਆ ਗਿਆ ਹੈ, ਪਰ ਪੁਲਿਸ ਨੇ ਇਨ੍ਹਾਂ ਨੂੰ ਕਿਸ ਥਾਂ ਤੋਂ ਕਾਬੂ ਕੀਤਾ ਹੈ ਇਸ ਬਾਰੇ ਕੁਝ ਨਹੀਂ ਦੱਸਿਆ ਗਿਆ। ਇਨ੍ਹਾਂ ਨੂੰ ਪਕੜਨ ਸਬੰਧੀ ਕੇਸ ਪੁਲਿਸ ਥਾਣਾ ਸਾਹਨੇਵਾਲ, ਬਸਤੀ ਜੋਧੇਵਾਲ ਅਤੇ ਪੁਲਿਸ ਡਵੀਜ਼ਨ ਨੰਬਰ 6 ਵਿਚ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਇਨ੍ਹਾਂ ਨਾਲ ਸ਼ਾਮਿਲ 5ਵੇਂ ਕਥਿਤ ਦੋਸ਼ੀ ਹਰਮਿੰਦਰ ਸਿੰਘ ਨੂੰ ਫਰਾਰ ਹੋਇਆ ਦੱਸਿਆ ਗਿਆ ਹੈ। ਪੁਲਿਸ ਦੀ ਇਹ ਕਹਾਣੀ ਵੀ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰ ਰਹੀ ਹੈ ਕਿਉਂਕਿ ਹਰਮਿੰਦਰ ਸਿੰਘ ਪਿਛਲੇ ਕਈ ਦਿਨਾਂ ਤੋਂ ਪੁਲਿਸ ਦੀ ਹਿਰਾਸਤ ਵਿਚ ਹੈ । ਪਹਿਲਾਂ ਵੀ ਪੁਲਿਸ ਨੇ ਉਸ ਨੂੰ ਕਈ ਵਾਰੀ ਥਾਣੇ ਬੁਲਾ ਕੇ ਪੁੱਛ ਪੜਤਾਲ ਕੀਤੀ ਸੀ।

ਹਰਮਿੰਦਰ ਸਿੰਘ ਦੀ 62 ਸਾਲਾ ਬਿਰਧ ਮਾਤਾ ਸੁਰਜੀਤ ਕੌਰ ਨੇ ਪੁਲਿਸ ਦੇ ਇਸ ਦਾਅਵੇ ਨੂੰ ਝੂਠਾ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹਰਮਿੰਦਰ ਸਿੰਘ ਲੁਧਿਆਣਾ ਪੁਲਿਸ ਦੇ ਕਬਜ਼ੇ ਵਿਚ ਹੀ ਹੈ ਅਤੇ ਇਸ ਸਬੰਧੀ ਲਗਾਤਾਰ ਖ਼ਬਰਾਂ ਛਪ ਰਹੀਆਂ ਹਨ ਪਰ ਪੁਲਿਸ ਜਾਣ ਬੁੱਝ ਕੇ ਪ੍ਰੀਵਾਰ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਤਿੰਨ ਦਿਨ ਪਹਿਲਾਂ ਹਰਮਿੰਦਰ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਨੂੰ ਥਾਣੇ ਲੈ ਗਈ ਸੀ ਅਤੇ ਉਸਦੀ ਮਾਰਕੁਟਾਈ ਕੀਤੀ ਗਈ ਸੀ। ਪੁਲਿਸ ਨੇ ਰਾਤ 9 ਵਜੇ ਉਸਨੂੰ ਇਹ ਕਹਿ ਕੇ ਛੱਡ ਦਿੱਤਾ ਕਿ ਉਹ ਹਰਮਿੰਦਰ ਨੂੰ ਲੱਭ ਕੇ ਲਿਆਵੇ। ਮਾਤਾ ਸੁਰਜੀਤ ਕੌਰ ਨੇ ਦੱਸਿਆ ਕਿ ਉਹ ਵੀ 29 ਦਸੰਬਰ ਦੀ ਰਾਤ ਤੋਂ ਕਿਧਰੇ ਚਲੀ ਗਈ ਹੈ।

ਉਸ ਨੇ ਦੱਸਿਆ ਕਿ ਪੁਲਿਸ ਉਨ੍ਹਾਂ ਦਾ ਸਕੂਟਰ ਵੀ ਲੈ ਗਈ ਹੈ। ਮਾਤਾ ਸੁਰਜੀਤ ਕੌਰ ਨੇ ਦੱਸਿਆ ਕਿ ਪੁਲਿਸ ਵਲੋਂ ਤੰਗ ਪ੍ਰੇਸ਼ਾਨ ਕਰਨ ਕਰਕੇ ਮੇਰੇ ਪਤੀ ਸ. ਗੁਰਮੇਲ ਸਿੰਘ ਵੀ ਪ੍ਰੇਸ਼ਾਨ ਹਨ ਕਿਉਂਕਿ ਉਹ ਦਿਹਾੜੀ ਕਰਕੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਸਨ ਪਰ ਹੁਣ ਉਹ ਵੀ ਦਿਹਾੜੀ ਨਹੀਂ ਕਰ ਰਹੇ ਜਿਸ ਕਾਰਨ ਰੋਟੀ ਦਾ ਫਿਕਰ ਖਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਰਮਿੰਦਰ ਦੇ 4 ਸਾਲ ਅਤੇ ਢਾਈ ਸਾਲ ਦੇ ਦੋ ਬੱਚੇ ਹਨ। ਮਾਤਾ ਸੁਰਜੀਤ ਕੌਰ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪਰਿਵਾਰ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ ਅਤੇ ਪੁਲਿਸ ਹੱਥੋਂ ਹੋ ਰਹੀ ਜਲਾਲਤ ਖਤਮ ਕਰਾ ਕੇ ਪੁੱਤਰ ਅਤੇ ਨੂੰਹ ਦੀ ਭਾਲ ਕੀਤੀ ਜਾਵੇ।

ਪੁਲਿਸ ਮੁਖੀ ਸ. ਐਨ. ਪੀ. ਐਸ. ਔਲਖ ਵਲੋਂ 30 ਦਸੰਬਰ ਨੂੰ ਲੁਧਿਆਣਾ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਜਦੋਂ ਪੱਤਰਕਾਰਾਂ ਨੇ ਗੁਰਪ੍ਰੀਤ ਸਿੰਘ ਨੂੰ ਪਹਿਲਾਂ ਤੋਂ ਹੀ ਪਕੜੇ ਜਾਣ ਬਾਰੇ ਪੁੱਛਿਆ ਤਾਂ ਉਨ੍ਹਾਂ ਇਹ ਕਹਿ ਕੇ ਗੱਲ ਖਤਮ ਕਰ ਦਿੱਤੀ ਕਿ 'ਇਨ੍ਹਾਂ ਨੂੰ ਰਾਤੀਂ ਹੀ ਗ੍ਰਿਫਤਾਰ ਕੀਤਾ ਗਿਆ ਹੈ'। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਜੇਕਰ ਪੁਲਿਸ ਇਨ੍ਹਾਂ ਦੀ ਭਾਲ ਕਰ ਰਹੀ ਸੀ ਤਾਂ ਇਹ ਲੁਧਿਆਣੇ ਕੀ ਕਰ ਰਹੇ ਸਨ, ਤਾਂ ਉਨ੍ਹਾਂ ਇਸ ਦਾ ਕੋਈ ਤਸੱਲੀਬਖਸ਼ ਜੁਆਬ ਨਹੀਂ ਦਿੱਤਾ।

## ਪਟਿਆਲਾ ਦੇ ਦੋ ਭਰਾਵਾਂ ਦੀ ਅਮਰੀਕਾ ਵਿਚ ਹੱਤਿਆ,ਹਤਿਆਰੇ ਮੈਕਸੀਕਨ ਮੂਲ ਦੇ

**ਵੈਨਕੂਵਰ :** ਕੈਲੇਫੋਰਨੀਆ ਵਿਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਬੇਅ ਏਰੀਏ ਵਿਚ ਬੀਤੀ 29 ਦਸੰਬਰ ਨੂੰ ਵਾਪਰੀ ਇਕ ਦੁਖਦਾਇਕ ਘਟਨਾ ਵਿਚ ਪਟਿਆਲਾ ਦੇ ਦੋ ਸਕੇ ਪੰਜਾਬੀ ਭਰਾਵਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਹ ਘਟਨਾ ਸਾਨਫਰਾਂਸਿਸਕੋ ਦੇ ਨੇੜੇ ਪੈਂਦੇ ਰਿਚਮੰਡ ਇਲਾਕੇ 'ਚ ਉਸ ਸਮੇਂ ਵਾਪਰੀ ਜਦੋਂ ਦੋਵੇਂ ਭਰਾ ਆਪਣਾ ਰੈਸਟੋਰੈਂਟ ਬੰਦ ਕਰ ਰਹੇ ਸਨ।

ਪੁਲਸ ਦੇ ਬੁਲਾਰੇ ਲੈਫਟੀਨੈਂਟ ਮਾਰਕ ਗਗਨ ਦੇ ਦੱਸਣ ਅਨੁਸਾਰ 42 ਸਾਲਾ ਪਰਮਜੀਤ ਸਿੰਘ ਕਲਸੀ ਤੇ ਉਸ ਦੇ 30 ਸਾਲਾ ਭਰਾ ਰਵਿੰਦਰ ਸਿੰਘ ਕਲਸੀ ਦਾ ਸੈਨ ਪਾਬਲੋ ਐਵੇਨਿਊ ਉਤੇ 'ਸਾਹਿਬ ਇੰਡੀਅਨ' ਰੈਸਟੋਰੈਂਟ ਸੀ। ਘਟਨਾ ਸਮੇਂ ਦੋਵੇਂ ਭਰਾ ਰੈਸਟੋਰੈਂਟ ਬੰਦ ਕਰਨ ਦੀ ਤਿਆਰੀ ਕਰ ਰਹੇ ਸਨ ਜਦੋਂ ਅਣਪਛਾਤੇ ਹਮਲਾਵਰਾਂ ਨੇ ਰੈਸਟੋਰੈਂਟ ਅੰਦਰ ਦਾਖਲ ਹੋ ਕੇ ਰਵਿੰਦਰ ਸਿੰਘ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਆਪਣੇ ਭਰਾ ਨੂੰ ਗੋਲੀਆਂ ਵੱਜਦੀਆਂ ਦੇਖ ਕੇ ਪਰਮਜੀਤ ਸਿੰਘ ਨੇ ਕਿਚਨ ਦੇ ਪਿਛਲੇ ਰਸਤੇ ਭੱਜ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਹਮਲਾਵਰਾਂ ਨੇ ਪਿੱਛਾ ਕਰ ਕੇ ਉਸ ਨੂੰ ਚਾਰ ਗੋਲੀਆਂ ਮਾਰ ਕੇ ਰੈਸਟੋਰੈਂਟ ਦੇ ਪਿਛਵਾੜੇ ਥਾਂ ਉਤੇ ਹੀ ਮਾਰ ਦਿੱਤਾ। ਹਮਲਾਵਰ ਬਾਅਦ ਵਿਚ ਗੂੜ੍ਹੇ ਰੰਗ ਦੀ ਕਾਰ ਵਿਚ ਸਵਾਰ ਹੋ ਕੇ ਫਰਾਰ ਹੋ ਗਏ।

ਦੋਵੇਂ ਭਰਾ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਸਨ ਅਤੇ ਬੀਤੇ ਦਸ ਸਾਲ ਤੋਂ ਇਨ੍ਹਾਂ ਦਾ ਪਰਿਵਾਰ ਪਟਿਆਲਾ ਵਿਚ ਰਹਿ ਰਿਹਾ ਸੀ। ਇਨ੍ਹਾਂ 'ਚੋਂ 42 ਸਾਲਾ ਪਰਮਜੀਤ ਸਿੰਘ ਅੱਠ ਸਾਲ ਪਹਿਲਾਂ ਅਮਰੀਕਾ ਆਇਆ ਸੀ ਤੇ ਬਾਅਦ ਵਿਚ ਉਸ ਨੇ ਆਪਣੇ ਛੋਟੇ ਭਰਾ ਨੂੰ ਵੀ ਆਪਣੇ ਪਾਸ ਬੁਲਾ ਲਿਆ ਸੀ। ਪਰਮਜੀਤ ਸਿੰਘ ਇਕ ਫਿਜ਼ੀ ਮੂਲ ਦੀ ਭਾਰਤੀ ਕੁੜੀ ਨਾਲ ਵਿਆਹ ਕਰਵਾ ਕੇ ਅਮਰੀਕਾ ਵਿਚ ਪੱਕਾ ਹੋਇਆ ਸੀ ਜਦੋਂ ਕਿ ਰਵਿੰਦਰ ਸਿੰਘ ਨੂੰ ਹਾਲੇ ਥੋੜ੍ਹਾ ਸਮਾਂ ਪਹਿਲਾਂ ਹੀ ਗਰੀਨ ਕਾਰਡ ਮਿਲਿਆ ਸੀ। ਰਵਿੰਦਰ ਸਿੰਘ ਉਰਫ ਰਵੀ ਕਲਸੀ ਦਾ ਅਗਲੇ ਮਹੀਨੇ ਵਿਆਹ ਧਰਿਆ ਹੋਇਆ ਸੀ ਅਤੇ ਦੋਵਾਂ ਨੇ ਰੈਸਟੋਰੈਂਟ ਵੇਚ ਕੇ ਜਨਵਰੀ ਵਿਚ ਪੰਜਾਬ ਜਾਣਾ ਸੀ। ਉਨ੍ਹਾਂ ਦੀ ਭੈਣ ਤੇ ਮਾਪੇ ਪਟਿਆਲੇ ਵਿਚ ਰਹਿੰਦੇ ਹਨ। ਪੁਲੀਸ ਬੁਲਾਰੇ ਲੈਫਟੀਨੈਂਟ ਗਗਨ ਦਾ ਕਹਿਣਾ ਹੈ ਕਿ ਦੋਵੇਂ ਕਤਲ ਸੁਪਾਰੀ ਦੇ ਕੇ ਕਰਵਾਏ ਗਏ ਸਨ ਕਿਉਂਕਿ ਹਮਲਾਵਰ ਰੈਸਟੋਰੈਂਟ ਵਿਚੋਂ ਕੁਝ ਵੀ ਚੁੱਕ ਕੇ ਨਹੀਂ ਲੈ ਗਏ ਅਤੇ ਨਾ ਹੀ ਨਕਦੀ ਨੂੰ ਹੱਥ ਲਾਇਆ ਹੈ। ਪੁਲਸ ਨੇ ਹਮਲਾਵਰਾਂ ਦੀ ਸ਼ਨਾਖ਼ਤ ਮੈਕਸੀਕਨ ਮੂਲ ਦੇ ਵਾਸੀਆਂ ਵਜੋਂ ਕੀਤੀ ਹੈ।


## ਦਲਬੀਰ ਸਿੰਘ ਤੇ ਦੀਦ ਨੂੰ ਸਾਹਿਤ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ :** 'ਪੰਜਾਬੀ ਟ੍ਰਿਬਿਊਨ' ਦੇ ਮਰਹੂਮ ਡਿਪਟੀ ਐਡੀਟਰ ਦਲਬੀਰ ਸਿੰਘ ਦੀ ਪੰਜਾਬੀ ਵਿਚ ਅਨੁਵਾਦ ਕੀਤੀ ਪੁਸਤਕ 'ਦਾਮੂ ਆਛੂਤ ਤੇ ਉਹਦੀ ਔਲਾਦ ਦਾ ਜੀਵਨ ਨਾਮਾ' ਨੂੰ ਭਾਰਤੀ ਸਾਹਿਤ ਅਕਾਦਮੀ ਵਲੋਂ ਅਨੁਵਾਦ ਵਰਗ ਲਈ ਇਨਾਮ ਦਿੱਤਾ ਗਿਆ ਹੈ। ਇਸ ਨਾਵਲ ਦੇ ਮੂਲ ਲੇਖਕ ਨਰੇਂਦਰ ਯਾਦਵ ਹਨ।

ਪੰਜਾਬੀ ਦੀਆਂ ਕੁੱਲ 11 ਕਿਤਾਬਾਂ ਇਸ ਮੁਕਾਬਲੇ ਦੀ ਦੌੜ ਵਿਚ ਸ਼ਾਮਲ ਸਨ, ਜਿਨ੍ਹਾਂ ਵਿਚ 'ਅਗਨੀਪੰਖ-ਕਰਮਿੰਦਰ ਸਿੰਘ (ਮੂਲ ਲੇਖਕ ਅਬਦੁਲ ਕਲਾਮ), ਅਟਲ ਦੀ ਚੋਣਵੀਂ ਕਵਿਤਾ-ਜਸਵੀਰ ਸਿੰਘ ਆਹਲੂਵਾਲੀਆ ਤੇ ਡਾ. ਸਤੀਸ਼ ਕੁਮਾਰ ਵਰਮਾ (ਮੂਲ ਲੇਖਕ-ਅਟਲ ਬਿਹਾਰੀ ਵਾਜਪਾਈ), ਗੀਤਾਂਜਲੀ-ਪ੍ਰੀਤਮ ਰਾਹੀ ਤੇ ਅਮਰ ਕੋਮਲ (ਮੂਲ ਲੇਖਕ ਟੈਗੋਰ), ਕਿੰਨੇ ਪਾਕਿਸਤਾਨ- ਸੁਰਜੀਤ (ਮੂਲ ਲੇਖਕ- ਕਮਲੇਸ਼ਵਰ), ਕਿੱਸਾ ਲੋਕਤੰਤਰ-ਹਰਭਜਨ ਕੋਮਲ (ਮੂਲ ਲੇਖਕ ਤਿਭੂਤੀ ਨਾਰਾਇਣ ਰਾਏ), ਮੇਰਾ ਦੇਸ ਮੇਰੇ ਲੋਕ-ਨਰਿੰਦਰ ਸਿੰਘ ਕਪੂਰ (ਸੁਧਾ ਮੂਰਤੀ), ਨਦੀ ਦੀਆਂ ਛੱਲਾਂ-ਬਖਸ਼ੀਸ਼ ਸਿੰਘ (ਮੂਲ ਲੇਖਕ-ਤਿਗਪੁਰੀ ਲਕਸ਼ਮੀ) ਨਿਰਾਲਾ ਦੀ ਸਾਹਿਤ ਸਾਧਨਾ- ਧਰਮਪਾਲ ਸਿੰਗਲ (ਮੂਲ ਲੇਖਕ- ਅਵਿਨਾਸ਼ ਸ਼ਰਮਾ), ਪੀਲੇ ਪੱਤੇ ਦਾ ਸੁਪਨਾ - ਡਾ. ਵਨੀਤਾ (ਮੂਲ ਲੇਖਕ- ਸਚਿਦਾਨੰਦਨ) ਅਤੇ ਉਦਾਸਨ-ਨਰਿੰਦਰ ਭੁੱਲਰ ਤੇ ਜਸਵੀਰ ਸਮਰ (ਮੂਲ ਲੇਖਕ-ਡਾ. ਅਬਦੁਲ ਕਲਾਮ) ਸ਼ਾਮਲ ਸਨ। ਪਰ ਸ੍ਰੀ ਦਲਬੀਰ ਸਿੰਘ ਦੇ ਅਨੁਵਾਦ ਵਾਲੀ ਉਪਰੋਕਤ ਪੁਸਤਕ ਨੂੰ ਚੁਣਿਆ ਗਿਆ। ਖ਼ੂਬਸੂਰਤ ਵਾਰਤਕ ਕਲਾ ਤੇ ਭਾਸ਼ਾਈ ਰਵਾਨਗੀ ਲਈ ਜਾਣੇ ਜਾਂਦੇ ਸ੍ਰੀ ਦਲਬੀਰ ਸਿੰਘ ਨੇ ਆਪਣੇ ਜੀਵਨ ਕਾਲ ਦੌਰਾਨ ਪੁਸਤਕਾਂ ਲਿਖੀਆਂ ਅਤੇ 12 ਪੁਸਤਕਾਂ ਦਾ ਅਨੁਵਾਦ ਕੀਤਾ। ਉਹ ਭਾਸ਼ਾ ਵਿਭਾਗ, ਪੰਜਾਬ ਵਲੋਂ ਸਾਲ 2005 ਦੇ ਸ਼੍ਰੋਮਣੀ ਪੱਤਰਕਾਰ ਦੇ ਪੁਰਸਕਾਰ ਨਾਲ ਵੀ ਸਨਮਾਨੇ ਗਏ ਸਨ।

ਪੰਜਾਬੀ ਦੇ ਉੱਘੇ ਕਵੀ ਜਸਵੰਤ ਦੀਦ ਨੂੰ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਕਮੰਡਲ' ਲਈ ਸਾਲ 2007 ਦਾ ਸਾਹਿਤਕ ਅਕਾਦਮੀ ਪੁਰਸਕਾਰ ਦਿੱਤਾ ਗਿਆ ਹੈ। ਇਸ ਸਾਲ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਕਰਨ ਵਾਲੇ 23 ਸਾਹਿਤਕਾਰਾਂ ਵਿਚੋਂ ਬਹੁਤ ਨਾਵਲਕਾਰ ਤੇ ਕਵੀ ਹੀ ਹਨ। ਸਾਹਿਤ ਅਕਾਦਮੀ ਦੇ


ਜਸਵੰਤ ਦੀਦ


ਦਲਬੀਰ ਸਿੰਘ

ਕਾਰਜਕਾਰੀ ਬੋਰਡ ਦੇ ਮੈਂਬਰ ਤੇ ਪੰਜਾਬੀ ਦੇ ਕਨਵੀਨਰ ਡਾ. ਚਰਨਜੀਤ ਸਿੰਘ ਨੇ ਦੱਸਿਆ ਕਿ ਪੰਜਾਬੀ ਵਿਚ ਰਚਨਾਤਮਕ ਸਾਹਿਤ ਐਵਾਰਡ ਲਈ ਜਲੰਧਰ ਦੂਰਦਰਸ਼ਨ ਦੇ ਜਸਵੰਤ ਦੀਦ ਨੂੰ ਉਨ੍ਹਾਂ ਦੀ ਕਾਵਿ ਪੁਸਤਕ 'ਕਮੰਡਲ' ਲਈ ਚੁਣਿਆ ਗਿਆ ਹੈ ।

## ਸੀ ਬੀ ਆਈ ਵਲੋਂ ਸੈਣੀ ਖਿਲਾਫ ਪਰਚਾ ਦਰਜ

**ਚੰਡੀਗੜ੍ਹ :** ਸੀ. ਬੀ. ਆਈ. ਨੇ ਪੰਜਾਬ ਦੇ ਮੌਜੂਦਾ ਡਾਇਰੈਕਟਰ ਵਿਜੀਲੈਂਸ ਅਤੇ ਚੰਡੀਗੜ੍ਹ ਦੇ ਸਾਬਕਾ ਐੱਸ. ਐੱਸ. ਪੀ. ਸੁਮੇਧ ਸੈਣੀ ਉਪਰ ਬੰਬ ਧਮਾਕੇ ਨਾਲ ਹਮਲਾ ਕਰਨ ਵਾਲੇ ਖਾੜਕੂਆਂ ਨੂੰ ਜਾਨ ਤੋਂ ਮਾਰਨ ਦੇ ਮਾਮਲੇ ਵਿਚ ਇਕ ਐੱਫ. ਆਰ. ਆਈ. ਦਰਜ ਕੀਤੀ ਹੈ।

ਇਸ ਸਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸੈਣੀ ਹਮਲੇ ਵਿਚ ਬੰਬ ਧਮਾਕੇ ਦੇ ਭਗੌੜੇ ਦੋਸ਼ੀਆਂ ਨੂੰ ਜਾਨ ਤੋਂ ਮਾਰਨ ਦੇ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਕਰਨ ਦੇ ਆਪਣੇ ਹੁਕਮ ਜਾਰੀ ਕੀਤੇ ਗਏ ਸਨ। ਸੀ. ਬੀ. ਆਈ. ਨੇ ਇਸ ਸਬੰਧੀ ਅਣਪਛਾਤੇ ਵਿਅਕਤੀਆਂ ਦੇ ਵਿਰੁਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਵਰਨਣਯੋਗ ਹੈ ਕਿ ਸੁਮੇਧ ਸਿੰਘ ਸੈਣੀ ਉੱਤੇ ਬੰਬ ਧਮਾਕੇ ਨਾਲ ਹਮਲਾ ਕਰਨ ਵਿਚ ਸ਼ਾਮਿਲ ਦੋਸ਼ੀਆਂ ਨੂੰ ਚੰਡੀਗੜ੍ਹ ਪੁਲਿਸ ਨੇ ਭਗੌੜਾ ਕਰਾਰ ਦੇ ਦਿੱਤਾ ਸੀ।

ਜਦੋਂ ਕਿ ਦੂਜੇ ਪਾਸੇ ਦੋਸ਼ੀਆਂ ਦੇ ਰਿਸ਼ਤੇਦਾਰਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਰਿੱਟ ਪਟੀਸ਼ਨ ਦਾਇਰ ਕਰਕੇ ਚੰਡੀਗੜ੍ਹ ਪੁਲਿਸ ਉੱਪਰ ਦੋਸ਼ ਲਗਾਇਆ ਹੈ ਕਿ ਪੁਲਸ ਜਿਨ੍ਹਾਂ ਨੂੰ ਭਗੌੜਾ ਕਰਾਰ ਦੇ ਰਹੀ ਹੈ ਉਨ੍ਹਾਂ ਨੂੰ ਪੁਲਿਸ ਦੁਆਰਾ ਹੀ ਜਾਨੋਂ ਮਾਰ ਦਿੱਤਾ ਗਿਆ ਹੈ। ਹੁਣ ਸੀ. ਬੀ. ਆਈ. ਇਸ ਗੰਭੀਰ ਹੱਤਿਆ ਮਾਮਲੇ ਦੇ ਸੰਬੰਧ ਵਿਚ ਛੇਤੀ ਹੀ ਜਾਂਚ ਪੜਤਾਲ ਤੇ ਪੁੱਛਗਿੱਛ ਕਰਨ ਲਈ ਚੰਡੀਗੜ੍ਹ ਅਤੇ ਪੰਜਾਬ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਮਨ ਜਾਰੀ ਕਰੇਗੀ ਤੇ ਜਾਂਚ ਪੜਤਾਲ ਅੱਗੇ ਵਧਾਈ ਜਾਵੇਗੀ।

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵਾਂ ਸਾਲ 2008 ਮੁਬਾਰਕ
## ਅਤੇ ਸਰਬੰਸ ਦਾਨੀ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ
# ਬਹੁਤ ਬਹੁਤ ਵਧਾਈ ਹੋਵੇ



*Dental Office Of*

# Dr. Paramjit Singh, D.D.S.

***GENERAL AND COSMETIC DENTISTRY***
***CHILDREN AND ADULTS***

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ :

√ ਸਾਹ ਦੀ ਬਦਬੂ ਅਤੇ ਮਸੂੜਿਆਂ ਦਾ ਇਲਾਜ
√ ਕਰਾਊਨ ਬ੍ਰਿਜ ਅਤੇ ਵੀਨੀਅਰ ਟਰੀਟਮੈਂਟ
√ ਰੂਟ ਕਨਾਲ
√ ਅੱਧੇ ਅਤੇ ਪੂਰੇ ਡੈਂਚਰ, ਦੰਦ ਚਿੱਟੇ ਕਰਨਾ,
√ ਡਿਜੀਟਲ ਐਕਸਰੇ–70% ਘੱਟ ਰੇਡੀਏਸ਼ਨ
√ ਇਨਵਿਜਅਲਾਈਨ

ਅਸੀਂ ਸਨਿਚਰ ਅਤੇ ਐਤਵਾਰ ਦੀਆਂ ਅਪਾਇੰਟਮੈਂਟਾਂ ਵੀ ਕਰਦੇ ਹਾਂ

***Very affordable treatment.***
***We offer :***

√ Crowns / Bridges & Veneers
√ Root canal treatment
√ Partial and Full Dentures
√ White Fillings,
√ Teeth Whitening
√ Orthodontic treatment: Braces
√ Emergency care
√ State-of-the-art equipment
(Digital X-rays-70% less Radiation)
√ Invisalign®



- *Flexible appointments on Saturdays and Sundays.*
- *We accept most dental insurance plans and medical.*
- *Special consideration for cash patients without insurance.*
- *We accept all major credit cards.*

**Open 6 Days**
**Including Weekends**
**9am 6pm**
**We accept early morning and Late evening appointments on week days.**

ਬਿਨਾਂ ਇਨਸ਼ੋਰੈਂਸ ਕੈਸ਼ ਮਰੀਜ਼ਾਂ ਲਈ ਵਿਸ਼ੇਸ਼ ਰਿਆਇਤ

# Dr Paramjit Singh, D.D.S.

**4598, S TRACY BLVD, SUITE 150 TRACY, CA- 95377 Ph: 209-221-6666**

# ਲਾਰਿਆਂ, ਨਾਅਰਿਆਂ ਅਤੇ ਦਾਅਵਿਆਂ ਨਾਲ ਡੰਗ ਟਪਾਈ ਕੀਤੀ

## ਬਾਦਲ ਸਰਕਾਰ ਦੇ ਦਸ ਮਹੀਨੇ

**ਚੰਡੀਗੜ੍ਹ :** ਹਰ ਬੀਤਿਆ ਵਰ੍ਹਾ ਕੋਈ ਨਾ ਕੋਈ ਵਿਲੱਖਣ ਛਾਪ ਛੱਡ ਕੇ ਇਤਿਹਾਸ ਵਿਚ ਸਿਮਟ ਜਾਂਦਾ ਹੈ। ਪਰ ਪੰਜਾਬ ਦੇ ਰਾਜਸੀ ਘਟਨਾਕਰਮ ਦੀ ਦ੍ਰਿਸ਼ਟੀ ਤੋਂ ਸਾਲ 2007 ਬਹੁਤ ਨਾਟਕੀ ਰਿਹਾ। ਇਸ ਵਰ੍ਹੇ ਰਾਜ ਦੀ ਹਕੂਮਤ ਬਦਲੀ। ਕਾਂਗਰਸ ਦੀ ਸਰਕਾਰ ਦਾ ਪੱਤਾ ਕੱਟਿਆ ਗਿਆ, ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਆਈ। ਜਿਹੜੇ ਕਾਂਗਰਸੀਆਂ ਨੇ ਕਦੀ ਅਕਾਲੀਆਂ ਦੀ ਦੀਪੜ ਲਵਾਈ ਰੱਖੀ ਸੀ ਹੁਣ ਅਕਾਲੀਆਂ ਨੇ ਉਹ ਖੁਦ ਅਗੇ ਲਗਾ ਲਏ।

ਵਿਧਾਨ ਸਭਾ ਚੋਣਾਂ ਰਾਹੀਂ ਸੱਤਾ ਗੁਆ ਬੈਠਣ ਵਾਲੇ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਵਜ਼ਾਰਤ ਦੇ ਸਾਥੀਆਂ ਤੋਂ ਇਲਾਵਾ ਸਾਬਕਾ ਪੁਲਸ ਮੁਖੀ ਸਰਬਦੀਪ ਸਿੰਘ ਵਿਰਕ ਤੱਕ ਦੇ ਕਾਨੂੰਨੀ ਸ਼ਿਕੰਜੇ 'ਚ ਆਉਣ ਕਾਰਨ ਇਹ ਵਰ੍ਹਾ ਚਰਚਾ ਭਰਪੂਰ ਰਿਹਾ। ਦੂਜੇ ਪਾਸੇ ਪੰਜਾਬ ਸਰਕਾਰ ਦੀ ਕਮਜ਼ੋਰ ਮਾਲੀ ਹਾਲਤ ਕਾਰਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਦੀ ਕਾਰਗੁਜ਼ਾਰੀ ਵੀ ਇਸ ਸਾਲ ਦੇ ਪਿਛਲੇ ਦਸ ਮਹੀਨਿਆਂ ਦੌਰਾਨ ਸ਼ੋਸ਼ਿਆਂ, ਦਾਅਵਿਆਂ ਅਤੇ ਵਾਅਦਿਆਂ ਤੱਕ ਹੀ ਸਿਮਟ ਕੇ ਰਹਿ ਗਈ। ਪਿਛਲੇ ਕਈ ਵਰ੍ਹਿਆਂ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਕਿਸਾਨਾਂ ਨੂੰ ਕੇਂਦਰ ਸਰਕਾਰ ਨੇ ਕਣਕ ਅਤੇ ਝੋਨੇ ਦਾ ਲਾਹੇਵੰਦ ਭਾਅ ਤਾਂ ਦਿੱਤਾ ਪਰ ਪੰਜਾਬ ਦੇ ਕਿਸਾਨੀ ਹਲਕਿਆਂ 'ਚ ਇਹ ਵਰ੍ਹਾ ਇਸ ਕਰਕੇ ਵੀ ਬੁਰਾ ਰਿਹਾ ਕਿਉਂਕਿ ਕਰਜ਼ੇ ਦੀ ਮਾਰ ਹੇਠ ਆਏ 72 ਤੋਂ ਵਧ ਕਿਸਾਨਾਂ ਨੇ ਮੌਤ ਨੂੰ ਗਲੇ ਲਾ ਲਿਆ।



ਰਾਜਿੰਦਰ ਕੌਰ ਭੱਠਲ

ਨਵੰਬਰ ਤੋਂ ਦਸੰਬਰ ਦੌਰਾਨ ਲੁਧਿਆਣਾ ਦੇ ਸ਼ਿੰਗਾਰ ਬੰਬ ਧਮਾਕੇ ਅਤੇ ਚੂਹੜ ਚੱਕ ਰੇਲ ਹਾਦਸੇ ਵਿਚ ਵੱਡੀ ਗਿਣਤੀ ਵਿਚ ਮੌਤਾਂ ਕਾਰਨ ਵੀ ਪੰਜਾਬ ਦੇ ਲੋਕਾਂ ਨੂੰ ਗਮਗੀਨ ਹੋਣਾ ਪਿਆ। ਇਸ ਵਰ੍ਹੇ ਦੌਰਾਨ ਸਭ ਤੋਂ ਮੰਦਭਾਗਾ ਘਟਨਾਕ੍ਰਮ ਡੇਰਾ ਸੱਚਾ ਸੌਦਾ ਅਤੇ ਪੰਥਕ ਜਥੇਬੰਦੀਆਂ ਦਰਮਿਆਨ ਛਿੜਿਆ ਵਿਵਾਦ ਰਿਹਾ ਜਿਸ ਨੇ ਰਾਜ 'ਚ ਸਮਾਜਿਕ ਸੰਕਟ ਖੜ੍ਹਾ ਕਰ ਦਿੱਤਾ।

ਸਾਲ ਦੀ ਸ਼ੁਰੂਆਤ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਲਈ ਸ਼ੁਭ ਰਹੀ ਇਨ੍ਹਾਂ ਪਾਰਟੀਆਂ ਨੂੰ ਪੰਜਾਬ ਦੀ ਸੱਤਾ ਮਿਲੀ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬੁਰੇ ਦਿਨਾਂ ਦੀ ਸ਼ੁਰੂਆਤ ਹੋਈ। ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ, ਜਵਾਈ ਰਮਿੰਦਰ ਸਿੰਘ ਅਤੇ ਵਜ਼ਾਰਤੀ ਸਾਥੀ ਚੌਧਰੀ ਜਗਜੀਤ ਸਿੰਘ ਨੂੰ ਵਿਜੀਲੈਂਸ ਬਿਊਰੋ ਨੇ ਸਿਟੀ ਸੈਂਟਰ ਮਾਮਲੇ 'ਚ ਚਾਰਜਸ਼ੀਟ ਕੀਤਾ। ਸਾਬਕਾ ਮੁੱਖ ਮੰਤਰੀ ਤਾਂ ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਨਾਲ ਦੋਸਤੀ ਨੂੰ ਲੈ ਕੇ ਵੀ ਚਰਚਾ 'ਚ ਰਹੇ। ਵਿਵਾਦਾਂ ਕਾਰਨ ਉਹ ਵਿਰੋਧੀ ਧਿਰ ਦੇ ਨੇਤਾ ਅਤੇ ਪੰਜਾਬ ਪ੍ਰਦੇਸ਼ ਦੀ ਪ੍ਰਧਾਨਗੀ ਵੀ ਨਾ ਹਥਿਆ ਸਕੇ। ਦੂਜੇ ਪਾਸੇ ਆਪਣੀ ਪਾਰਟੀ ਦੇ ਰਾਜ ਦੌਰਾਨ ਨੁੱਕਰੇ ਲੱਗੀ ਰਹਿਣ ਵਾਲੀ ਬੀਬੀ ਰਾਜਿੰਦਰ ਕੌਰ ਭੱਠਲ ਦਾ ਰਾਜਨੀਤਿਕ ਕੱਦ ਇਸ ਸਾਲ ਜ਼ਰੂਰ ਵਧਿਆ।



ਪ੍ਰਕਾਸ਼ ਸਿੰਘ ਬਾਦਲ

ਉਨ੍ਹਾਂ ਨੂੰ ਪਹਿਲਾਂ ਵਿਰੋਧੀ ਧਿਰ ਦੀ ਨੇਤਾ ਅਤੇ ਫਿਰ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਦਾ ਅਹੁਦਾ ਮਿਲਿਆ। ਵਿਜੀਲੈਂਸ ਬਿਊਰੋ ਵਲੋਂ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਸਰਬਦੀਪ ਵਿਰਕ ਦੀ ਗ੍ਰਿਫ਼ਤਾਰੀ ਕਈ ਮਹੀਨਿਆਂ ਤੱਕ ਅਖਬਾਰਾਂ ਦੀਆਂ ਸੁਰਖੀਆਂ ਦਾ ਸ਼ਿੰਗਾਰ ਬਣੀ ਰਹੀ। ਇਹ ਵੱਖਰੀ ਗੱਲ ਹੈ ਕਿ ਇਸ ਗ੍ਰਿਫ਼ਤਾਰੀ ਕਾਰਨ ਪੰਜਾਬ ਸਰਕਾਰ ਨੂੰ ਹਾਈ ਕੋਰਟ ਤੋਂ ਕਈ ਵਾਰ ਝਾੜ ਪਈ। ਉਂਜ ਕੁਲ ਮਿਲਾ ਕੇ ਨਾ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਭੱਲ ਬਣ ਸਕੀ ਅਤੇ ਨਾ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼ਾਖ ਬੁਲੰਦ ਹੋ ਸਕੀ। ਬੀਬੀ ਭੱਠਲ ਨੇ ਬਾਦਲਕਿਆਂ ਪ੍ਰਤੀ ਨਰਮ ਹੋਣ ਦੀ ਚਰਚਾ ਨੂੰ ਠੱਲ੍ਹ ਪਾਉਣ ਲਈ ਕਈ ਹੀਲੇ ਉਪਰਾਲੇ ਕੀਤੇ, ਪਰ ਆਪਣੇ ਬਾਰੇ ਇਹ ਪ੍ਰਭਾਵ ਮਿਟਾਉਣ ਵਿਚ ਨਾਕਾਮ ਰਹੀ।

ਇਹ ਵਰ੍ਹਾ ਮੋਟੇ ਤੌਰ 'ਤੇ ਭਾਵੇਂ ਅਮਨ ਅਮਾਨ ਨਾਲ ਬੀਤ ਗਿਆ, ਪਰ ਲੁਧਿਆਣਾ ਦੇ ਸ਼ਿੰਗਾਰ ਸਿਨੇਮਾ 'ਚ ਹੋਇਆ ਬੰਬ ਧਮਾਕਾ ਹੀ ਪੰਜਾਬ ਵਾਸੀਆਂ ਨੂੰ ਝੰਜੋੜ ਕੇ ਰੱਖ ਗਿਆ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਦੁਬਈ ਫੇਰੀਆਂ ਵੀ ਇਸ ਸਾਲ ਦੀਆਂ ਅਹਿਮ ਘਟਨਾਵਾਂ 'ਚ ਸ਼ਾਮਲ ਮੰਨੀਆਂ ਜਾ ਸਕਦੀਆਂ ਹਨ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵਲੋਂ ਜਾਮੇ ਇੰਸਾ ਪਿਲਾਏ ਜਾਣ ਤੋਂ ਬਾਅਦ ਸ਼ੁਰੂ ਹੋਏ ਰਾਜਨੀਤਕ ਅਤੇ ਧਾਰਮਿਕ ਵਿਵਾਦ ਦਾ ਸੇਕ ਮਾਲਵਾ ਖੇਤਰ ਦੇ ਹਰ ਪਿੰਡ ਤੱਕ ਪਹੁੰਚ ਗਿਆ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਕੇਂਦਰੀ ਸਿੱਖ ਅਜਾਇਬ ਘਰ 'ਚ ਲਾਉਣਾ ਵੀ ਇਸ ਸਾਲ ਦੀ ਚਰਚਿਤ ਘਟਨਾ ਰਹੀ। ਸ਼ਹੀਦੇ ਆਜ਼ਮ ਭਗਤ ਸਿੰਘ ਦੀ ਜਨਮ ਸ਼ਤਾਬਦੀ ਦਾ ਵੱਡੀ ਪੱਧਰ 'ਤੇ ਮਨਾਇਆ ਜਾਣਾ ਇਸ ਸਾਲ ਦੀਆਂ ਮਿੱਠੀਆਂ ਯਾਦਾਂ 'ਚੋਂ ਅਹਿਮ ਹੈ। ਸੱਤਾਧਾਰੀ ਧਿਰ ਸੱਤਾਕਾਲ ਦੇ ਪਹਿਲੇ ਹੀ ਵਰ੍ਹੇ ਦੌਰਾਨ ਕੇਬਲ ਟੀ. ਵੀ. ਨੈੱਟਵਰਕ 'ਤੇ ਕਬਜ਼ੇ ਵਰਗੇ ਮਾਮਲਿਆਂ ਨੂੰ ਲੈ ਕੇ ਵੀ ਚਰਚਾ ਦਾ ਵਿਸ਼ਾ ਬਣੀ ਰਹੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰ ਵਿਰੁਧ ਅਦਾਲਤ 'ਚ ਚੱਲ ਰਹੇ ਕੇਸਾਂ 'ਚ ਗਵਾਹਾਂ ਦਾ ਮੁੱਕਰਨਾ ਵੀ ਇਸ ਸਾਲ ਦੀਆਂ ਮਹੱਤਵਪੂਰਨ ਘਟਨਾਵਾਂ 'ਚ ਸ਼ਾਮਲ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਸੱਤਾ ਸੰਭਾਲੇ ਜਾਣ ਵੇਲੇ ਤੋਂ ਲੈ ਕੇ ਹੀ ਪੰਜਾਬ ਦੀ ਕਮਜ਼ੋਰ ਮਾਲੀ ਹਾਲਤ ਦੀ ਗੂੰਜ ਸਾਰਾ ਸਾਲ ਪੈਂਦੀ ਰਹੀ ਇਥੋਂ ਤੱਕ ਕਿ ਸਰਕਾਰ ਦੀ ਆਟਾ ਦਾਲ ਸਕੀਮ ਵੀ ਕਮਜ਼ੋਰ ਮਾਲੀ ਹਾਲਤ ਦੀ ਭੇਂਟ ਚੜ੍ਹਨ ਦੇ ਆਸਾਰ ਬਣੇ।



ਸਰਬਦੀਪ ਸਿੰਘ ਵਿਰਕ

ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਮੈਟਰੋ ਰੇਲ ਜਿਹੇ ਸੁਪਨੇ ਤਾਂ ਕਈ ਦਿਖਾਏ ਪਰ ਦਸਾਂ ਮਹੀਨਿਆਂ ਦੌਰਾਨ ਅਮਲੀ ਤੌਰ 'ਤੇ ਕੁਝ ਵੀ ਠੋਸ ਨਹੀਂ ਕੀਤਾ ਗਿਆ। ਇਵੇਂ ਹੀ ਅਕਾਲੀ ਭਾਜਪਾ ਗਠਜੋੜ ਦੇ ਦਸਾਂ ਵਰ੍ਹਿਆਂ ਦੌਰਾਨ ਇਹ ਵੀ ਪਹਿਲੀ ਵਾਰੀ ਹੋਇਆ ਕਿ ਭਾਜਪਾ ਨੇ ਬਿਜਲੀ ਦਰਾਂ ਦੇ ਮੁੱਦੇ 'ਤੇ ਅਕਾਲੀ ਦਲ ਨੂੰ ਅੱਖਾਂ ਵਿਖਾਈਆਂ। ਇਹ ਸਾਲ ਸੁਖਬੀਰ ਸਿੰਘ ਬਾਦਲ ਦੇ ਪੰਜਾਬ ਦਾ ਮੁੱਖ ਮੰਤਰੀ ਬਣਨ ਦੀਆਂ ਚਰਚਾਵਾਂ ਨਾਲ ਸ਼ੁਰੂ ਹੋਇਆ ਹੈ।

# ਵਾਰਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ

## ਅਰੂਸਾ ਆਲਮ ਤੇ ਕੈਪਟਨ ਅਮਰਿੰਦਰ ਸਿੰਘ ਦੇ ਕਿੱਸੇ

ਚੰਡੀਗੜ੍ਹ : ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸੰਬੰਧਾਂ ਨੂੰ ਲੈ ਕੇ ਚਰਚਾ ਦਾ ਵਿਸ਼ਾ ਬਣੀ ਪਾਕਿਸਤਾਨੀ ਪੱਤਰਕਾਰ ਅਰੂਸਾ



ਅਰੂਸਾ ਆਲਮ ਤੇ ਕੈਪਟਨ ਅਮਰਿੰਦਰ ਸਿੰਘ ਦੇ ਸਬੰਧਾਂ ਨੂੰ ਲੈ ਕੇ ਫਤਵਾ ਜਾਰੀ ਕਰਦਾ ਹੋਇਆ ਲੁਧਿਆਣੇ ਦਾ ਸ਼ਾਹੀ ਇਮਾਮ

ਆਲਮ ਨੇ ਇਸ ਸਾਰੇ ਵਾਦ-ਵਿਵਾਦ ਦੀ ਜੜ੍ਹ ਭਾਰਤੀ ਮੀਡੀਆ ਨੂੰ ਦੱਸਿਆ ਅਤੇ ਜ਼ੋਰ ਨਾਲ ਕਿਹਾ ਕਿ ਅਮਰਿੰਦਰ ਸਿੰਘ ਨਾਲ ਉਸਦੀ ਦੋਸਤੀ ਹੈ ਤੇ ਸਦਾ ਰਹੇਗੀ।

ਲੰਘੀ 26 ਦਸੰਬਰ ਇੱਥੇ ਇਕ ਰੂ-ਬ-ਰੂ ਪ੍ਰੋਗਰਾਮ ਦੌਰਾਨ ਮੋਹਤਰਮਾ ਅਰੂਸਾ ਆਲਮ ਨੂੰ ਭਾਵੇਂ ਪੱਤਰਕਾਰਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਸਾਫ਼ ਕੀਤਾ ਕਿ ਸਾਬਕਾ ਮੁੱਖ ਮੰਤਰੀ ਅਤੇ ਉਸ ਦੇ ਦਰਮਿਆਨ ਅਜਿਹਾ ਕੁਝ ਵੀ ਨਹੀਂ ਜਿਸ ਨੂੰ ਲੈ ਕੇ ਕੋਈ ਬਖੇੜਾ ਖੜ੍ਹਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਿੰਦੋਸਤਾਨੀ ਅਖਬਾਰਾਂ 'ਚ ਮੇਰੇ ਅਤੇ ਕੈਪਟਨ ਸਾਹਿਬ ਦੇ ਸਬੰਧਾਂ ਬਾਰੇ ਜੋ ਖਬਰਾਂ ਛਪ ਰਹੀਆਂ ਹਨ ਉਨ੍ਹਾਂ ਨੂੰ ਪੜ੍ਹ ਕੇ ਹੈਰਾਨੀ ਹੀ ਨਹੀਂ ਸਗੋਂ ਅਫਸੋਸ ਵੀ ਹੈ ਕਿ ਭਾਰਤੀ ਮੀਡੀਆ ਕਿਸੇ ਵਿਅਕਤੀ ਦੇ ਨਿੱਜੀ ਜੀਵਨ 'ਚ ਕਿਸ ਹੱਦ ਤੱਕ ਦਖ਼ਲ ਦੇ ਰਿਹਾ ਹੈ ਜਦੋਂ ਕਿ ਪਾਕਿਸਤਾਨ 'ਚ ਤਸਵੀਰ ਇਸ ਦੇ ਬਿਲਕੁਲ ਉਲਟ ਹੈ।

ਇਹ ਰੂ-ਬ-ਰੂ ਪ੍ਰੋਗਰਾਮ ਚੰਡੀਗੜ੍ਹ ਪ੍ਰੈੱਸ ਕਲੱਬ ਵਲੋਂ ਕਰਵਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਉਹ ਪਹਿਲੀ ਦਫ਼ਾ ਜਲੰਧਰ ਦੇ ਪ੍ਰੈੱਸ ਕਲੱਬ ਦੇ ਉਦਘਾਟਨ ਮੌਕੇ ਮਿਲੀ ਸੀ ਤੇ ਉਹ ਮੁਲਾਕਾਤ ਹੀ ਹੌਲੀ-ਹੌਲੀ ਦੋਸਤੀ 'ਚ ਬਦਲ ਗਈ। ਉਨ੍ਹਾਂ ਇਸ ਵਾਦ ਵਿਵਾਦ ਲਈ ਮੀਡੀਆ ਨੂੰ ਦੋਸ਼ੀ ਠਹਿਰਾਉਂਦਿਆਂ ਆਖਿਆ ਕਿ ਕਿਸੇ ਦੀ ਨਿੱਜੀ ਜ਼ਿੰਦਗੀ 'ਚ ਦਖ਼ਲ ਦੇਣ ਦਾ ਰਿਵਾਜ਼ ਉਨ੍ਹਾਂ ਭਾਰਤ 'ਚ ਹੀ ਦੇਖਿਆ ਹੈ। ਉਨ੍ਹਾਂ ਪੱਤਰਕਾਰਾਂ ਨੂੰ ਨਿਹੋਰਾ ਮਾਰਦਿਆਂ ਇਥੋਂ ਤੱਕ ਕਿਹਾ ਕਿ 'ਚਾਰ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ' ਪਰ ਇੱਥੋਂ ਦੇ ਪੱਤਰਕਾਰਾਂ ਨੇ ਤਾਂ ਆਪਣੀ ਹੀ ਸਾਥੀ ਪੱਤਰਕਾਰ ਨੂੰ ਬਦਨਾਮ ਕਰਨ 'ਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਉਸ ਦਾ ਪੂਰਾ ਵਸਦਾ ਰਸਦਾ ਪਰਿਵਾਰ ਹੈ ਤੇ ਪੱਤਰਕਾਰਾਂ ਨੇ ਤਾਂ ਇਹ ਵੀ ਨਹੀਂ ਸੋਚਿਆ ਕਿ ਉਸ ਬਾਰੇ ਇਸ ਤਰ੍ਹਾਂ ਲਿਖਣ ਨਾਲ ਪਾਕਿਸਤਾਨ ਵਰਗੇ ਮੁਲਕ 'ਚ ਕਿਹੋ ਜਿਹੀ ਗੰਭੀਰ ਸਮੱਸਿਆ ਖੜ੍ਹੀ ਹੋ ਸਕਦੀ ਹੈ।

ਉਨ੍ਹਾਂ ਨੇ ਕਿਹਾ ਕਿ ਉਸ ਨੂੰ ਤਾਂ ਇਸ ਗੱਲ ਦਾ ਦੁੱਖ ਹੈ ਕਿ ਉਸ ਨਾਲ ਦੋਸਤੀ ਕਾਰਨ ਕੈਪਟਨ ਅਮਰਿੰਦਰ ਸਿੰਘ ਦੇ ਰਾਜਨੀਤਿਕ ਜੀਵਨ ਲਈ ਖ਼ਤਰਾ ਖੜ੍ਹਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਏਡਾ ਵੱਡਾ ਬਖੇੜਾ ਖੜ੍ਹਾ ਕਰਨ ਪਿੱਛੇ ਕਿਸੇ ਨਾ ਕਿਸੇ ਦੀ ਨਿੱਜੀ ਦਿਲਚਸਪੀ ਜ਼ਰੂਰ ਹੈ। ਬੀਬੀ ਅਰੂਸਾ ਨੇ ਕਿਹਾ ਕਿ ਉਹ ਦੁਨੀਆਂ ਦੇ ਬਹੁਤ ਸਾਰੇ ਮੁਲਕ ਘੁੰਮ ਚੁੱਕੀ ਹੈ ਤੇ ਅਨੇਕਾਂ ਹੀ ਵਿਅਕਤੀ ਉਸ ਦੇ ਦੋਸਤ ਹਨ, ਫਿਰ ਇਹ ਗੱਲ ਦੀ ਸਮਝ ਨਹੀਂ ਆ ਰਹੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਨਾਲ ਹੋਈ ਦੋਸਤੀ ਨੂੰ ਕਿਉਂ ਭੰਡਿਆ ਜਾ ਰਿਹਾ ਹੈ। ਪਾਕਿਸਤਾਨੀ ਖੁਫ਼ੀਆ ਏਜੰਸੀ ਦੀ ਏਜੰਟ ਹੋਣ ਦੇ ਦੋਸ਼ਾਂ ਨੂੰ ਨਕਾਰਦਿਆਂ ਉਨ੍ਹਾਂ ਕਿਹਾ ਕਿ ਉਹ ਕਈ ਸਾਲਾਂ ਤੋਂ ਹਿੰਦੋਸਤਾਨ ਆ ਰਹੀ ਹੈ ਫਿਰ ਕੀ ਕੈਪਟਨ ਅਮਰਿੰਦਰ ਸਿੰਘ ਨਾਲ ਦੋਸਤੀ ਪੈਣ ਤੋਂ ਇਕਦਮ ਬਾਅਦ ਹੀ ਉਹ ਆਈ. ਐੱਸ. ਆਈ. ਦੀ ਏਜੰਟ ਬਣ ਗਈ।

ਉਨ੍ਹਾਂ ਦੱਸਿਆ ਕਿ ਇਕ ਵਾਰੀ ਭਾਰਤੀ ਹਾਈ ਕਮਿਸ਼ਨ ਵਲੋਂ ਉਸ ਨੂੰ ਭਾਰਤ ਨਾ ਜਾਣ ਬਾਰੇ ਕਿਹਾ ਗਿਆ ਸੀ ਪਰ ਹੁਣ ਅਜਿਹੀ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਇਕ ਸਵਾਲ ਦੇ ਜਵਾਬ ਵਿਚ ਇਹ ਵੀ ਸਾਫ ਕੀਤਾ ਕਿ ਸਾਬਕਾ ਮੁੱਖ ਮੰਤਰੀ ਦੀ ਲੰਡਨ ਫੇਰੀ ਦੌਰਾਨ ਉਹ ਕਦੇ ਵੀ ਨਹੀਂ ਮਿਲੀ। ਲੁਧਿਆਣਾ ਦੇ ਸ਼ਾਹੀ ਇਮਾਮ ਵਲੋਂ ਦਿੱਤੇ ਫ਼ਤਵੇ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਅਨਪੜ੍ਹ ਤੇ ਜਾਹਿਲ ਮੁਲਾਣੇ ਇਸਲਾਮ ਦੀ ਗਲਤ ਵਿਆਖਿਆ ਕਰ ਰਹੇ ਹਨ ਜਦੋਂ ਕਿ ਇਸਲਾਮ ਤਾਂ ਬੜਾ ਲਿਬਰਲ ਧਰਮ ਹੈ ਜਿਥੇ ਇਸ ਤਰ੍ਹਾਂ ਦੀ ਦੋਸਤੀ 'ਤੇ ਕੋਈ ਪਾਬੰਦੀ ਨਹੀਂ। ਇਸ ਵਾਦ ਵਿਵਾਦ ਦਾ ਕੋਈ ਅੰਤ ਹੋਣ ਸੰਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਤੁਸੀਂ ਹੀ ਇਹ ਸਭ ਕੁਝ ਖੜ੍ਹਾ ਕੀਤਾ ਹੈ ਤੇ ਆਪ ਹੀ ਖ਼ਤਮ ਕਰ ਦਿਓ।

ਪਰ ਉਨ੍ਹਾਂ ਨਾਲ ਹੀ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਉਸ ਦੇ ਅੱਛੇ ਦੋਸਤ ਹਨ ਇੰਸ਼ਾ ਅੱਲ੍ਹਾ ਦੋਸਤ ਹੀ ਰਹਿਣ। ਇਕ ਸਵਾਲ ਦੇ ਉੱਤਰ 'ਚ ਉਨ੍ਹਾਂ ਨੇ ਇਥੋਂ ਤੱਕ ਕਿਹਾ ਕਿ ਨਾ ਤਾਂ ਉਹ ਇਸਲਾਮ ਧਰਮ ਛੱਡੇਗੀ ਅਤੇ ਨਾ ਹੀ ਮਹਾਰਾਜਾ ਨੂੰ ਸਿੱਖ ਧਰਮ ਛੱਡਣ ਦੀ ਲੋੜ ਪਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹੁੰਦਿਆਂ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨ 'ਚ ਬਹੁਤ ਮਕਬੂਲੀਅਤ ਸੀ ਜਦੋਂ ਕਿ ਹੁਣ ਵਾਲੇ ਮੁੱਖ ਮੰਤਰੀ ਦਾ ਤਾਂ ਉੱਥੇ ਕੋਈ ਨਾ ਵੀ ਨਹੀਂ ਜਾਣਦਾ। ਮੋਤੀ ਬਾਗ ਪਟਿਆਲਾ ਜਾਣ ਦਾ ਸਬੱਬ ਬਿਆਨਦਿਆਂ ਉਨ੍ਹਾਂ ਨੇ ਕਿਹਾ ਕਿ ਉਹ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਦਾ ਹਾਲ ਚਾਲ ਪੁੱਛਣ ਲਈ ਆਈ ਸੀ ਪਰ ਕਿਉਂਕਿ ਉਨ੍ਹਾਂ ਦੀ ਭੈਣ ਦੇ ਚੰਡੀਗੜ੍ਹ ਸਥਿਤ ਘਰ'ਚ ਜ਼ਿਆਦਾ ਮਹਿਮਾਨ ਆਏ ਹੋਏ ਸਨ ਤਾਂ ਕੈਪਟਨ ਸਾਹਿਬ ਨੇ ਮੋਤੀ ਬਾਗ ਜਾਣ ਲਈ ਕਿਹਾ ਤੇ ਉਹ ਚਲੀ ਗਈ। ਉਨ੍ਹਾਂ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੂੰ ਮਿਲੇ ਸਨ।



ਅਰੂਸਾ ਆਲਮ ਤੇ ਕੈਪਟਨ ਅਮਰਿੰਦਰ ਸਿੰਘ

ਬਹੁਚਰਚਿਤ ਪਾਕਿਸਤਾਨੀ ਪੱਤਰਕਾਰ ਅਰੂਸਾ ਆਲਮ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਸਬੰਧਾਂ ਦਾ ਕਿੱਸਾ ਭਾਂਵੇਂ ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਧਮਾਕੇ ਦੀ ਗੂੰਜ ਨੇ ਨਿਗਲ ਲਿਆ ਹੈ ਪਰ ਜਾਪਦਾ ਹੈ ਇਸ ਦੀ ਧਮਕ ਆਉਂਦੇ ਦਿਨਾਂ ਵਿਚ ਵੀ ਪੈਂਦੀ ਰਹਿਣੀ ਹੈ। ਯਾਦ ਰਹੇ ਇਹ ਮਸਲਾ ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਵਿਚ ਵੀ ਗੂੰਜਿਆ ਸੀ। ਵਿਧਾਨ ਸਭਾ ਇਜਲਾਸ ਦੇ ਵਿਚ ਇਹ ਮਾਮਲਾ ਉਠਣ ਤੋਂ ਬਾਅਦ 26 ਦਸੰਬਰ ਨੂੰ ਇਥੇ ਪੰਜਾਬ ਦੇ ਮੁਸਲਿਮ ਦੀਨੀ ਮਰਕਜ਼ ਜਾਮਾ ਮਸਜਿਦ ਲੁਧਿਆਣਾ ਦੇ ਸ਼ਾਹੀ ਇਮਾਮ ਵਲੋਂ ਅਰੂਸਾ ਵਿਰੁਧ 'ਫਤਵਾ' ਜਾਰੀ ਕਰਨ ਨਾਲ ਇਹ ਮੁੱਦਾ ਹੋਰ ਜ਼ਿਆਦਾ ਭਖਦਾ ਨਜ਼ਰ ਆਇਆ ।

ਸ਼ਾਹੀ ਇਮਾਮ ਮੌਲਾਨਾ ਹਬੀਬ-ਉਰ-ਰਹਿਮਾਨ ਨੇ ਅਰੂਸਾ ਵਿਰੁਧ ਫਤਵਾ ਜਾਰੀ ਕਰਦਿਆਂ ਮੁਸਲਿਮ ਭਾਈਚਾਰੇ ਨੂੰ ਉਸ ਦੇ (ਅਰੂਸਾ) ਮੁਕੰਮਲ ਸਮਾਜਿਕ ਬਾਈਕਾਟ (ਤਾਲੁਕਾਤ ਕਤਾ) ਦਾ ਹੁਕਮ ਦਿੱਤਾ ਹੈ। ਫਤਵੇ ਦਾ ਐਲਾਨ ਮੌਲਾਨਾ ਹਬੀਬ-ਉਰ-ਰਹਿਮਾਨ ਨੇ ਜਾਮਾ ਮਸਜਿਦ ਵਿਚ ਹੋਈ ਇਕ ਭਰਵੀਂ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਫਤਵੇ ਵਿਚ ਕਿਹਾ ਗਿਆ ਹੈ ਕਿ ਜੇਕਰ ਕੋਈ ਮੁਸਲਮਾਨ ਔਰਤ ਕਿਸੇ ਗੈਰ ਮਰਦ ਦੇ ਨਾਲ ਰਹੇ ਤਾਂ ਇਸਲਾਮੀ ਕਾਨੂੰਨ ਦੇ ਅਨੁਸਾਰ ਹਰਾਮ ਹੈ। ਇਸਲਾਮ ਧਰਮ ਵਿਚ ਕਿਸੇ ਵੀ ਔਰਤ ਨੂੰ ਇਸ ਗੱਲ ਦੀ ਆਗਿਆ ਨਹੀਂ ਕਿ ਉਹ ਕਿਸੇ ਗੈਰ-ਮਰਦ ਨੂੰ ਆਪਣਾ ਦੋਸਤ ਕਹੇ, ਜਾਂ ਫਿਰ ਉਸ ਦੇ ਨਾਲ ਘੁੰਮੇ-ਫਿਰੇ।

ਇਸਲਾਮੀ ਕਾਨੂੰਨ ਅਨੁਸਾਰ ਜੇਕਰ ਸਾਬਿਤ ਹੋ ਜਾਵੇ ਕਿ ਕਿਸੇ ਮੁਸਲਿਮ ਔਰਤ ਦੇ ਕਿਸੇ ਗੈਰ-ਮਰਦ ਦੇ ਨਾਲ ਨਾਜਾਇਜ਼ ਸਬੰਧ ਹਨ ਤਾਂ ਉਨ੍ਹਾਂ ਦੋਹਾਂ ਨੂੰ ਸੰਗਸਾਰ ਕਰਨ (ਯਾਨੀ ਪੱਥਰ ਮਾਰਨ) ਦਾ ਹੁਕਮ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਭਾਰਤ ਵਿਚ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ, ਇਸ ਲਈ ਇਸਲਾਮ ਧਰਮ ਦੇ ਅਨੁਸਾਰ ਇਥੇ ਅਜਿਹਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਿੱਖ ਧਰਮ ਨਾਲ ਸਬੰਧ ਰੱਖਦੇ ਹਨ, ਇਸ ਕਰਕੇ ਉਨ੍ਹਾਂ ਵਿਰੁਧ ਕੀ ਕਾਰਵਾਈ ਕਰਨੀ ਹੈ ਜਾਂ ਨਹੀਂ ਕਰਨੀ, ਇਹ ਸਿੰਘ ਸਾਹਿਬਾਨ ਨੇ ਦੇਖਣਾ ਹੈ।

# Real Estate and Loans Under One Roof

*For Buying and Selling Residential, Commercial property and for Loans in Sacramento area*

**Call: Sam Chahal Tel: 916-612-5773**



ਜ਼ਮੀਨ ਜਾਇਦਾਦ ਦੀ ਖਰੀਦ-ਵੇਚ ਦਾ ਵਧੀਆ ਸੌਦਾ ਬਣਾਉਣ ਲਈ ਸਾਨੂੰ ਕਾਲ ਕਰੋ

Sam (Sohanpreet)Chahal
Realtor/Notary Public
e-mail:sam@jassigill.com

ਜੀਰੋ ਕਲੋਜ਼ਿੰਗ ਕਾਸਟ ਨਾਲ ਰੀਫਿਨਾਂਸ ਕਰਾਓ

**Free Notary**

We Help You Buy/Sell Business & Homes

# Golden State Realty

Sacramento Office: 8695 Territorial Way, Elk Grove CA 95624
Tel:- 916-612-5773 Fax:- 916-689-5707

# ਮਰਦਾਨਾ ਕਮਜੋਰੀ ਦਾ ਸੌ ਫੀਸਦੀ ਇਲਾਜ

## ਖਾਲਸ ਸੋਨੇ ਦੇ ਕੁਸ਼ਤੇ ਅਤੇ ਕਸਤੂਰੀ ਤੋਂ ਬਣੀ ਮਰਦਾਨਾ ਤਾਕਤ ਦੀ ਨਾਯਾਬ ਦਵਾਈ

ਢਾਈ ਹਜਾਰ ਸਾਲ ਪੁਰਾਣਾ ਨੁਸਖਾ ਆਪਣੇ ਖਾਲਸਪਨ ਅਤੇ ਕੁਆਲਿਟੀ ਵਿਚ ਬੇਮਿਸਾਲ, ਜਿਸਦਾ ਕੋਈ ਸਾਈਡ ਇਫੈਕਟ ਨਹੀਂ। ਇਸਦੇ ਇਲਾਵਾ ਬੇਹਿਸਾਬ ਫਾਇਦੇ ਜੋ ਅਸੀਂ ਇਸ ਇਸ਼ਤਿਹਾਰ ਵਿਚ ਦੇਣੇ ਮੁਨਾਸਿਬ ਨਹੀਂ ਸਮਝਦੇ। ਫੋਨ ਕਰਕੇ ਮੁਕੰਮਲ ਜਾਣਕਾਰੀ ਹਾਸਲ ਕਰੋ।

ਜਿਹੜੇ ਵੀਰ ਸੂਗਰ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਆਈ ਕਮਜੋਰੀ ਕਾਰਨ ਆਪਣਾ ਭਰੋਸਾ ਗਵਾ ਚੁਕੇ ਹਨ ਅਤੇ ਹੋਰ ਦਵਾਈਆਂ ਤੋਂ ਮਾਯੂਸ ਹੋ ਕੇ ਗ੍ਰਹਿਸਥ ਜੀਵਨ ਤੋਂ ਘਬਰਾਉਂਦੇ ਹਨ, ਇਕ ਵਾਰ ਸਾਡੀ ਦਵਾਈ ਜਰੂਰ ਅਜਮਾਉਣ, ਨਿਰਾਸ਼ ਨਹੀਂ ਹੋਣਗੇ। ਮੁਫਤ ਅਤੇ ਗੁਪਤ ਮਸ਼ਵਰੇ ਲਈ ਅਜ ਹੀ ਕਾਲ ਕਰੋ।

ਸਾਡੇ ਪਾਸੋਂ ਅਸਲੀ ਸ਼ਿਲਾਜੀਤ ਵੀ ਮਿਲ ਸਕਦੀ ਹੈ ਅਤੇ ਬਲੱਡ ਪ੍ਰੈਸ਼ਰ ਦੀ ਕਾਰਗਰ ਦਵਾਈ ਵੀ।

**ਸਮਾਂ**
ਸੋਮਵਾਰ ਤੋਂ ਸ਼ੁੱਕਰਵਾਰ
ਸਵੇਰੇ 10 ਵਜੇ ਤੋਂ ਸ਼ਾਮੀਂ 8 ਵਜੇ ਤੱਕ

ਸੰਪਰਕ ਕਰੋ :-



# ਫਰਮਿਏ ਇਿਨਚ।

*825, ੌਰਟਹ ਛਅਸਸ ੌਵਇ।, ੰਟਿ 204*
*ੌਅਕ ੌਨਟ ਭੁਸਨਿੲਸਸ ਛੲਨਟੲਰ, ੱੲਸਟ ੌਨਟ ,ੀ 60559*

**ਫਹ: ਠੋਲਲਾਂਰੲੲ: 1-866-774-6307**
**630-455-0998 630-863-3438**

# ਇੰਡੀਆਨਾ ਵਿਚ ਸੈਟਲ ਹੋਣ ਲਈ ਇਮਾਨਦਾਰ ਅਤੇ ਪ੍ਰੋਫੈਸ਼ਨਲ ਸੇਵਾਵਾਂ

***Real Estate/ Loans*** **Business/Commercial**

ਹਰ ਤਰ੍ਹਾਂ ਦੇ ਲੋਨ ਲਈ ਮਦਦ ਕਰ ਸਕਦੇ ਹਾਂ



ਗੈਸ ਸਟੇਸ਼ਨ/ ਕਨਵੀਨੀਐਂਸ ਸਟੋਰ *ਅਪਾਰਟਮੈਂਟ ਕੰਪਲੈਕਸ *ਹੋਟਲ/ ਮੋਟਲ *ਖਾਲੀ ਲਾਟ ਦੀ ਵਧੀਆ ਡੀਲ ਲਉ

**Varinder Sahi, MBA,**
Owner/Broker
**Ph 317 430 3434**
Fax 317 723 6005
Off 317 248 4800
Email: vsahi@remax.net
www.varindersahi.com

# HOT LISTINGS

■ਫਅਚਕਅਗੲ ੋ ਾ ਟੌੀ ਠੂਛਖ ੰਟੋਪਸ ੋਨਲੇ 20 ਮਲਿੲਸ ਅਪਅਰਟ ੋਰ ੋਨਲੇ $2,100,000। ਨੲ ਲੋਚਅਟੌਨਿ ਹਅਸ $60,000 ਨਿਸਦਿੲੱ ਟਿਹੁਟ ਲੋਟਟੲਰੇ ਅਨਦ 120,000 ਗਅਲਲੋਨਸ, 4।5 ਅਚਰੲਸ। ੰੲਚੋਨਦ ਲੋਚਅਟੌਨਿ ਹਅਸ $65,000 ਨਿਸਦਿੲ ੱਟਿਹੁਟ ਲੋਟਟੲਰੇ ਅਨਦ 60,000 ਗਅਲਲੋਨਸ 3।5 ਅਚਰੲਸ, 3 ਬੲਦਰੋਮ ਹੁਸੲ ਅਲਸੋਨਿਚਲੁਦੲਦ!!

■ੰਨਿ ਠਰੁਚਕ ਸਟੋਪ!! 5।5 ਅਚਰੲਸ $100,000 ਨਿਸਦਿੲ, 120,000 ਗਅਲਲੋਨਸ ਗੲਦ ਪਸਦਿੲ ਪੋਟੲਨਟਅਿਲ। ਨਲੇ 40 ਮਲਿੲਸ ੋਰੋਮ ੀਨਦਅਿਨਅਪੋਲਸਿ

■5 ਰੋਲਦ ਭਫ ੰਟਅਟੌਨਿੱ ਟਿਹ 12 ੍ਹੲਲਨਿਗ ਸਟਅਟੌਨਿਸ, ਨਿਸਦਿੲ $75,000 ਘਅਲਲੋਨਸ 100,000। ਚਧੋਨਅਲਦ ’ਸੱ ਟਿਹ 20 ੲਅਰ ਲੲਅਸੲ ਪਅੲਨਿਗ $4,500 ਪੲਰ ਮੋਟਹ ਓਿੰਖੀਂਘ $1,650,000 ਓਚਟ ਤੁਚਿਕਲੋ। (ਭਅਨਕ ਅਪਪਰਅਸਿੲਦ ਅਟ $2,200,000)

■ਰਿਘੂ ੰਠੂਓ ੱਟਿਹ ਪਰੋਪੲਰਟੲ, ੈਨਟਹਲੇ ਸਅਲੲਸ $70,000 (ੰਨਦਅੲ ਛਲੋਸੲਦ), ਓਸਕਨਿਗ $990,000 ੰਓ਼ਓ ੀਓੰਛੀਂਘ ਓੜਓੀਓਭ਼ਓ ਅਟ 25% ਦੌਨ ਪਅੲਮੲਨਟ।

■ਓਲਸੋਅਵਅਲਿਅਬਲੲ ਅਰੲੋਟੲਲਸ ਅਨਦ ਬੱਅੲਸ



# ਹੇਠਲੀ ਜਾਤ ਵਿਚ ਵਿਆਹ ਕਰਵਾਉਣ ਕਰਕੇ ਬੇਟੀ ਦਾ ਪਰਿਵਾਰ ਅੱਗ ਦੀ ਭੇਟ ?

ਸ਼ਿਕਾਗੋ: ਇਕ 57 ਸਾਲਾ ਭਾਰਤੀ ਨੇ ਆਪਣੀ ਲੜਕੀ, ਉਸ ਦੇ ਪਤੀ ਅਤੇ ਤਿੰਨ ਸਾਲਾਂ ਦੇ ਉਨ੍ਹਾਂ ਦੇ ਬੱਚੇ ਨੂੰ ਅੱਗ ਲਗਾ ਕੇ ਜਿੰਦਾ ਜਲਾ ਦੇਣ ਦਾ ਦੋਸ਼ ਹੈ। ਕੁੱਕ ਕਾਊਂਟੀ ਦੇ ਅਸਿਸਟੈਂਟ ਸਟੇਟ ਅਟਾਰਨੀ ਰਾਬਰਟ ਮਿਲਾਨ ਅਨੁਸਾਰ ਇਸ ਹਾਦਸੇ ਦਾ ਕਾਰਨ ਸਿਰਫ ਇਹ ਸੀ ਕਿ ਸੰਬੰਧਤ ਵਿਅਕਤੀ ਦੀ ਬੇਟੀ ਨੇ ਭਾਰਤ ਵਿਚ ਹੇਠਲੀ ਜਾਤ ਦੇ ਸਮਝੇ ਜਾਂਦੇ ਲੜਕੇ ਨਾਲ ਵਿਆਹ ਕਰਵਾ ਲਿਆ ਸੀ।

ਇਥੋਂ ਦੀ ਇਕ ਸਬਰਬ ਮਰੱਕਮ ਦੇ ਜੱਜ ਮਾਰਟਿਨ ਐੱਮ. ਸੀ. ਡੌਨਹੋ ਦੀ ਅਦਾਲਤ ਵਿਚ ਸੁਣੇ ਗਏ ਇਸ ਕੇਸ ਦੀ ਪੈਰਵੀ ਕਰ ਰਹੇ ਸਰਕਾਰੀ ਵਕੀਲਾਂ ਅਨੁਸਾਰ ਸੁਭਾਸ਼ ਚੰਦਰ ਨਾਂ ਦਾ ਇਹ ਵਿਅਕਤੀ ਆਪਣੀ ਗਰਭਵਤੀ ਲੜਕੀ ਮੋਨਿਕਾ ਰਾਣੀ (22) ਉਸ ਦੇ 30 ਸਾਲਾ ਪਤੀ ਰਾਜੇਸ਼ ਕੁਮਾਰ ਅਤੇ ਪੁੱਤਰ ਵੰਸ਼ ਤੋਂ ਇਲਾਵਾ ਗਰਭ ਵਿਚਲੇ ਅਣਜੰਮੇ ਬੱਚੇ ਦਾ ਕਾਤਲ ਹੈ। ਸ੍ਰੀ ਸੁਭਾਸ਼ ਚੰਦਰ ਉੱਪਰ ਸੋਮਵਾਰ ਦੀ ਰਾਤ ਨੂੰ ਫਸਟ ਡਿਗਰੀ ਕਤਲ ਦੇ ਦੋਸ਼ ਲਗਾਏ ਗਏ। ਇਹ ਇਰਾਦਤਨ ਕਤਲ ਇਥੋਂ ਦੀ ਇਕ ਸਬਰਬ ਓਕ ਫੋਰੈਸਟ ਵਿਖੇ ਹੋਇਆ। ਇਸ ਸੰਬੰਧ ਵਿਚ ਦੋਸ਼ੀ ਵਲੋਂ ਜਿਸ ਅਪਾਰਟਮੈਂਟ ਨੂੰ ਅੱਗ ਲਗਾਈ ਗਈ ਉਸ ਨੇ ਬੀਤੇ ਸ਼ਨੀਵਾਰ ਦੀ ਰਾਤ ਨੂੰ ਸੰਬੰਧਤ ਬਿਲਡਿੰਗ ਦੇ 36 ਯੂਨਿਟਾਂ ਨੂੰ ਵੀ ਨੁਕਸਾਨ ਪਹੁੰਚਾਇਆ। ਇਹ ਹਾਦਸਾ ਓਕ ਫੌਰੈਸਟ ਦੇ ਲੀ ਕਲੇਰੀ ਅਪਾਰਟਮੈਂਟਜ਼ ਵਿਖੇ ਵਾਪਰਿਆ।

ਕੁੱਕ ਕਾਊਂਟੀ ਦੇ ਅਸਿਸਟੈਂਟ ਸਟੇਟ ਅਟਾਰਨੀ ਰਾਬਰਟ ਮਿਲਾਨ ਨੇ ਕਿਹਾ ਕਿ ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਅੱਗ ਨੇ



ਕਿੰਨੀ ਵੱਡੀ ਪੱਧਰ 'ਤੇ ਲੋਕਾਂ ਦੀ ਜਾਨ ਨੂੰ ਖ਼ਤਰਾ ਖੜ੍ਹਾ ਕੀਤਾ, ਅਮਰੀਕੀ ਇਤਿਹਾਸ ਵਿਚ ਇਹ ਇਸ ਕਿਸਮ ਦਾ ਵੱਡਾ ਕਤਲੇਆਮ ਕਰਨ ਦੀ ਸਭਵਾਨਾ ਵਾਲਾ ਕੇਸ ਸਾਬਤ ਹੋਵੇਗਾ।

ਪਰ ਇਸੇ ਦੌਰਾਨ ਸ੍ਰੀ ਸੁਭਾਸ਼ ਚੰਦਰ ਦੀ ਭੈਣ ਕਮਲਾ ਦੇਵੀ ਨੇ ਇਕ ਖਬਰ ਏਜੰਸੀ ਨੂੰ ਦੱਸਿਆ ਕਿ ਉਸ ਦਾ ਭਰਾ ਨਿਰਦੋਸ਼ ਹੈ। ਉਨ੍ਹਾਂ ਦੱਸਿਆ ਕਿ ਪਰਿਵਾਰ ਵਲੋਂ ਵਿਆਹ ਨੂੰ ਮਾਨਤਾ ਦੇ ਦਿੱਤੀ ਗਈ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਉਸ ਦਾ ਪਰਿਵਾਰ ਨਾ ਤਾਂ ਭਾਰਤ ਵਿਚ ਅਤੇ ਨਾ ਹੀ ਇਥੇ ਜਾਤ-ਪਾਤ ਵਿਚ ਵਿਸ਼ਵਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਘਰ ਵਿਚ ਕੋਈ ਪਰਿਵਾਰਕ ਸਮੱਸਿਆ ਵੀ ਨਹੀਂ ਸੀ। ਸ੍ਰੀਮਤੀ ਕਮਲਾਦੇਵੀ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਭਾਰਤ ਵਿਚ ਇਕ ਆਧੁਨਿਕ ਸ਼ਹਿਰ ਚੰਡੀਗੜ੍ਹ ਵਿਚ ਰਹਿੰਦਾ ਹੈ।

ਦੂਜੇ ਪਾਸੇ ਸ੍ਰੀ ਮਿਲਾਨ ਨੇ ਕਿਹਾ ਕਿ ਸੁਭਾਸ਼ ਚੰਦਰ ਵਲੋਂ ਅੱਗ ਜਾਣ-ਬੁੱਝ ਕੇ ਲਗਾਈ ਗਈ ਹੈ। ਸਾਰੇ ਸਬੂਤ ਇਸ ਦੀ ਗਵਾਹੀ ਭਰਦੇ ਹਨ। ਉਨ੍ਹਾਂ ਕਿਹਾ ਕਿ ਇਸ ਅੱਗ ਨੇ ਹੋਰ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰਾ ਖੜ੍ਹਾ ਕਰਨ ਤੋਂ ਇਲਾਵਾ ਸੰਬੰਧਤ ਇਮਾਰਤ ਵਿਚਲੇ 36 ਯੂਨਿਟ ਤਬਾਹ ਕਰ ਦਿੱਤੇ। ਉਨ੍ਹਾਂ ਕਿਹਾ ਕਿ ਸੁਭਾਸ਼ ਚੰਦਰ ਨੇ ਅੱਗ ਲਾਉਣ ਦਾ ਦੋਸ਼ ਸਵੀਕਾਰ ਕਰ ਲਿਆ ਹੈ। ਦੋਸ਼ੀ ਨੇ ਦੱਸਿਆ ਕਿ " ਉਸ ਨੇ ਗੈਸੋਲੀਨ ਆਪਣੀ ਬੇਟੀ ਲਈ ਖਰੀਦੀ ਸੀ। ਬਾਅਦ ਵਿਚ ਉਹ ਆਪਣੇ ਜਵਾਈ ਨਾਲ ਹੱਥੋਪਾਈ ਹੋ ਗਿਆ ਅਤੇ ਇਸ ਦੌਰਾਨ ਉਸ ਨੇ (ਜਵਾਈ ਨੇ) ਇਕ ਲਾਈਟਰ ਨਾਲ ਇਸ ਹੱਥੋਪਾਈ 'ਚ ਡੁੱਲ੍ਹ ਗਈ ਗੈਸੋਲੀਨ ਨੂੰ ਅੱਗ ਲਗਾ ਦਿੱਤੀ। ਪਰ ਸਰਕਾਰੀ ਧਿਰ ਇਸ ਉੱਪਰ ਵਿਸ਼ਵਾਸ ਨਹੀਂ ਕਰਦੀ।

ਸ੍ਰੀ ਮਿਲਾਨ ਅਨੁਸਾਰ "ਇਹ ਕਹਾਣੀ ਉਸ ਨੇ ਝੂਠੀ ਘੜੀ ਹੋਈ ਹੈ। ਜਦਕਿ ਸਾਰੇ ਸਬੂਤ ਇਹ ਵਿਖਾਉਂਦੇ ਹਨ ਕਿ ਇਥੇ ਦੋਨਾਂ ਵਿਚਕਾਰ ਕੋਈ ਹੱਥੋਪਾਈ ਨਹੀਂ ਹੋਈ। ਜਦੋਂ ਸੁਭਾਸ਼ ਚੰਦਰ ਦੀ ਬੇਟੀ ਦਾ ਪਰਿਵਾਰ ਸੌਂ ਰਿਹਾ ਸੀ ਤਾਂ ਇਸ ਨੇ ਬੂਹੇ ਉੱਤੇ ਗੈਸੋਲੀਨ ਛਿੜਕੀ ਅਤੇ ਅੱਗ ਲਗਾ ਦਿੱਤੀ।" ਸ੍ਰੀ ਮਿਲਾਨ ਅਨੁਸਾਰ ਇਹ ਵਿਅਕਤੀ ਆਪਣੇ ਜਵਾਈ ਨੂੰ ਪਸੰਦ ਨਹੀਂ ਸੀ ਕਰਦਾ। ਉਸ ਦੇ ਜਵਾਈ ਨੇ ਸੁਭਾਸ਼ ਚੰਦਰ ਦੀ ਬੇਟੀ ਨਾਲ ਵਿਆਹ ਉਸ ਦੀ ਇਜਾਜ਼ਤ ਤੋਂ ਬਿਨਾ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਸੁਭਾਸ਼ ਚੰਦਰ ਦੇ ਜਵਾਈ ਦੇ ਪਰਿਵਾਰ ਨੂੰ ਭਾਰਤ ਵਿਚ ਹੇਠਲੀ ਜਾਤ ਦਾ ਜਾਂਦਾ ਹੈ। ਸ੍ਰੀ ਮਿਲਾਨ ਨੇ ਕਿਹਾ ਕਿ ਸੁਭਾਸ਼ ਚੰਦਰ ਨੇ ਦੋ ਘੰਟੇ ਪਹਿਲਾਂ ਗੈਸੋਲੀਨ ਖਰੀਦੀ ਸੀ। ਉਨ੍ਹਾਂ ਕਿਹਾ ਕਿ ਸਿਟਗੋ ਗੈਸ ਸਟੇਸ਼ਨ ਦਾ ਕਲਰਕ ਵੀ ਇਹ ਆਖਦਾ ਹੈ ਕਿ ਜਦੋਂ ਦੋਸ਼ੀ ਉਹਦੇ ਕੋਲ ਗੈਸ ਖਰੀਦਣ ਲਈ ਆਇਆ ਤਾਂ ਉਸ ਨੇ ਇਕ ਗੈਲਨ ਗੈਸ ਲਈ 5 ਡਾਲਰ ਦਿੱਤੇ ਅਤੇ ਬਿਨਾ ਚੇਂਜ ਲਏ ਵਾਪਸ ਚਲਾ ਗਿਆ। ਕਲਰਕ ਨੇ ਦੱਸਿਆ ਕਿ ਉਸ ਨੇ ਉਸੇ ਸਮੇਂ ਅਨੁਭਵ ਕਰ ਲਿਆ ਸੀ ਕਿ ਇਸ ਕਹਾਣੀ ਪਿੱਛੇ ਕੁਝ ਗਲਤ ਜ਼ਰੂਰ ਹੈ।

## ਤਸਵੀਰ ਲਗਾਉਣ 'ਚ ਪੰਜਾਬ ਸਰਕਾਰ ਦਾ ਕੋਈ ਹੱਥ ਨਹੀਂ : ਬਾਦਲ

ਮੋਗਾ : ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਲਗਾਉਣ ਵਿਚ ਪੰਜਾਬ ਸਰਕਾਰ ਦਾ ਕੋਈ ਹੱਥ ਨਹੀਂ ਹੈ। ਇਹ ਤਸਵੀਰ ਐੱਸ. ਜੀ. ਪੀ. ਸੀ. ਜੋ ਸਿੱਖਾਂ ਦੀ ਖੁਦਮੁਖਤਿਆਰ ਸੰਸਥਾ ਹੈ, ਉਨ੍ਹਾਂ ਵਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਨਾਲ ਵਿਚਾਰ-ਵਟਾਂਦਰਾ ਕਰਨ ਦੇ ਬਾਅਦ ਲਗਾਈ ਹੈ।

ਉਕਤ ਵਿਚਾਰ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ ਲੰਘੀ 4 ਦਸੰਬਰ ਨੂੰ ਮੋਗਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਇਸ ਸਮੇਂ ਅਜਮੇਰ ਸਿੰਘ ਲੱਖੋਵਾਲ, ਸ਼ੀਤਲ ਸਿੰਘ, ਜਥੇਦਾਰ ਤੋਤਾ ਸਿੰਘ ਆਦਿ ਹਾਜ਼ਰ ਸਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਅਮਨ-ਸ਼ਾਂਤੀ ਨੂੰ ਕੁਝ ਜਥੇਬੰਦੀਆਂ ਨੁਕਸਾਨ ਪਹੁੰਚਾਉਣਾ ਚਾਹੁੰਦੀਆਂ ਹਨ ਪਰ ਪੰਜਾਬ ਸਰਕਾਰ ਅਮਨ-ਕਾਨੂੰਨ ਦੀ ਹਾਲਤ ਪੰਜਾਬ ਵਿਚ ਬਣਾਉਣ ਲਈ ਬਚਨਬੱਧ ਹੈ। ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਨੁਕਸਾਨ ਪਹੁੰਚਾਉਣ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਨੂੰ ਲੈ ਕੇ ਕਾਂਗਰਸ ਪਾਰਟੀ ਤੇ ਹੋਰ ਕਈ ਵਿਰੋਧੀ ਜਥੇਬੰਦੀਆਂ ਬੇਵਜ੍ਹਾ ਬਿਆਨਬਾਜ਼ੀ ਕਰ ਰਹੀਆਂ ਹਨ, ਜੋ ਕਿ ਰਾਜ ਦੇ ਹਿੱਤ ਵਿਚ ਨਹੀਂ ਹੈ।

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਲਏ ਗਏ ਫੈਸਲੇ ਤੋਂ ਬਾਅਦ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਕੇਂਦਰੀ ਸਿੱਖ ਅਜਾਇਬ ਘਰ 'ਚ ਲਗਾਈ ਗਈ ਫੋਟੋ ਬਾਰੇ ਉਠੇ ਵਿਵਾਦ ਨੂੰ ਲੈ ਕੇ ਜਿੱਥੇ ਵੱਖ-ਵੱਖ ਜਥੇਬੰਦੀਆਂ ਸਾਹਮਣੇ ਆ ਰਹੀਆਂ ਹਨ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਫੋਟੋ ਦੇ ਮਾਮਲੇ ਨੂੰ ਲੈ ਕੇ ਕਾਫੀ ਚੌਕਸ ਹੋ ਗਈ ਹੈ। 29 ਨਵੰਬਰ ਨੂੰ ਜਿਸ ਪਿੱਲਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਅਦਾ ਕੀਤੀ ਸੀ, ਉਸ ਪਿੱਲਰ ਤੋਂ ਤਸਵੀਰ ਨੂੰ ਲਾਹ ਕੇ ਕੇਂਦਰੀ ਸਿੱਖ ਅਜਾਇਬ ਘਰ 'ਚ ਸਭ ਤੋਂ ਅਖੀਰਲੇ ਕਮਰੇ ਵਿਚ ਕੰਧ ਦੇ ਉਪਰ 11 ਫੁੱਟ ਉੱਚਾ ਲਾ ਦਿੱਤਾ ਗਿਆ ਹੈ ਜਦੋਂ ਕਿ ਪਹਿਲਾਂ ਇਹ ਤਸਵੀਰ 4 ਫੁੱਟ ਦੀ ਉਚਾਈ 'ਤੇ ਲਗਾਈ ਗਈ ਸੀ।

# ਅਮਿਤਾਬ ਬੱਚਨ ਨੂੰ ਸਿਰੋਪਾ ਦਿਤੇ ਜਾਣ ਦੀ ਨਿਖੇਧੀ

ਚੰਡੀਗੜ੍ਹ: ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਫਿਲਮ ਅਦਾਕਾਰ ਅਮਿਤਾਬ ਬੱਚਨ ਨੇ ਸ਼੍ਰੋਮਣੀ ਕਮੇਟੀ ਵਲੋਂ ਸਿਰੋਪਾਓ ਦਿਤੇ ਜਾਣ ਦੀ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਅਮਿਤਾਬ ਬੱਚਨ ਕਿਉਂਕਿ 1984 ਦੇ ਸਿੱਖ ਕਤਲੇਆਮ ਦਾ ਦੋਸ਼ੀ ਹੈ ਇਸ ਲਈ ਇਸਨੂੰ ਸਿਰੋਪਾਓ ਦੇ ਕੇ ਸ਼੍ਰੋਮਣੀ ਕਮੇਟੀ ਨੇ ਘੋਰ ਅਪਰਾਧ ਕੀਤਾ ਹੈ। ਇਨ੍ਹਾਂ ਦੋਹਾਂ ਜਥੇਬੰਦੀਆਂ ਵੱਲੋਂ "ਨਵੰਬਰ 1984-ਇੱਕ ਸਰਕਾਰੀ ਸਿੱਖ ਕਤਲੇਆਮ" ਦੇ ਨਾਮ ਹੇਠ ਇੱਕ ਡਾਕੂਮੈਂਟਰੀ ਰਲੀਜ ਕੀਤੀ ਗਈ ਸੀ, ਜਿਸ ਵਿੱਚ ਬਾਬੂ ਸਿੰਘ ਦੁਖੀਆ ਅਤੇ ਦਿੱਲੀ ਦੇ ਸਿੱਖ ਕਤਲੇਆਮ ਦੇ ਸ਼ਿਕਾਰ ਪ੍ਰੀਵਾਰਾਂ ਨੇ ਦੱਸਿਆ ਸੀ ਕਿ ਦੂਰਦਰਸ਼ਨ ਉਤੇ ਨਵੰਬਰ 1984 ਨੂੰ ਅਮਿਤਾਬ ਬੱਚਨ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਇਹ ਨਾਅਰਾ ਲਗਾਇਆ ਸੀ "ਖ਼ੂਨ ਕਾ ਬਦਲਾ ਖ਼ੂਨ" - "ਇੰਦਰਾ ਜੀ ਹਮਾਰੀ ਮਾਂ ਥੀਂ ਉਨਕੇ ਖੂਨ ਕੇ ਛੀਂਟੇ ਹਤਿਆਰੇ (ਸਿੱਖੋਂ) ਕੇ ਘਰੋ ਤਕ ਪਹੁੰਚਨੇ ਚਾਹੀਏ"।

ਸਿੱਖਸ ਫਾਰ ਜਸਟਿਸ ਦੇ ਬੁਲਾਰੇ ਬਰਜਿੰਦਰ ਸਿੰਘ ਬਰਾੜ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਮਿਤਾਬ ਬੱਚਨ ਦੀ ਨਵੰਬਰ 1984 ਦੇ ਕਤਲੇਆਮ ਦੁਆਰਾ ਨਿਭਾਈ ਗਈ ਭੂਮਿਕਾ ਬਾਬਤ ਸ਼ਰੇਆਮ ਪਤਾ ਹੈ ਅਤੇ ਉਹਨਾਂ ਨੇ ਪਿਛਲੇ ਅਰਸੇ ਤੋਂ ਅਖਬਾਰਾਂ, ਟੀ.ਵੀ. ਚੈਨਲਾਂ ਉਤੇ ਅਤੇ ਹੋਰ ਜਰੀਏ ਦੁਆਰਾ ਦੇਖਿਆ, ਪੜ੍ਹਿਆਂ ਅਤੇ ਸੁਣਿਆ ਸੀ ਤਾਂ ਫਿਰ ਕਿਸ ਮਜ਼ਬੂਰੀ ਕਿ ਸਿੱਖ ਕੌਮ ਦੀਆਂ ਮਹਾਨ ਪ੍ਰੰਪਰਾਵਾਂ ਨੂੰ ਛਿੱਕੇ ਟੰਗ ਕੇ ਅਮਿਤਾਬ ਬੱਚਨ ਨੂੰ ਸਿਰੋਪਾ ਦਿੱਤਾ ਗਿਆ ਜਦੋਂ ਕਿ ਸ਼੍ਰੋਮਣੀ ਕਮੇਟੀ ਦੀ ਰਹਿਤ ਮਰਿਯਾਦਾ ਵਿੱਚ ਸਾਫ ਸਪੱਸ਼ਟ ਹੈ ਕਿਸੇ ਵੀ ਸਿੱਖ ਕੌਮ ਦੇ ਕਾਤਿਲ, ਗੱਦਾਰ ਜਾ ਹਮਲਾਵਰ ਨੂੰ ਕਦੇ ਵੀ ਸਿਰੋਪਾ ਨਹੀਂ ਦਿੱਤਾ ਜਾਦਾ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਇਕ ਨਵੰਬਰ 1984 ਸਰਕਾਰੀ ਸਿੱਖ ਕਤਲੇਆਮ ਦਾ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਉਤੇ ਲੈ ਕੇ ਜਾ ਰਹੇ ਹਨ ਅਤੇ ਜੋ ਡਾਕੂਮੈਂਟਰੀ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਵੱਲੋਂ "ਨਵੰਬਰ 1984- ਇੱਕ ਸਰਕਾਰੀ ਸਿੱਖ ਕਤਲੇਆਮ" ਜੋ ਨਵੰਬਰ 5, 2007 ਨੂੰ ਦਿੱਲੀ ਵਿਖੇ ਰਲੀਜ ਕੀਤੀ ਗਈ ਸੀ ਉਸਦੀ ਕਾਪੀ ਅਤੇ ਮੈਮੋਰੰਡਮ ਸਮੂੰਹ ਗਵਾਹਾਂ ਦੇ ਨਾਲ ਪੇਸ਼ ਹੋ ਕੇ ਦਿੱਤਾ ਜਾਵੇਗਾ, ਜਿਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਅਮਿਤਾਬ ਬੱਚਨ ਨੂੰ ਸਿਰੋਪਾ ਦੇਣ ਵਾਲੇ ਗੁਨਾਹਗਾਰਾਂ ਨੂੰ ਸਿੱਖੀ ਮਰਿਯਾਦਾ ਮੁਤਾਬਿਕ ਸਜ਼ਾ ਦੇਣ ਦੀ ਅਪੀਲ ਕੀਤੀ ਜਾਵੇਗੀ।

ਅਵਤਾਰ ਸਿੰਘ ਪੰਨੂੰ ਅਤੇ ਡਾ. ਬਖਸ਼ੀਸ਼ ਸਿੰਘ ਸੰਧੂ ਕੋਆਰਡੀਨੇਟਰ ਸਿੱਖਸ ਫਾਰ ਜਸਟਿਸ ਨੇ ਸਮੂੰਹ ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਕਿ ਜੋ ਉਲੰਘਣਾ 1984 ਦੇ ਸਰਕਾਰੀ ਸਿੱਖ ਕਤਲੇਆਮ ਦੇ ਗੁਨਾਹਗਾਰਾਂ ਅਮਿਤਾਬ ਬਚਨ ਨੂੰ ਸ਼੍ਰੋਮਣੀ ਕਮੇਟੀ ਦੁਆਰਾ ਸਿਰੋਪਾ ਦੇ ਕੀਤੀ ਗਈ ਹੈ ਇਹ ਕਿਸ ਰਹਿਤ ਮਰਿਯਾਦਾ ਵਿੱਚ ਲਿਖਿਆ ਹੈ ਕਿ ਜਿਹਨਾਂ ਦੇ ਹੱਥ ਹਜਾਰਾਂ ਬੇਗੁਨਾਹ ਸਿੱਖਾਂ ਦੇ ਖੁਨ ਨਾਲ ਰੰਗੇ ਹੋਏ ਹਨ ਉਹਨਾਂ ਨੂੰ ਸਿਰੋਪਾ ਦਿੱਤਾ ਜਾਵੇ, ਕੀ ਇਹ ਸਿੱਖ ਕੌਮ ਦੀ ਸਿਰਮੌਰ ਹਸਤੀ ਹੋਣ ਦੇ ਨਾਤੇ ਆਪ ਜੀ ਦਾ ਫਰਜ਼ ਨਹੀਂ ਬਣਦਾ ਕਿ ਸ਼੍ਰੋਮਣੀ ਕਮੇਟੀ ਦੇ ਗੁਨਾਹਗਾਰਾਂ ਜਿਹਨਾਂ ਨੇ ਸਿਰੋਪਾ ਅਮਿਤਾਬ ਬੱਚਨ ਨੂੰ ਦਿੱਤਾ ਉਹਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਤਲਬ ਕਰਕੇ ਤਨਖਾਹ ਲਾਈ ਜਾਵੇ।

ਬਾਬੂ ਸਿੰਘ ਦੁਖੀਆ, ਮਨਮੋਹਨ ਸਿੰਘ, ਹਰੀ ਸਿੰਘ ਅਤੇ ਜਗਦੀਸ਼ ਸਿੰਘ ਜੋ ਕਿ 84 ਸਿੱਖ ਕਤਲੇਆਮ ਦੇ ਸ਼ਿਕਾਰ ਪ੍ਰੀਵਾਰਾਂ ਦੇ ਪ੍ਰਤੀਨਿਧੀ ਹਨ ਨੇ ਅਕਾਲ ਤਖਤ ਸਾਹਿਬ ਅਤੇ ਸਾਰੀ ਸਿੱਖ ਕੌਮ ਨੂੰ ਇਹ ਸਵਾਲ ਪੁੱਛਿਆ ਹੈ ਕਿ ਪਿਛਲੇ 23 ਸਾਲਾਂ ਤੋਂ ਅਸੀਂ ਲਗਾਤਾਰ ਇਨਸਾਫ ਦੀ ਮੰਗ ਕਰਦੇ ਆ ਰਹੇ ਹਨ ਦੂਜੇ ਪਾਸੇ ਸਿੱਖ ਆਗੂ ਸਿੱਖਾਂ ਦੇ ਕਾਤਲਾਂ ਨੂੰ ਸਿਰੋਪਾ ਦੇ ਕੇ ਨਿਵਾਜ਼ਦੇ ਆ ਰਹੇ ਹਨ। ਪਹਿਲਾਂ ਪ੍ਰਹਿਲਾਦ ਸਿੰਘ ਚੰਡੋਕ ਨੇ ਜਗਦੀਸ਼ ਟਾਈਟਲਰ ਨੂੰ ਸਿਰੋਪਾ ਦਿੱਤਾ, ਫਿਰ ਅਵਤਾਰ ਸਿੰਘ ਮੱਕੜ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ ਨੇ ਪ੍ਰਹਿਲਾਦ ਸਿੰਘ ਚੰਡੋਕ ਨੂੰ ਸਿਰੋਪਾ ਦਿੱਤਾ ਅਤੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਿਤਾਬ ਬੱਚਨ ਨੂੰ ਸਿਰੋਪਾ ਦਿੱਤਾ ਹੈ।

# ਬੈਤੁੱਲਾ ਨੇ ਮੌਲਵੀ ਨੂੰ ਦਿੱਤੀ ਫੋਨ 'ਤੇ ਵਧਾਈ

ਇਸਲਾਮਾਬਾਦ : ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਤੋਂ ਬਾਅਦ ਅੱਤਵਾਦੀ ਜਥੇਬੰਦੀ ਅਲ ਕਾਇਦਾ ਦੇ ਸੀਨੀਅਰ ਨੇਤਾ ਬੈਤੁੱਲਾ ਮੈਸੂਦ ਦੀ ਹੋਰ ਅੱਤਵਾਦੀ ਨਾਲ ਫ਼ੋਨ 'ਤੇ ਹੋਈ ਗੱਲਬਾਤ ਦੇ ਮੁੱਖ ਅੰਸ਼ ਪੇਸ਼ ਹਨ। ਪਾਕਿਸਤਾਨ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਸ ਦਾ ਪਸ਼ਤੋ ਤੋਂ ਊਰਦੂ ਵਿਚ ਤਰਜ਼ਮਾ ਕੀਤਾ ਗਿਆ ਹੈ। ਮੰਤਰਾਲੇ ਨੇ ਇਸ ਗੱਲਬਾਤ ਦਾ ਉਰਦੂ ਤੋਂ ਅੰਗਰੇਜ਼ੀ ਵਿਚ ਤਰਜ਼ਮਾ ਕੀਤਾ ।

ਮੌਲਵੀ ਸਾਹਿਬ (ਐਮ.ਐਸ.)-ਅਸਲਾਮ ਆਲੇਕੁਮ ।

ਬੇਤੁੱਲਾ ਮੈਸੂਦ (ਬੀ.ਐਮ.)-ਵਾਲੇਕੁਮ ਸਲਾਮ।

ਐਮ.ਐਸ.-ਚੀਫ਼ , ਕਿਵੇਂ ਹੋ ਤੁਸੀਂ?

ਬੀ.ਐਮ.-ਮੈਂ ਠੀਕ ਹਾਂ।

ਐਮ.ਐਸ.-ਵਧਾਈਆਂ, ਰਾਤ ਬਾਅਦ ਮੈਂ ਹੁਣੇ ਵਾਪਸ ਪਰਤਿਆ ਹਾਂ।

ਬੀ.ਐਮ.-ਤੁਹਾਨੂੰ ਵੀ ਵਧਾਈਆਂ, ਕੀ ਉਹ ਸਾਡੇ ਆਦਮੀ ਸਨ?

ਐਮ.ਐਸ.- ਹਾਂ, ਉਹ ਸਾਡੇ ਆਦਮੀ ਸਨ।

ਬੀ.ਐਮ.-ਉਹ ਕੌਣ ਸਨ?

ਐਮ.ਐਸ.-ਉਹ ਬਦਰ ਤੋਂ ਸਈਅਦ ਅਤੇ ਬਿਲਾਲ ਸਨ ਅਤੇ ਇਕਰਾਮਉਲਾ।

ਬੀ.ਐਮ.-ਕੀ ਇਹ ਕੰਮ ਤਿੰਨਾਂ ਨੇ ਕੀਤਾ?

ਐਮ.ਐਸ.-ਇਹ ਕੰਮ ਇਕਰਾਮਉਲਾ ਤੇ ਬਿਲਾਲ ਨੇ ਕੀਤਾ।

ਬੀ.ਐਮ.-ਤਾਂ ਫਿਰ ਵਧਾਈਆਂ।

ਐਮ.ਐਸ.-ਤੁਸੀਂ ਕਿਥੋਂ ਹੋ? ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ।

ਬੀ.ਐਮ.-ਮੈਂ ਮਕੀਨ (ਦੱਖਣੀ ਵਜ਼ੀਰਸਤਾਨ ਦੇ ਕਬਾਇਲੀ ਖੇਤਰ ਵਿਚ ਕਸਬਾ) ਵਿਚ ਹਾਂ।

ਇਥੇ ਆ ਜਾਓ, ਮੈਂ ਅਨਵਰ ਸਾਹਿਬ ਦੇ ਘਰ ਵਿਚ ਹਾਂ।

ਐਮ.ਐਸ.-ਠੀਕ ਹੈ, ਮੈਂ ਆਵਾਂਗਾ।

ਬੀ.ਐਮ.-ਕੁਝ ਸਮੇਂ ਤੱਕ ਉਨ੍ਹਾਂ ਦੇ ਘਰ ਦੀ ਕਿਸੇ ਨੂੰ ਸੂਚਨਾ ਨਾ ਦੇਣਾ।

ਐਮ.ਐਸ.-ਠੀਕ ਹੈ।

ਬੀ.ਐਮ.-ਇਹ ਦਿਲ-ਕੰਬਾਊ ਕੰਮ ਸੀ। ਉਹ ਸੱਚਮੁੱਚ ਹੀ ਬਹਾਦਰ ਲੜਕੇ ਸਨ ਜਿਨ੍ਹਾਂ ਉਸ ਨੂੰ (ਬੇਨਜ਼ੀਰ ਭੁੱਟੋ) ਮਾਰਿਆ।

ਐਮ.ਐਸ.-ਮਾਸ਼ਾਅੱਲ੍ਹਾ (ਰੱਬ ਦਾ ਸ਼ੁੱਕਰ ਹੈ) ਜਦੋਂ ਆਵਾਂਗਾ ਤਾਂ ਮੈਂ ਸਾਰੀ ਜਾਣਕਾਰੀ ਦੇਵਾਂਗਾ।

ਬੀ.ਐਮ.-ਮੈਂ ਤੁਹਾਡਾ ਇੰਤਜ਼ਾਰ ਕਰਾਂਗਾ। ਇਕ ਵਾਰ ਫਿਰ ਵਧਾਈਆਂ।

ਐਮ.ਐਸ.-ਤੁਹਾਨੂੰ ਵੀ ਵਧਾਈਆਂ।

ਬੀ.ਐਮ.-ਮੈਂ ਤੁਹਾਡੇ ਲਈ ਕੁਝ ਕਰ ਸਕਦਾ ਹਾਂ?

ਐਮ.ਐਸ.-ਤੁਹਾਡਾ ਬਹੁਤ ਧੰਨਵਾਦ

ਬੀ.ਐਮ.-ਅਸਲਾਮ ਆਲੇਕੁਮ

ਐਮ.ਐਸ.-ਵਾਲੇਕੁਮ ਸਲਾਮ।

## ਚੰਡੀਗੜ੍ਹ ਨਗਰ ਨਿਗਮ 'ਚ ਕਾਂਗਰਸ ਜਿੱਤੀ

**ਚੰਡੀਗੜ੍ਹ:** ਕਾਂਗਰਸ ਨੇ ਚੰਡੀਗੜ੍ਹ ਨਗਰ ਨਿਗਮ 'ਚ ਵਿਰੋਧੀ ਪਾਰਟੀਆਂ ਦਾ ਬਿਲਕੁਲ ਸਫ਼ਾਇਆ ਕਰਦਿਆਂ ਮੇਅਰ, ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਤਿੰਨਾਂ ਹੀ ਅਹੁਦਿਆਂ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। ਕਾਂਗਰਸ ਪਾਰਟੀ ਵੱਲੋਂ ਮੇਅਰ ਦੇ ਉਮੀਦਵਾਰ ਸ੍ਰੀ ਪ੍ਰਦੀਪ ਛਾਬੜਾ ਨੇ ਭਾਜਪਾ ਦੇ ਉਮੀਦਵਾਰ ਗੁਰਚਰਨ ਦਾਸ ਕਾਲਾ ਤੇ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਸ੍ਰੀ ਜਤਿੰਦਰ ਭਾਟੀਆ ਨੂੰ ਵੱਡੇ ਫ਼ਰਕ ਨਾਲ ਮਾਤ ਦੇ ਕੇ ਚੋਣ ਜਿੱਤ ਲਈ ਹੈ। ਕੁੱਲ 36 ਮਤਾਂ 'ਚੋਂ ਪ੍ਰਦੀਪ ਛਾਬੜਾ ਨੂੰ 20 ਮਤ ਪ੍ਰਾਪਤ ਹੋਏ ਜਦਕਿ ਭਾਜਪਾ ਦੇ ਉਮੀਦਵਾਰ ਸ੍ਰੀ ਗੁਰਚਰਨ ਦਾਸ ਕਾਲਾ ਨੂੰ 10 ਤੇ ਬਸਪਾ ਦੇ ਸ੍ਰੀ ਭਾਟੀਆ ਨੂੰ ਕੇਵਲ 5 ਵੋਟਾਂ ਹੀ ਪ੍ਰਾਪਤ ਹੋਈਆਂ।

ਇਸੇ ਤਰ੍ਹਾਂ ਕਾਂਗਰਸ ਦੀ ਸੀਨੀਅਰ ਡਿਪਟੀ ਮੇਅਰ ਉਮੀਦਵਾਰ ਬੀਬੀ ਅੰਜੂ ਬੈਨੀਵਾਲ ਨੇ ਆਪਣੇ ਵਿਰੋਧੀ ਭਾਜਪਾ ਦੇ ਸੁਰਿੰਦਰ ਜਗੋਤਾ ਨੂੰ 12 ਵੋਟਾਂ ਦੇ ਮੁਕਾਬਲੇ 20 ਵੋਟਾਂ ਪ੍ਰਾਪਤ ਕਰਕੇ ਹਰਾਇਆ ਹੈ। ਜਦਕਿ ਬਸਪਾ ਦੀ ਉਮੀਦਵਾਰ ਬੀਬੀ ਸਰੀਤਾ ਨੂੰ ਕੇਵਲ 4 ਵੋਟਾਂ ਹੀ ਮਿਲੀਆਂ। ਡਿਪਟੀ ਮੇਅਰ ਲਈ ਬਸਪਾ ਨੇ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਗੁਰਨਾਮ ਸਿੰਘ ਨੂੰ ਸਮਰਥਨ ਦਿੱਤਾ ਸੀ ਪਰ ਫਿਰ ਵੀ ਇਸ ਅਹੁੱਦੇ 'ਤੇ ਕਾਂਗਰਸ ਦੇ ਉਮੀਦਵਾਰ ਸ੍ਰੀ ਹਰਫੂਲ ਚੰਦ ਕਲਿਆਣ 16 ਦੇ ਮੁਕਾਬਲੇ 20 ਵੋਟਾਂ ਹਾਸਲ ਕਰਕੇ ਜੇਤੂ ਰਹੇ। ਕੁੱਲ 36 ਮੈਂਬਰੀ ਸਦਨ 'ਚ 9 ਨਾਮਜ਼ਦ ਕੌਂਸਲਰਾਂ 'ਚੋਂ ਵੀ ਇਸ ਵਾਰ ਕਾਂਗਰਸ ਵੱਲੋਂ 5 ਵੋਟਾਂ ਪ੍ਰਾਪਤ ਕੀਤੇ ਜਾਣ ਦੀ ਚਰਚਾ ਹੈ ਜਦਕਿ ਬਾਕੀ ਬਚੇ 4 ਨਾਮਜ਼ਦ ਕੌਂਸਲਰ ਬਸਪਾ ਤੇ ਅਕਾਲੀ-ਭਾਜਪਾ ਗੱਠਜੋੜ ਦਰਮਿਆਨ ਵੰਡੇ ਗਏ ਦੱਸੇ ਜਾ ਰਹੇ ਹਨ। ਜਲਾਲਾਬਾਦ ਪੱਛਮੀ ਜ਼ਿਲ੍ਹਾ ਫਿਰੋਜ਼ਪੁਰ ਦੇ ਜੰਮਪਲ ਸ੍ਰੀ ਪ੍ਰਦੀਪ ਛਾਬੜਾ ਨੇ ਮੇਅਰ ਦੀ ਕੁਰਸੀ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਵਿਚਾਰ ਅਧੀਨ ਬੰਦ ਪਏ ਤੇ ਚੱਲਦੇ ਵਿਕਾਸ ਦੇ ਪ੍ਰਾਜੈਕਟਾਂ ਨੂੰ ਪੂਰਾ ਕਰਨ ਦੇ ਕੰਮ ਨੂੰ ਤਰਜੀਹ ਦੇਣਗੇ।

## ਕੈਲੇਫੋਰਨੀਆ ਵਿਚ ਪਟਿਆਲਾ ਦੇ ਦੋ ਸੱਕੇ ਭਰਾ ਕਤਲ

ਸੀ ਅਤੇ ਉਸਨੂੰ ਵੀ ਗੋਲੀ ਮਾਰ ਦਿਤੀ। ਇਸ ਘਟਨਾ ਦਾ ਪਤਾ ਲਗਣ ਤੇ ਇਕ ਪੁਲਿਸ ਅਫਸਰ ਤੁਰਤ ਉਥੇ ਪੁਜਾ ਅਤੇ ਉਸਨੇ ਐਂਬੂਲੈਂਸ ਕਾਲ ਕੀਤੀ ਪਰ ਉਨ੍ਹਾਂ ਨੂੰ ਬਚਾਇਆ ਨਾ ਜਾ ਸਕਿਆ। ਪੁਲਿਸ ਨੇ ਸੂਹੀਆ ਕੁਤੇ ਵੀ ਇਸਤੇਮਾਲ ਕੀਤੇ ਪਰ ਉਸਨੂੰ ਹਮਲਾਵਰਾਂ ਦਾ ਕੁਝ ਪਤਾ ਨਾ ਲੱਗਾ।

ਪਟਿਆਲਾ ਤੋਂ 1997 ਤੋਂ ਅਮਰੀਕਾ ਆਏ ਦੋਵਾਂ ਭਰਾਵਾਂ ਨੇ ਇਹ ਰੈਸਟੋਰੈਂਟ 2002 ਵਿਚ ਖਰੀਦਿਆ ਸੀ। ਇਸਤੋਂ ਪਹਿਲਾਂ ਉਨ੍ਹਾਂ ਕੁਝ ਦੇਰ ਉਸਾਰੀ ਦਾ ਕੰਮ ਅਤੇ ਹੋਰ ਨਿੱਕੇ ਮੋਟੇ ਕੰਮ ਕੀਤੇ।

ਰਿਚਮੰਡ ਏਰੀਏ ਵਿਚ ਲੁਟੇਰਿਆਂ ਹੱਥੋਂ ਪੰਜਾਬੀਆਂ ਦੇ ਕਤਲ ਹੋਣ ਦੀਆਂ ਇਸਤੋਂ ਪਹਿਲਾਂ ਕਈ ਵਾਰਦਾਤਾਂ ਹੋ ਚੁਕੀਆਂ ਹਨ। 2007 ਵਿੱਚ ਇਨ੍ਹਾਂ ਤਿੰਨਾਂ ਕਤਲਾਂ ਨਾਲ ਇਸ ਸਹਿਰ ਵਿੱਚ ਕਤਲਾਂ ਦੀ ਗਿਣਤੀ 46 ਹੋ ਗਈ ਹੈ ਜੋ ਕਿ ਬੀਤੇ ਬਾਰਾਂ ਸਾਲਾਂ ਵਿੱਚ ਸਭ ਤੋਂ ਵੱਧ ਹੈ। ਇੱਕ ਦਰਜਨ ਲੋਕ ਇੱਕਲੇ ਦਸੰਬਰ ਵਿੱਚ ਮਾਰੇ ਗਏ ਹਨ।

ਸਿੱਖ ਭਾਈਚਾਰਾ ਇਨ੍ਹਾਂ ਕਤਲਾਂ ਤੋਂ ਬੇਹੱਦ ਖਫਾ ਹੈ। ਅਲਸਬਰਾਂਤੇ ਗੁਰੂਘਰ ਦੇ ਸਾਬਕਾ ਪ੍ਰਧਾਨ ਜੇ ਪੀ ਸਿੰਘ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਰਿਚਮੰਡ ਦਾ ਰਿਕਾਰਡ ਤੀਜੀ ਦੁਨੀਆਂ ਦੇ ਦੇਸ਼ਾਂ ਨਾਲੋਂ ਵੀ ਭੈੜਾ ਹੈ।ਰਿਚਮੰਡ ਸਿਟੀ ਦੇ ਕੌਂਸਲਮੈਨ ਹਰਪ੍ਰੀਤ ਸੰਧੂ ਨੇ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਕਤਲਾਂ ਕਰਕੇ ਬੇਹੱਦ ਸਦਮਾ ਪਹੁੰਚਿਆ ਹੈ।

ਸੰਨ 2003 ਵਿਚ ਦੋ ਸਿੱਖ ਕੈਬ ਡਰਾਈਵਰ ਮਾਰੇ ਗਏ ਸਨ ਜਿਨ੍ਹਾਂ ਨੂੰ ਪੁਲਿਸ ਨੇ ਨਸਲੀ ਅਪਰਾਧ ਮੰਨਿਆ ਸੀ।

ਉਧਰ ਪਟਿਆਲੇ ਦੇ ਮਾਡਲ ਟਾਊਨ ਇਲਾਕੇ ਵਿਚ ਰਹਿੰਦੇ ਦੋਹਾਂ ਭਰਾਵਾਂ ਦੇ ਪਰਿਵਾਰ ਤੇ ਜਿਵੇਂ ਕਹਿਰ ਹੀ ਢਹਿ ਪਿਆ ਹੈ। ਦੋਹਾਂ ਦੇ ਪੰਜ ਭਰਾ ਅਤੇ ਦੋ ਭੈਣਾਂ ਪਿਛੇ ਰਹਿ ਗਈਆਂ ਹਨ। ਉਸਦੀ ਮਾਂ ਗੁਰਬਚਨ ਕੌਰ ਕਹਿੰਦੀ ਹੈ 'ਮੇਰੇ ਪੁਤਾਂ ਨੇ ਕਿਸੇ ਦਾ ਕੀ ਵਿਗਾੜਿਆ ਸੀ'।



# ਡਾ ਦਲਵੀਰ ਸਿੰਘ ਪੰਨੂ

## ਡੀ.ਡੀ.ਐਸ

## ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀਦੇ ਆਗਮਨ ਪੂਰਬ 'ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ–ਲੱਖ ਵਧਾਈ !

# ਦਲਬੀਰ ਸਿੰਘ ਪੰਨੂੰ ਡੈਂਟਲ ਆਫਿਸ

√ ਪੀਲੇ ਪੈ ਗਏ ਅਤੇ ਉਚੇ ਦੰਦ ਸਿਰਫ ਦੋ ਅਪੁਆਇੰਟਮੈਂਟਾਂ ਵਿਚ ਹੀ ਠੀਕ ਕਰ ਦਿਤੇ ਜਾਂਦੇ ਹਨ।
√ ਵਿੰਗੇ ਟੇਡੇ ਦੰਦਾਂ ਦਾ ਬਿਨਾ ਤਾਰਾਂ ਤੋਂ ਆਧੁਨਿਕ ਤਕਨਾਲੋਜੀ ਇਨਵਿਜ਼ਲਾਈਨ ਰਾਹੀਂ ਇਲਾਜ
√ ਕੈਮਰੇ ਰਾਹੀਂ ਸਕਰੀਨ ਉਤੇ ਆਪਣੇ ਦੰਦ ਦੇਖ ਕੇ ਤੁਸੀਂ ਇਲਾਜ ਲਈ ਮਸ਼ਵਰਾ ਕਰ ਸਕਦੇ ਹੋ?
√ ਦੰਦ ਇੰਨੇ ਸੋਹਣੇ ਬਣਾ ਦਿਆਂਗੇ ਕਿ ਚਿਹਰੇ 'ਤੇ ਮੁਸਕਾਨ ਆਪ ਹੀ ਖੇਡਣ ਲੱਗੇ
√ ਬਿਨਾ ਇੰਸ਼ੋਰੈਂਸ ਮਰੀਜਾਂ ਨੂੰ ਵਿਸ਼ੇਸ਼ ਰਿਆਇਤ

☐ ਦੰਦਾਂ ਵਿਚ ਤਕਲੀਫ ਰਹਿੰਦੀ ਹੈ?
☐ ਦੰਦ ਪੀੜ ਨਾਲ ਜਾਨ ਸੂਲੀ ਉਤੇ ਟੰਗ ਹੋ ਜਾਂਦੀ ਹੈ?
☐ ਦੰਦ ਵਿੰਗੇ ਟੇਢੇ ਹਨ, ਜਾਂ ਉਚੇ ਨੀਵੇਂ ਹਨ?
☐ ਮੂੰਹ ਦੀ ਬਦਬੂ ਤੁਹਾਡੇ ਲਈ ਸ਼ਰਮਿੰਦਗੀ ਦਾ ਕਾਰਨ ਬਣਦੀ ਹੈ?

**ਡਾ ਪੰਨੂੰ ਦੀ ਸਲਾਹ ਲਓ ਅਤੇ ਦੰਦਾਂ ਨੂੰ ਸਿਹਤਮੰਦ ਬਣਾਓ ਜੀ !**

1 invisalign Elite PREMIER PROVIDER 2007



# Dalvir S Pannu DDS

## Family & Cosmetic Dentistry

## Now Serving 3 Locations

**Dr. Pannu is among the top 1% of Invisalign practitioners in North America, having achieved an extraordinary level of Invisalign experience.**

2664 Berryessa Road
Suite 204
San Jose CA 95132
**Tel. 408 272-3330**
**Fax 408 937-7880**

38062 Martha Avenue
Fremont CA 94536
**Tel. 510 792 9292**
20111 Stevens Creek Blvd # 100
Cupertino CA 95014
**Tel. 408 725-2610**

ੴ ਸਤਿਗੁਰ ਪ੍ਰਸਾਦਿ

*ਚਿੜੀਉਂ ਤੇ ਮੈਂ ਬਾਜ਼ ਤੁੜਾਊਂ।*
*ਸਵਾ ਲਾਖ ਸੇ ਏਕ ਲੜਾਊਂ।*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*

# ਸਮੂਹ ਖਾਲਸਾ ਪੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੂਰਬ ਤੇ ਨਵੇਂ ਸਾਲ ਦੀ

# ਲੱਖ - ਲੱਖ ਵਧਾਈ।



**Gurcharan Singh Mann**
**Insurance Agent**
**License # OC 70672**

# Duabba Insurace Agency

**2450 Peralta Blvd Suite 120, Fremont CA 94536**
**Ph: 510-797-7989 Fax: 510-794-7398**
**Visit us @ farmers.com**

# ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਰਥ ਅਮੈਰਿਕਾ

## ਸਮੂਹ ਅਹੁਦੇਦਾਰਾਂ ਅਤੇ ਯੂਥ ਵਿੰਗ ਦੇ ਮੈਂਬਰਾਂ ਵਲੋਂ ਸਾਲ 2008 ਮੁਬਾਰਕ ਅਤੇ ਪੰਥ ਦੇ ਵਾਲੀ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ



ਪ੍ਰਕਾਸ਼ ਸਿੰਘ ਬਾਦਲ | ਸੁਖਬੀਰ ਸਿੰਘ ਬਾਦਲ | ਸੁਰਜੀਤ ਸਿੰਘ ਰੱਖੜਾ | ਸੁਖਦੇਵ ਸਿੰਘ ਢੀਂਡਸਾ | ਕੈਪਟਨ ਕੰਵਲਜੀਤ ਸਿੰਘ | ਜਥੇਦਾਰ ਤੋਤਾ ਸਿੰਘ



ਦਵਿੰਦਰ ਸਿੰਘ ਣੀਆ | ਪਾਲ ਸਹੋਤਾ | ਜਸਪ੍ਰੀਤ ਸਿੰਘ | ਡੀ ਐਸ ਮਾਹਲ | ਇਕਬਾਲ ਸਿੰਘ | ਜੈਸੀ ਸਿੰਘ | ਸੁਰਿੰਦਰ ਸਿੰਘ ਨਿੱਜਰ | ਨਰੰਜਨ ਸਿੰਘ ਸਮਰਾ | ਸੰਤ ਸਿੰਘ ਹੋਠੀ



ਅਮ੍ਰਿਤਪਾਲ ਨਿੱਜਰ | ਜ: ਚੂੜ ਸਿੰਘ | ਬੌਬੀ ਟਿਵਾਣਾ | ਜਸਬੀਰ ਸਿੰਘ ਗਿੱਲ | ਸੰਤੋਖ ਸਿੰਘ | ਮਹਿੰਦਰ ਸਿੰਘ ਕੰਡਾ | ਪਰਮਜੀਤ ਸਿੰਘ ਸੰਧੂ | ਗੁਰਦੀਪ ਸਿੰਘ ਪੱਤੜ | ਮਨਜੀਤ ਸਿੰਘ



ਹ ਸ ਬਾਹੀਆ | ਐਚ ਐਸ ਹੁੰਦਲ | ਦਵਿੰਦਰ ਸਿੰਘ | ਕੁਲਦੀਪ ਸਿੰਘ | ਰਣਬੀਰ ਸਿੰਘ ਵਿਰਕ | ਲਖਬੀਰ ਸਿੰਘ ਕਾਲਾ | ਬੱਲਾ ਸੰਘੇੜਾ | ਹਰਭਜਨ ਸਿੰਘ | ਦਰਸ਼ਨ ਸਿੰਘ ਔਜਲਾ | ਜਸਵੰਤ ਸਿੰਘ







ਯੂਥ ਵਿੰਗ ਅਕਾਲੀ ਦਲ (ਬਾਦਲ) ਦੇ ਵਰਕਰ



ਸੁਖਬੀਰ ਬਾਦਲ ਅਤੇ ਦਵਿੰਦਰ ਰਣੀਆ



ਯੂਥ ਵਿੰਗ ਅਕਾਲੀ ਦਲ (ਬਾਦਲ) ਦੇ ਵਰਕਰ

**ਸ਼ੁਭ ਕਾਮਨਾਵਾਂ ਸਹਿਤ: ਦਵਿੰਦਰ ਸਿੰਘ ਰਣੀਆ 209-495-0008, ਸੁਖਵਿੰਦਰ ਸਿੰਘ ਅਬਲੋਵਾਲ 510-755-0989**

## ਸੰਪਾਦਕੀ

**ਸਨਿਚਰਵਾਰ, 5 ਜਨਵਰੀ 2008**

*ਤਬਦੀਲੀ ਨੂੰ ਝੁਠਲਾਉਣਾ ਰੇਤ ਵਿਚ ਸਿਰ ਛੁਪਾਉਣ ਵਰਗਾ ਹੈ।* *-ਅਗਿਆਤ*

ਪੰਜਾਬ ਟਾਈਮਜ਼

# ਬੇਨਜ਼ੀਰ ਭੁੱਟੋ ਦੀ ਹੱਤਿਆ ਦਾ ਰਾਜ਼

ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੇਨਜ਼ੀਰ ਭੁੱਟੋ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਘਟਨਾ ਨੇ ਪੂਰੇ ਦੱਖਣੀ ਏਸ਼ੀਆ ਦੇ ਰਾਜਨੀਤਿਕ ਦ੍ਰਿਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਾਕਿਸਤਾਨ ਪਿਛਲੇ ਕੁਝ ਸਮੇਂ ਤੋਂ ਇਕ ਕਿਸਮ ਦੀ ਖੂਨੀ ਖੇਡ ਦੀ ਗ੍ਰਿਫ਼ਤ ਵਿਚ ਹੈ। ਬੇਨਜ਼ੀਰ ਭੁੱਟੋ ਦੀ ਹੱਤਿਆ ਨੇ ਸਿਰਫ ਪਾਕਿਸਤਾਨ ਉੱਪਰ ਹੀ ਨਹੀਂ ਸਗੋਂ ਭਾਰਤੀ ਸਿਆਸੀ ਹਲਕਿਆਂ ਵਿਚ ਵੀ ਆਪਣਾ ਡੂੰਘਾ ਅਸਰ ਛੱਡਿਆ ਹੈ। ਇਥੋਂ ਤੱਕ ਕਿ ਭਾਰਤ ਦੇ ਆਮ ਲੋਕ ਵੀ ਮਾਨਸਿਕ ਤੌਰ 'ਤੇ ਇਸ ਹੱਤਿਆ ਨੇ ਪ੍ਰਭਾਵਿਤ ਕੀਤੇ ਹਨ। ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਮਾਮਲੇ ਉੱਪਰ ਸਿੱਖਾਂ ਦੇ ਕਿਸੇ ਵੀ ਵੱਡੇ ਲੀਡਰ ਨੇ ਹਾਲੇ ਤੱਕ ਆਪਣਾ ਪ੍ਰਤੀਕਰਮ ਜ਼ਾਹਰ ਨਹੀਂ ਕੀਤਾ। ਇਥੋਂ ਤੱਕ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਨਹੀਂ। ਸ. ਸਿਮਰਨਜੀਤ ਸਿੰਘ ਮਾਨ ਵਰਗਾ ਆਗੂ ਜਿਹੜਾ ਅਕਸਰ ਹੀ ਪਾਕਿਸਤਾਨ ਅਤੇ ਭਾਰਤ ਦੇ ਸਬੰਧਾਂ ਦੇ ਮਾਮਲੇ ਵਿਚ ਟਿੱਪਣੀਆਂ ਕਰਦਾ ਰਹਿੰਦਾ ਹੈ, ਬੇਨਜ਼ੀਰ ਭੁੱਟੋ ਦੇ ਮਾਮਲੇ ਵਿਚ ਹਾਲੇ ਤੱਕ ਨਹੀਂ ਬੋਲ ਸਕਿਆ। ਜਿਥੋਂ ਤੱਕ ਪ੍ਰਕਾਸ਼ ਸਿੰਘ ਬਾਦਲ ਦੇ ਧੜੇ ਦਾ ਮਾਮਲਾ ਹੈ ਉਹਦੇ ਬਾਰੇ ਤਾਂ ਇਹੋ ਕਿਹਾ ਜਾ ਸਕਦਾ ਹੈ ਕਿ ਬਹੁਤੀ ਵਾਰ ਇਹ ਰਾਜਨੀਤਿਕ ਧੜਾ ਅੰਤਰਰਾਸ਼ਟਰੀ ਸਿਆਸੀ ਘਟਨਾਵਾਂ ਦੇ ਸਬੰਧ ਵਿਚ ਚੁੱਪ ਵੱਟੀ ਰੱਖਦਾ ਹੈ। ਇਸ ਚੁੱਪ ਤੋਂ ਇਹੋ ਅਰਥ ਨਿਕਲਦੇ ਹਨ ਕਿ ਪਾਕਿਸਤਾਨੀ ਅਤੇ ਹੋਰ ਵਿਦੇਸ਼ੀ ਸਿਆਸੀ ਘਟਨਾਵਾਂ ਦੇ ਸੰਦਰਭ ਵਿਚ ਬਾਦਲ ਧੜੇ ਨੂੰ ਭਾਰਤ ਵਲੋਂ ਪ੍ਰਗਟ ਕੀਤੇ ਜਾਂਦੇ ਪ੍ਰਤੀਕਰਮ ਹੀ ਜਾਇਜ਼ ਜਾਪਦੇ ਹਨ। ਪਰ ਸਿਮਰਨਜੀਤ ਸਿੰਘ ਮਾਨ ਅਤੇ ਹੋਰ ਰੈਡੀਕਲ ਸਿੱਖ ਧਿਰਾਂ ਦੀ ਇਸ ਮਾਮਲੇ ਵਿਚ ਚੁੱਪ ਜ਼ਰੂਰ ਚੁਭਵੀਂ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲੇ ਕੁਝ ਦਿਨ ਪਹਿਲਾਂ ਹੀ ਐਮ.ਕੇ. ਨਾਰਾਇਣਨ ਨਾਂ ਦੇ ਇਕ ਕੇਂਦਰੀ ਅਧਿਕਾਰੀ ਵਲੋਂ ਇਹ ਕਹੇ ਜਾਣ ਉੱਪਰ ਕਿ ਰਾਜੀਵ ਗਾਂਧੀ ਨਾਲ ਆਪਣੇ ਸਮਝੌਤੇ 'ਤੇ ਬੀਬੀ ਬੇਨਜ਼ੀਰ ਭੁੱਟੋ ਪੂਰੀ ਨਹੀਂ ਸੀ ਉੱਤਰੀ, ਭੁੱਟੋ ਨੇ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਸੀ। ਇਹ ਪ੍ਰਤੀਕਰਮ ਪ੍ਰਗਟ ਕਰਦਿਆਂ ਬੇਨਜ਼ੀਰ ਭੁੱਟੋ ਨੇ ਇਥੋਂ ਤੱਕ ਆਖ ਦਿੱਤਾ ਸੀ ਕਿ ਭਾਰਤ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਨੇ ਆਪਣੇ ਵਾਅਦੇ ਨਿਭਾਏ ਸਨ ਅਤੇ ਇਸੇ ਕਾਰਨ ਪੰਜਾਬ ਵਿਚ ਸਿੱਖ ਖਾੜਕੂ ਲਹਿਰ ਦਾ ਖਾਤਮਾ ਸੰਭਵ ਹੋ ਸਕਿਆ ਸੀ। ਬੇਨਜ਼ੀਰ ਭੁੱਟੋ ਦੇ ਇਸ ਬਿਆਨ ਦੀਆਂ ਸਿੱਖ ਰੈਡੀਕਲ ਧਿਰਾਂ ਵਲੋਂ ਨਿਖੇਧੀਆਂ ਹਾਲੇ ਆ ਹੀ ਰਹੀਆਂ ਸਨ ਕਿ ਇਸ ਆਗੂ ਦੀ ਹੱਤਿਆ ਹੋ ਗਈ। ਬੇਨਜ਼ੀਰ ਭੁੱਟੋ ਦੀ ਹੱਤਿਆ ਦੀ ਜ਼ਿੰਮੇਵਾਰੀ ਭਾਵੇਂ ਅਲ-ਕਾਇਦਾ ਦੇ ਇਕ ਸੀਨੀਅਰ ਤਾਲਿਬਾਨ ਆਗੂ ਨੇ ਲੈ ਲਈ ਹੈ ਅਤੇ ਪਾਕਿਸਤਾਨੀ ਸਰਕਾਰ ਵੀ ਇਹੋ ਆਖ ਰਹੀ ਹੈ ਕਿ ਬੇਨਜ਼ੀਰ ਦੀ ਹੱਤਿਆ ਅਲ-ਕਾਇਦਾ ਵਲੋਂ ਕੀਤੀ ਗਈ ਹੈ ਪਰ ਇਸ ਹੱਤਿਆ ਸਬੰਧੀ ਦੋ ਦਿਨਾਂ ਵਿਚ ਹੀ ਘੜੀਆਂ ਗਈਆਂ ਵੱਖ-ਵੱਖ ਕਹਾਣੀਆਂ ਇਹੋ ਸ਼ੱਕ ਪਾਉਂਦੀਆਂ ਹਨ ਕਿ ਹੱਤਿਆ ਕਾਂਡ ਦੇ ਪਿੱਛੇ ਕੋਈ ਛੁਪੀ ਹੋਈ ਅਤੇ ਗੁੰਝਲਦਾਰ ਕਹਾਣੀ ਹੈ।

ਪਾਕਿਸਤਾਨ ਪੀਪਲਜ਼ ਪਾਰਟੀ ਦੇ ਬਹੁਤੇ ਆਗੂ, ਵਰਕਰ ਅਤੇ ਪਾਕਿਸਤਾਨ ਦੇ ਆਮ ਲੋਕ ਵੀ ਇਸੇ ਵਿਚਾਰ ਵਿਚ ਵਿਸ਼ਵਾਸ ਕਰਦੇ ਹਨ ਕਿ ਜਨਰਲ ਮੁਸ਼ੱਰਫ, ਪਾਕਿਸਤਾਨੀ ਫੌਜ ਅਤੇ ਅਲ-ਕਾਇਦਾ ਦੇ ਨੈੱਟਵਰਕ ਦੀ ਮਿਲੀਭੁਗਤ ਨਾਲ ਹੀ ਅਜਿਹਾ ਕਤਲ ਸੰਭਵ ਹੋ ਸਕਦਾ ਹੈ। ਬੇਨਜ਼ੀਰ ਭੁੱਟੋ ਦੀ ਲਾਸ਼ ਨੂੰ ਬਿਨਾ ਪੋਸਟਮਾਰਟਮ ਤੋਂ ਦਫਨ ਕਰਨਾ ਵੀ ਇਸੇ ਸ਼ੱਕ ਨੂੰ ਹੋਰ ਗੂੜ੍ਹਾ ਕਰਦਾ ਹੈ। ਜਨਰਲ ਜੀਆ-ਉੱਲ-ਹੱਕ ਸਮੇਤ ਪਾਕਿਸਤਾਨ ਵਿਚ ਪਿਛਲੇ 50-55 ਸਾਲਾਂ ਵਿਚ ਇਸ ਕਿਸਮ ਦੇ ਬਹੁਤ ਸਾਰੇ ਕਤਲ ਹੋਏ ਹਨ, ਜਿਨ੍ਹਾਂ ਉੱਤੋਂ ਰਹੱਸ ਹਾਲੇ ਤੱਕ ਵੀ ਬੇਪਰਦ ਨਹੀਂ ਹੋ ਸਕਿਆ ਅਤੇ ਜਾਪਦਾ ਇਹ ਹੈ ਕਿ ਇਹ ਕਦੀ ਵੀ ਬੇਪਰਦ ਨਹੀਂ ਹੋ ਸਕੇਗਾ। ਬੇਨਜ਼ੀਰ ਭੁੱਟੋ ਦਾ ਕਤਲ ਵੀ ਇਸੇ ਕਿਸਮ ਦੇ ਰਹੱਸ ਵਿਚ ਸ਼ਾਮਲ ਹੁੰਦਾ ਵਿਖਾਈ ਦੇ ਰਿਹਾ ਹੈ। ਅਸਲ ਵਿਚ ਪਾਕਿਸਤਾਨੀ ਰਾਜਨੀਤੀ ਜਿੰਨੀ ਰਹੱਸਮਈ ਅਤੇ ਉਲਝੀ ਤਾਣੀ ਵਾਲੀ ਹੈ ਉਸ ਵਿਚੋਂ ਇਸ ਕਿਸਮ ਦੇ ਭੇਦ ਲੱਭਣੇ ਬੜਾ ਔਖਾ ਕੰਮ ਹੁੰਦਾ ਹੈ। ਇਥੋਂ ਤੱਕ ਕਿ ਪੱਛਮੀ ਮੀਡੀਆ ਵੀ ਪਾਕਿਸਤਾਨੀ ਡਿਕਟੇਟਰਾਂ ਦੇ ਹੁੰਦੇ ਕਤਲਾਂ ਦਾ ਖੁਰਾ-ਖੋਜ ਨਹੀਂ ਲੱਭ ਸਕਿਆ।

ਭਾਰਤ ਅਤੇ ਪਾਕਿਸਤਾਨ ਸਮੇਤ ਪੂਰੇ ਦੱਖਣੀ ਏਸ਼ੀਆ ਦਾ ਰਾਜਨੀਤਿਕ ਸੰਕਟ ਅਸਲ ਵਿਚ ਇਹ ਹੈ ਕਿ ਇਨ੍ਹਾਂ ਮੁਲਕਾਂ ਵਿਚ ਮੌਜੂਦ ਰਾਜਨੀਤਿਕ ਸਟੇਟਾਂ ਅਤੇ ਸਿਆਸੀ ਹੱਦਾਂ ਧਰਤੀ ਉੱਪਰ ਮੌਜੂਦ ਸੱਭਿਆਚਾਰਕ, ਕੌਮੀ ਅਤੇ ਕੁਦਰਤੀ ਹਕੀਕਤਾਂ ਨੂੰ ਪ੍ਰਗਟ ਨਹੀਂ ਕਰਦੀਆਂ। ਭਾਰਤ ਅਤੇ ਪਾਕਿਸਤਾਨ ਦੀ ਸੱਭਿਆਚਾਰਕ ਹਕੀਕਤ ਇਹ ਹੈ ਕਿ ਇਹ ਮੁਲਕ ਬਹੁ-ਕੌਮੀ, ਬਹੁ-ਨਸਲੀ ਅਤੇ ਬਹੁ-ਧਾਰਮਿਕ ਤਾਣੇ-ਬਾਣੇ ਦੇ ਮਾਲਕ ਹਨ। ਪਰ ਮੌਜੂਦਾ ਰਾਜਨੀਤਿਕ ਸਟੇਟਾਂ ਇਨ੍ਹਾਂ ਮੁਲਕਾਂ ਨੂੰ ਇਕਹਿਰੀ ਅਤੇ ਇਕ ਰੰਗ ਸੱਭਿਆਚਾਰਕ ਅਤੇ ਧਾਰਮਿਕ ਹਕੀਕਤ ਮੰਨ ਕੇ ਚਲਦੀਆਂ ਹਨ। ਪਾਕਿਸਤਾਨੀ ਫੌਜ ਦੀ ਪਾਕਿਸਤਾਨ ਵਿਚ ਭਾਰੂ ਹਕੀਕਤ ਅਸਲ ਵਿਚ ਪਾਕਿਸਤਾਨ ਨੂੰ ਇਕ ਰੰਗ ਇਸਲਾਮਿਕ ਸੱਭਿਆਚਾਰ ਦਾ ਰੂਪ ਮੰਨ ਕੇ ਘੜੀ ਗਈ ਹੈ। ਜਿਸ ਦੀ ਭਾਸ਼ਾ ਹਿੰਦੀ ਦੀ ਸੌਕਣ, ਉਰਦੂ ਹੈ। ਇਸਲਾਮ ਦਾ ਭਾਰੂ "ਸਮਾਜਵਾਦੀ" ਪੱਖ ਪਾਕਿਸਤਾਨੀ ਫੌਜ ਨੂੰ ਇਸ ਦੇਸ਼ ਦੀ ਸਟੇਟ ਰੱਖਿਅਕ ਤਾਕਤ ਵਜੋਂ ਉਭਾਰਦਾ ਹੈ। ਪਰ ਇਸ ਸਾਰੇ ਛਕਵੰਜ ਦੇ ਪਰਦੇ ਹੇਠਾਂ ਹਕੀਕਤ ਇਹ ਹੈ ਕਿ ਪਾਕਿਸਤਾਨ ਵਿਚ ਇਸਲਾਮ ਦੇ ਨਾਂ 'ਤੇ ਇਕ ਖਾਸ ਕਿਸਮ ਦਾ ਐਲੀਟ ਤਬਕਾ ਹੋਂਦ ਵਿਚ ਆ ਚੁੱਕਾ ਹੈ। ਜਿਸ ਦੇ ਹਿੱਤ ਰਾਖਵੇਂ ਅਤੇ ਸਾਮਰਾਜੀ ਹਨ। ਇਹ ਤਬਕਾ ਪਾਕਿਸਤਾਨ ਦੀ ਸਭਿਆਚਾਰਕ ਵੰਨ-ਸੁਵੰਨਤਾ ਦਾ ਦੁਸ਼ਮਣ ਹੈ। ਇਸੇ ਨੇ ਪਾਕਿਸਤਾਨ ਵਿਚ ਪੰਜਾਬੀ ਭਾਸ਼ਾ ਦਾ ਨਸਲਘਾਤ ਕੀਤਾ ਹੈ।

ਪਾਕਿਸਤਾਨੀ ਸੰਕਟ ਦਾ ਅਸਲ ਹੱਲ ਇਹ ਹੈ ਕਿ ਇਸ ਦੇਸ਼ ਵਿਚ ਵਸਦੀਆਂ ਵੱਖ-ਵੱਖ ਕੌਮੀਅਤਾਂ ਨੂੰ ਆਪਣੇ ਆਪ ਨੂੰ ਮੁੜ ਤੋਂ ਜਥੇਬੰਦ ਕਰਨ ਦੀ ਖੁੱਲ੍ਹ ਅਤੇ ਮੌਕੇ ਮੁਹੱਈਆ ਕੀਤੇ ਜਾਣ। ਪਾਕਿਸਤਾਨ ਵਿਚ ਮੁੱਖ ਤੌਰ 'ਤੇ ਪੰਜਾਬੀ, ਬਲੋਚੀ, ਸਰਹੱਦੀ ਸੂਬੇ ਦੇ ਪਠਾਨ, ਸਿੰਧੀ ਅਤੇ ਕਸ਼ਮੀਰੀ ਆਦਿ ਕੌਮੀਅਤਾਂ ਦੇ ਲੋਕ ਵਸਦੇ ਹਨ। ਕੁਦਰਤੀ ਰੂਪ ਵਿਚ ਵਿਕਸਤ ਹੋਈਆਂ ਇਨ੍ਹਾਂ ਕੌਮੀਅਤਾਂ ਨੂੰ ਅੱਗੇ ਵਧਣ ਦੇ ਅਤੇ ਆਪਣੇ ਆਪ ਨੂੰ ਸਵੈ-ਜਾਗਰੁਕ ਸੱਭਿਆਚਾਰਾਂ ਦੇ ਰੂਪ ਵਿਚ ਸੰਗਠਿਤ ਕਰਨ ਦੇ ਮੌਕੇ ਬਖਸ਼ਣਾ ਹੀ ਪਾਕਿਸਤਾਨ ਨੂੰ ਜਮਹੂਰੀ ਦਿਸ਼ਾ ਵਿਚ ਅੱਗੇ ਤੋਰਨਾ ਹੈ। ਪਾਕਿਸਤਾਨ ਦਾ ਮੌਜੂਦਾ ਰੰਗ-ਰੂਪ, ਇਸੇ ਤਰ੍ਹਾਂ ਕਦੀ ਵੀ ਹਾਂ ਮੁਖੀ ਜਮਹੂਰੀਅਤ ਵਿਚ ਵਲ੍ਹ ਨਹੀਂ ਸਕਦਾ। ਅਮਰੀਕਾ ਤੇ ਹੋਰ ਪੱਛਮੀ ਮੁਲਕ, ਮੁਸ਼ੱਰਫ, ਬੇਨਜ਼ੀਰ ਅਤੇ ਨਵਾਜ਼ ਸ਼ਰੀਫ ਦੇ ਰੂਪ ਵਿਚ ਜਿਹੜੇ ਜਮਹੂਰੀ ਪਿਆਦੇ ਪਾਕਿਸਤਾਨ ਵਿਚ ਧੱਕ ਰਹੇ ਹਨ, ਜਮਹੂਰੀਅਤ ਪੈਦਾ ਕਰਨਾ ਇਨ੍ਹਾਂ ਦੇ ਵੱਸ ਦਾ ਰੋਗ ਨਹੀਂ। ਤਕਰੀਬਨ ਇਹੋ ਹਾਲਤ ਭਾਰਤ ਦੀ ਹੈ। ਭਾਰਤ ਵਿਚ ਤਾਂ ਇਸ ਤੋਂ ਕਿਤੇ ਵਧੇਰੇ ਨਸਲੀ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਮੌਜੂਦ ਹੈ। ਪਰ ਇਸ ਦੇਸ਼ ਨੂੰ ਇਕ ਕੌਮ ਦੀ ਜਮਹੂਰੀਅਤ ਦੇ ਰੂਪ ਵਿਚ ਹਿੰਦੂਵਾਦ ਦੀ ਜਕੜ ਵਿਚ ਬੰਨ੍ਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੂਰੇ ਦੱਖਣੀ ਏਸ਼ੀਆ ਦੀ ਬਿਮਾਰੀ ਅਸਲ ਵਿਚ ਇਹੋ ਹੈ। 1947 ਵਿਚ ਕਥਿਤ ਆਜ਼ਾਦੀਆਂ ਪ੍ਰਾਪਤ ਕਰਨ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਜਿਸ ਦਿਸ਼ਾ ਵਿਚ ਅੱਗੇ ਵਧ ਰਹੇ ਹਨ ਉਸ ਨੂੰ ਇਨ੍ਹਾਂ ਦੇਸ਼ਾਂ ਦੇ ਮੌਜੂਦਾ ਰੰਗ-ਰੂਪ ਪ੍ਰਵਾਨ ਨਹੀਂ ਹਨ। ਦੱਖਣੀ ਏਸ਼ੀਆ ਦੇ ਵੱਖ-ਵੱਖ ਮੁਲਕਾਂ ਵਿਚ ਪੈਦਾ ਹੋ ਰਹੀ ਹਿੰਸਾ ਇਸੇ ਰਾਜਨੀਤਿਕ ਕਲੇਸ਼ ਦਾ ਸਿੱਟਾ ਹੈ।

## ਠਾਹ ਸੋਟਾ

-ਚਾਚਾ ਬੇਲਿਹਾਜ਼

### ਖੁਸ਼ਆਮਦੀਦ-2008

ਪੱਥਰ ਲੀਕ ਇਹ ਕਿਹਾ ਸਿਆਣਿਆਂ ਦਾ, ਸਮਾਂ ਬੀਤਿਆ ਕਦੇ ਨਹੀਂ ਹੱਥ ਆਇਆ।
ਫੁੱਲ ਸੁਕੇ ਤਾਂ ਕਲੀ ਇਕ ਹੋਰ ਖਿੜਦੀ, ਕਰਤੇ-ਪੁਰਖ ਦਾ ਨਿਯਮ ਸਮਰੱਥ ਆਇਆ।
ਦਿਵਸ-ਰਾਤ ਦੋਇ ਖੇਡ ਖਿਡਾਈ ਜਾਂਦੇ, ਮਾਤਾ ਰੂਪ ਲੈ 'ਧਰਤਿ-ਮਹੱਤ' ਆਇਆ।
ਸੂਰਜ-ਚੰਦ੍ਰਮਾ ਕਿਤੇ ਰੁਸ਼ਨਾਈ ਕਰਦੇ, ਕਿਤੇ ਤਾਰਿਆਂ ਥਾਲ ਪਲੱਟ ਆਇਆ।
ਬੀਤੇ ਰਾਤ ਤਾਂ ਮਗਰ ਸਵੇਰ ਆਵੇ, ਆਦਿ ਕਾਲ ਤੋਂ ਹੁੰਦਾ ਅਕੱਟ ਆਇਆ।
'ਸੱਤ' ਸੌਂ ਗਿਆ ਕਾਲ ਦੀ ਗੁਫਾ ਅੰਦਰ, ਅੱਗੇ ਖੜ੍ਹਕਦਾ ਮੜ੍ਹਕਦਾ ਅੱਠ ਆਇਆ।

# ਕੌਣ ਹੋਵੇਗਾ ਬੇਨਜ਼ੀਰ ਦੀ ਥਾਂ ਨਵਾਂ ਪਾਰਟੀ ਆਗੂ

ਲੰਘੀ 27 ਦਸੰਬਰ ਨੂੰ ਮੌਤ ਤੋਂ ਕੁਝ ਘੰਟੇ ਪਹਿਲਾਂ ਬੇਨਜ਼ੀਰ ਨੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਨੂੰ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਸਮਰਥਕਾਂ ਨੇ ਬੇਨਜ਼ੀਰ ਨੂੰ ਜਿਤਾਇਆ ਸੀ ਕਿ ਚੋਣਾਂ ਤੋਂ ਕੁਝ ਦਿਨ ਪਹਿਲਾਂ

**ਹਾਮਿਦ ਮੀਰ**

ਕਰਜ਼ਈ ਨਾਲ ਮਿਲਣ 'ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ ਕਿਉਂਕਿ ਅਲਗਾਵਵਾਦੀਆਂ ਨੂੰ ਇਹ ਕਹਿਣ ਦਾ ਇਕ ਹੋਰ ਮੌਕਾ ਮਿਲ ਜਾਵੇਗਾ ਕਿ ਪਾਕਿਸਤਾਨੀ-ਅਮਰੀਕੀ ਏਜੰਟ ਨੇ ਅਫਗਾਨੀ-ਅਮਰੀਕੀ ਏਜੰਟ ਨਾਲ ਮੁਲਾਕਾਤ ਕੀਤੀ ਹੈ।

ਕਰਜ਼ਈ ਨਾਲ ਆਖਰੀ ਮੁਲਾਕਾਤ ਦੇ ਮੌਕੇ 'ਤੇ ਮੌਜੂਦ ਰਹੇ ਲੋਕਾਂ ਅਨੁਸਾਰ ਅਫਗਾਨੀ ਰਾਸ਼ਟਰਪਤੀ ਦੁਆਰਾ ਬੇਨਜ਼ੀਰ ਦੀ ਸਲਾਮਤੀ ਦੀ ਦੁਆ ਕਰਨ 'ਤੇ ਬੇਨਜ਼ੀਰ ਦਾ ਕਹਿਣਾ ਸੀ ਕਿ, 'ਜੀਵਨ ਅਤੇ ਮੌਤ ਅੱਲ੍ਹਾ ਦੇ ਹੱਥ ਵਿਚ ਹੈ ਅਤੇ ਇਸ ਵਿਸ਼ਵਾਸ ਦੇ ਚਲਦੇ ਉਹ ਬਿਨਾ ਕਿਸੇ ਡਰ ਦੇ ਮੌਤ ਦੀਆਂ ਅੱਖਾਂ ਵਿਚ ਦੇਖਣ ਦੀ ਹਿੰਮਤ ਰੱਖਦੀ ਹੈ।' 27 ਦਸੰਬਰ ਦੀ ਦੁਪਹਿਰ ਇਸਲਾਮਾਬਾਦ ਸਥਿਤ ਆਵਾਸ 'ਤੇ ਦੁਪਹਿਰ ਦੇ ਭੋਜਨ ਦੌਰਾਨ ਬੇਨਜ਼ੀਰ ਦੇ ਸੁਰੱਖਿਆ ਸਲਾਹਕਾਰ ਰਹਿਮਾਨ ਨੇ ਰਾਵਲਪਿੰਡੀ ਵਿਚ ਉਨ੍ਹਾਂ ਦੀ ਸੁਰੱਖਿਆ 'ਤੇ ਚਿੰਤਾ ਜਤਾਈ ਸੀ। ਰਹਿਮਾਨ ਇਸ ਗੱਲ ਨੂੰ ਲੈ ਕੇ ਪ੍ਰੇਸ਼ਾਨ ਸਨ ਕਿ ਪੁਲਿਸ ਜੈਮਰ ਮੁਹੱਈਆ ਕਿਉਂ ਨਹੀਂ ਕਰਵਾ ਰਹੀ? ਆਂਤਰਿਕ ਮੰਤਰਾਲਾ ਨੂੰ ਪੱਤਰ ਲਿਖ ਕੇ ਸੁਰੱਖਿਆ ਇੰਤਜ਼ਾਮ ਪੁਖਤਾ ਕਰਨ ਦੀ ਗੁਹਾਰ ਲਗਾਉਣ ਵਾਲੇ ਰਹਿਮਾਨ ਨੇ ਵੀਰਵਾਰ ਨੂੰ ਪੰਜਾਬ ਦੇ ਇੰਸਪੈਕਟਰ ਜਨਰਲ ਨਾਲ ਵਾਰ-ਵਾਰ ਸੰਪਰਕ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਲਿਆਕਤ ਬਾਗ ਦੇ ਬਾਹਰ ਪੁਲੀਸ ਕਰਮਚਾਰੀਆਂ ਨੂੰ ਨਦਾਰਦ ਦੇਖ ਕੇ ਇਕ ਨਜ਼ਦੀਕੀ ਦੋਸਤ ਨੇ ਤੁਰੰਤ ਆਸਿਫ ਅਲੀ ਨੂੰ ਸੂਚਿਤ ਕੀਤਾ ਕਿ ਬੇਨਜ਼ੀਰ ਜ਼ਰੂਰੀ ਸੁਰੱਖਿਆ ਤੋਂ ਬਿਨਾ ਹੀ ਸਾਰਵਜਨਿਕ ਸਭਾ ਨੂੰ ਸੰਬੋਧਨ ਕਰਨ ਜਾ ਰਹੀ ਹੈ। ਖਬਰ ਮਿਲਣ ਦੇ ਬਾਵਜੂਦ ਆਸਿਫ ਦੁਬਈ ਤੋਂ ਕੁਝ ਨਹੀਂ ਕਰ ਸਕਦੇ ਸਨ। ਵਿਸ਼ਾਲ ਜਨਸਮੂਹ ਨੂੰ ਸੰਬੋਧਨ ਕਰ ਕੇ ਬੇਨਜ਼ੀਰ ਕਾਫੀ ਖੁਸ਼ ਸੀ ਅਤੇ ਉਨ੍ਹਾਂ ਨੇ ਗੱਡੀ ਦੀ ਛੱਤ ਤੋਂ ਜਨ ਸਮੂਹ ਦਾ ਸਵਾਗਤ ਸਵੀਕਾਰ ਕੀਤਾ ਸੀ। ਇਸ ਗੱਲ ਤੋਂ ਬੇਖਬਰ ਕਿ ਹਮਲਾਵਰਾਂ ਨੂੰ ਇਸੇ ਪਲ ਦਾ ਇੰਤਜ਼ਾਰ ਸੀ।

ਬੇਨਜ਼ੀਰ ਮਹਿਜ਼ 26 ਸਾਲ ਦੀ ਸੀ ਜਦੋਂ ਉਨ੍ਹਾਂ ਦੇ ਪਿਤਾ ਜ਼ੁਲਫੀਕਾਰ ਅਲੀ ਭੁੱਟੋ ਨੂੰ 1979 ਵਿਚ ਰਾਵਲਪਿੰਡੀ ਵਿਚ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਹ ਸਿਰਫ 32 ਸਾਲ ਦੀ ਸੀ ਜਦੋਂ ਛੋਟੇ ਭਰਾ ਸ਼ਾਹਨਵਾਜ਼ ਭੁੱਟੋ ਦੀ ਫਰਾਂਸ ਵਿਚ 1985 ਵਿਚ ਸ਼ੱਕੀ ਹਾਲਤ ਵਿਚ ਮੌਤ ਹੋ ਗਈ। ਉਹ ਕੇਵਲ 43 ਸਾਲ ਦੀ ਸੀ ਜਦੋਂ ਦੂਜੇ ਭਰਾ ਮੁਰਤਜ਼ਾ ਭੁੱਟੋ ਨੂੰ 1996 ਵਿਚ ਪੁਲੀਸ ਨੇ ਮਾਰ ਦਿੱਤਾ। ਇਹ ਬੇਨਜ਼ੀਰ ਲਈ ਗਹਿਰਾ ਸਦਮਾ ਸੀ ਕਿਉਂਕਿ ਉਸ ਨੇ ਆਪਣੇ ਭਰਾ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਰਹਿੰਦੇ ਹੋਏ ਗੁਆਇਆ ਸੀ। ਭਰਾ ਦੀ ਮੌਤ ਦੇ ਕੁਝ ਮਹੀਨਿਆਂ ਬਾਅਦ ਹੀ ਬੇਨਜ਼ੀਰ ਸੱਤਾ ਤੋਂ ਬਾਹਰ ਹੋ ਗਈ ਅਤੇ ਉਸ ਦੇ ਪਤੀ ਆਸਿਫ ਜਰਦਾਰੀ ਨੂੰ ਲੰਬੀ ਕੈਦ ਭੁਗਤਣੀ ਪਈ। ਪਤੀ ਤੋਂ ਦੂਰ ਨੌਂ ਸਾਲ ਤੋਂ ਜ਼ਿਆਦਾ ਸਮਾਂ ਬੇਨਜ਼ੀਰ ਨੇ ਦੇਸ ਨਿਕਾਲੇ ਦੇ ਰੂਪ ਵਿਚ ਗੁਜ਼ਾਰਿਆ। ਇਕੱਲੇ ਹੀ ਬੱਚਿਆਂ ਦੀ ਪਰਵਰਿਸ਼ ਕਰਨ ਵਾਲੀ ਬੇਨਜ਼ੀਰ ਨੇ ਹਰ ਸੰਭਵ ਕੋਸ਼ਿਸ਼ ਕੀਤੀ ਕਿ ਬੱਚੇ ਆਪਣੇ ਪਿਤਾ ਦੀ ਕਮੀ ਨੂੰ ਮਹਿਸੂਸ ਨਾ ਕਰਨ। ਸਿਹਤ ਵਿਗੜਨ 'ਤੇ ਰਿਹਾ ਕੀਤੇ ਗਏ ਆਸਿਫ ਨੂੰ ਜਦੋਂ ਇਲਾਜ ਲਈ ਅਮਰੀਕਾ ਭੇਜਿਆ ਗਿਆ ਉਦੋਂ ਇਕ ਵਾਰ ਫਿਰ ਬੇਨਜ਼ੀਰ ਦੁਬਈ ਵਿਚ ਬੱਚਿਆਂ ਨਾਲ ਇਕੱਲੀ ਰਹੀ। ਬੱਚਿਆਂ ਅਤੇ ਪਤੀ ਦੇ ਲਈ ਫਿਕਰਮੰਦ ਬੇਨਜ਼ੀਰ ਨੇ 18 ਅਕਤੂਬਰ ਨੂੰ ਇਕੱਲੇ ਹੀ ਸਵਦੇਸ਼ ਆਉਣ ਦਾ ਫੈਸਲਾ ਕੀਤਾ ਸੀ।

ਜੀਵਨ ਦੇ ਅਖੀਰਲੇ 30 ਸਾਲ ਬੇਨਜ਼ੀਰ ਲਈ ਬੇਹੱਦ ਚੁਣੌਤੀਆਂ ਭਰੇ ਰਹੇ ਲੇਕਿਨ ਉਹ ਕਦੀ ਵੀ ਕਮਜ਼ੋਰ ਨਹੀਂ ਪਈ। ਹਰ ਵਾਰੀ ਉਸ ਨੇ ਚੁਣੌਤੀਆਂ ਨਾਲ ਟੱਕਰ ਲੈਣ ਦਾ ਜਜ਼ਬਾ ਦਿਖਾਇਆ। ਕੁਝ ਦਿਨ ਪਹਿਲਾਂ ਹੀ ਬ੍ਰੇਕਫਾਸਟ ਕਰਦੇ ਹੋਏ ਬੇਨਜ਼ੀਰ ਨੇ ਮੈਨੂੰ ਕਿਹਾ ਸੀ ਕਿ ਉਹ ਜਾਣਦੀ ਹੈ ਕਿ ਕੁਝ ਲੋਕ ਉਸ ਦੀ ਜਾਨ ਲੈਣਾ ਚਾਹੁੰਦੇ ਹਨ। ਲੇਕਿਨ ਰਾਜਨੇਤਾ ਅਤੇ ਨੇਤਾ ਵਿਚ ਫਰਕ ਹੁੰਦਾ ਹੈ। ਰਾਜਨੇਤਾ ਹਮੇਸ਼ਾ ਤਿਆਗ ਕਰਨ ਦੀ ਗੱਲ ਕਰਦੇ ਹਨ ਜਦਕਿ ਅਵਾਮ ਦੀ ਅਗਵਾਈ ਕਰਨ ਵਾਲੇ ਨੇਤਾ ਬਲੀਦਾਨ ਦਿਆ ਕਰਦੇ ਹਨ। ਉਹ ਆਪਣੀ ਜਾਨ, ਪਾਕਿਸਤਾਨ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ।

ਬੇਨਜ਼ੀਰ ਦੀ ਮੌਤ ਤੋਂ ਬਾਅਦ ਪਾਕਿਸਤਾਨ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪੀ.ਪੀ.ਪੀ. ਨੇ 40 ਦਿਨ ਦੇ ਸ਼ੋਕ ਦਾ ਐਲਾਨ ਕੀਤਾ ਹੈ ਅਤੇ ਹੁਣ ਪਾਰਟੀ ਦੇ ਉਮੀਦਵਾਰਾਂ ਲਈ ਚੋਣ ਹਲਕਿਆਂ ਵਿਚ ਜਾ ਕੇ ਪ੍ਰਚਾਰ ਕਰਨਾ ਬਹੁਤ ਮੁਸ਼ਕਿਲ ਹੋਵੇਗਾ। ਅੱਠ ਜਨਵਰੀ ਨੂੰ ਹੋਣ ਵਾਲੀਆਂ ਚੋਣਾਂ ਦਾ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਪਹਿਲਾਂ ਹੀ ਬਾਈਕਾਟ ਕਰ ਚੁੱਕੇ ਹਨ। ਪਾਕਿਸਤਾਨ ਦੀ ਰਾਜਨੀਤੀ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਮੌਜੂਦਾ ਹਾਲਤ ਵਿਚ ਚੋਣਾਂ ਕੁਝ ਹਫਤੇ ਲਈ ਟਾਲ ਦੇਣੀਆਂ ਚਾਹੀਦੀਆਂ ਹਨ।

ਸਰਕਾਰ ਦੇ ਕਈ ਪ੍ਰਤੀਨਿਧਾਂ ਨੇ ਦੇਸ਼ ਵਿਚ ਸ਼ਾਂਤੀ ਬਣਾਈ ਰੱਖਣ ਲਈ ਪੀ.ਪੀ.ਪੀ. ਦੇ ਸੀਨੀਅਰ ਨੇਤਾਵਾਂ ਦੀ ਮਦਦ ਮੰਗੀ ਹੈ। ਪੀ.ਪੀ.ਪੀ. ਨੂੰ ਇਹ ਪ੍ਰਸਤਾਵ ਵੀ ਦਿੱਤਾ ਗਿਆ ਹੈ ਕਿ ਉਹ ਮੌਤ ਦੀ ਨਿਰਪੱਖ ਜਾਂਚ ਲਈ ਆਪਣੇ ਕਿਸੇ ਵਿਅਕਤੀ ਦਾ ਨਾਮ ਪ੍ਰਸਤਾਵਿਤ ਕਰੇ। ਸੁਰੱਖਿਆ ਖਾਮੀਆਂ ਲਈ ਆਸਿਫ ਅਲੀ ਜਰਦਾਰੀ ਸਰਕਾਰ 'ਤੇ ਉਂਗਲੀ ਉਠਾ ਰਹੇ ਹਨ ਤਾਂ ਸਰਕਾਰ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹੱਤਿਆ ਅਲ ਕਾਇਦਾ ਦੀ ਕਰਤੂਤ ਹੈ। ਸਰਕਾਰ ਅਤੇ ਪੀ.ਪੀ.ਪੀ. ਨਾਲ ਸੰਬੰਧ ਰੱਖਣ ਵਾਲੇ ਲੋਕ ਦੋਨਾਂ ਦੇ ਵਿਚਕਾਰਲੀ ਖਾਈ ਪੂੱਟਣ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਸ ਸਮੇਂ ਇਕ-ਦੂਜੇ 'ਤੇ ਉਂਗਲੀ ਉਠਾਉਣ ਦਾ ਫਾਇਦਾ ਪਾਕਿਸਤਾਨ ਦੇ ਦੁਸ਼ਮਣਾਂ ਨੂੰ ਹੀ ਹੋਵੇਗਾ।

1967 ਵਿਚ ਸਥਾਪਤ ਪੀ.ਪੀ.ਪੀ. ਦਾ 30ਵਾਂ ਸਥਾਪਨਾ ਦਿਵਸ ਇਸ ਸਾਲ ਨਵੰਬਰ ਵਿਚ ਮਨਾਇਆ ਗਿਆ ਸੀ। 1979 ਵਿਚ ਪੀ.ਪੀ.ਪੀ. ਦੇ ਸੰਸਥਾਪਕ ਜ਼ੁਲਫੀਕਾਰ ਅਲੀ ਭੁੱਟੋ ਨੂੰ ਫਾਂਸੀ 'ਤੇ ਲਟਕਾਏ ਜਾਣ 'ਤੇ ਪਾਰਟੀ ਦੀ ਸਹੀ ਅਗਵਾਈ ਦਾ ਸੰਕਟ ਪੈਦਾ ਹੋ ਗਿਆ ਸੀ ਲੇਕਿਨ ਬੇਨਜ਼ੀਰ ਨੇ ਮਾਂ ਬੇਗਮ ਨੁਸਰਤ ਭੁੱਟੋ ਦੀ ਮਦਦ ਨਾਲ ਬਹੁਤ ਜਲਦੀ ਹੀ ਇਹ ਸੰਕਟ ਦੂਰ ਕਰ ਦਿੱਤਾ ਸੀ। ਜ਼ੁਲਫੀਕਾਰ ਨੂੰ ਫਾਂਸੀ ਦਿੱਤੇ ਜਾਣ ਦੇ 28 ਸਾਲ ਬਾਅਦ ਪੀ.ਪੀ.ਪੀ. ਨੂੰ ਇਕ ਵਾਰ ਫਿਰ ਤੋਂ ਅਗਵਾਈ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਿਲਹਾਲ ਪਾਰਟੀ ਦੇ ਸੀਨੀਅਰ ਉਪ-ਚੇਅਰਮੈਨ ਮਖਦੂਮ ਅਮੀਨ ਫਾਹਿਮ ਪਾਰਟੀ ਦਾ ਨਿਯਮਿਤ ਕੰਮਕਾਜ ਦੇਖ ਰਹੇ ਹਨ। ਸ਼ਨੀਵਾਰ ਨੂੰ ਗੜ੍ਹੀ ਖੁਦਾਬਖਸ਼ ਵਿਚ ਹੋਣ ਜਾ ਰਹੀ ਪਾਰਟੀ ਦੀ ਕੇਂਦਰੀ ਕਾਰਜਕਾਰੀ ਕਮੇਟੀ ਦੀ ਬੈਠਕ ਵਿਚ ਭਵਿੱਖ ਦੀ ਰਣਨੀਤੀ ਤੈਅ ਹੋਵੇਗੀ।

ਪਿਛਲੇ ਤਿੰਨ ਦਹਾਕਿਆਂ ਤੋਂ ਲੰਡਨ ਵਿਚ ਰਹਿ ਕੇ ਗੈਰ-ਰਾਜਨੀਤਿਕ ਜੀਵਨ ਜੀ ਰਹੀ ਬੇਨਜ਼ੀਰ ਤੋਂ ਛੋਟੀ ਭੈਣ ਸਨਮ ਪਾਰਟੀ ਦੀ ਵਾਗਡੋਰ ਸੰਭਾਲਣ ਨੂੰ ਤਿਆਰ ਨਹੀਂ ਹੈ ਜਦਕਿ ਮਾਂ ਨੁਸਰਤ ਭੁੱਟੋ ਦੀ ਸਿਹਤ ਕਾਫੀ ਖਰਾਬ ਹੈ। ਪਾਰਟੀ ਦੇ ਨਾਲ ਲੰਬੇ ਸਮੇਂ ਤੋਂ ਜੁੜੇ ਲੋਕਾਂ ਦਾ ਮੰਨਣਾ ਹੈ ਕਿ 1990 ਤੋਂ 1993 ਅਤੇ 1996 ਤੋਂ 2005 ਤੱਕ ਸਜ਼ਾ ਕੱਟਣ ਵਾਲੇ ਬੇਨਜ਼ੀਰ ਦੇ ਪਤੀ ਆਸਿਫ ਅਲੀ ਜਰਦਾਰੀ ਨੂੰ ਅਗਵਾਈ ਦਾ ਇਕ ਮੌਕਾ ਮਿਲਣਾ ਚਾਹੀਦਾ ਹੈ। ਆਸਿਫ ਨੂੰ ਬੇਨਜ਼ੀਰ ਨੇ ਖੁਦ ਪਾਕਿਸਤਾਨ ਦਾ ਨੈਲਸਨ ਮੰਡੇਲਾ ਕਰਾਰ ਦਿੱਤਾ ਸੀ। ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਆਸਿਫ ਨਾਲ ਕਈ ਤਰ੍ਹਾਂ ਦੇ ਵਿਵਾਦ ਜੁੜੇ ਹਨ। ਉਹ ਪਿਛਲੇ ਕਈ ਸਾਲਾਂ ਤੋਂ ਭ੍ਰਿਸ਼ਟਾਚਾਰ ਦੇ ਮਾਮਲੇ ਝੱਲ ਰਹੇ ਹਨ, ਲੇਕਿਨ ਉਨ੍ਹਾਂ ਦੇ ਖਿਲਾਫ਼ ਲੱਗਾ ਇਕ ਵੀ ਦੋਸ਼ ਅਦਾਲਤ ਵਿਚ ਸਾਬਿਤ ਨਹੀਂ ਹੋ ਸਕਿਆ। ਆਸਿਫ ਨੇ ਪਾਰਟੀ ਦੇ ਸਾਰੇ ਕਾਰਜਕਰਤਾਵਾਂ ਅਤੇ ਸਮਰਥਕਾਂ ਨਾਲ ਆਪਣੀ ਪਿਆਰੀ ਨੇਤਾ ਦੀ ਮੌਤ ਦੇ ਖਿਲਾਫ਼ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਕਾਨੂੰਨ ਅਤੇ ਵਿਵਸਥਾ ਨੂੰ ਵੀ ਨਾ ਵਿਗੜਨ ਦੇਣ ਦੀ ਗੱਲ ਕਹੀ ਹੈ ਬੇਨਜ਼ੀਰ ਸ਼ਾਂਤੀਪੂਰਣ ਅੰਦੋਲਨ ਵਿਚ ਵਿਸ਼ਵਾਸ ਰੱਖਦੀ ਸੀ।

# ਬੇਨਜ਼ੀਰ ਨੂੰ ਸੀ ਭਾਣੇ ਦੇ ਵਾਪਰ ਜਾਣ ਦਾ ਅਹਿਸਾਸ

ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੂੰ ਜ਼ਿੰਦਗੀ ਦੇ ਜੋਖ਼ਮ ਬਾਰੇ ਪਤਾ ਸੀ, ਇਸ ਦੇ ਬਾਵਜੂਦ ਉਨ੍ਹਾਂ ਜਮਹੂਰੀਅਤ ਦੀ ਬਹਾਲੀ ਖ਼ਾਤਰ ਵਤਨ ਪਰਤਣਾ ਸਵੀਕਾਰ ਕੀਤਾ।

ਅੱਠ ਸਾਲਾਂ ਦੀ ਜਲਾਵਤਨੀ ਪਿੱਛੋਂ 18 ਅਕਤੂਬਰ, 2007 ਨੂੰ ਜਦੋਂ ਉਹ ਵਤਨ ਪਰਤੇ ਤਾਂ ਉਨ੍ਹਾਂ ਦਾ ਸਵਾਗਤ ਉਨ੍ਹਾਂ ਦੇ ਕਾਫਲੇ ਉਤੇ ਹਮਲੇ ਨਾਲ ਹੋਇਆ। ਵਤਨ ਪਰਤਣ ਤੋਂ ਐਨ ਪਹਿਲਾਂ ਅਰਬ ਦੀ ਅਖ਼ਬਾਰ 'ਅਸ਼ਰਕ ਅਲ-ਆਸਤ' ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਸੀ- "ਉਹ ਮੈਨੂੰ ਕਤਲ ਕਰਵਾ ਸਕਦੇ ਹਨ। ਮੈਂ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਕਿਸੇ ਵੀ ਮਾੜੀ ਘਟਨਾ ਲਈ ਤਿਆਰ ਕਰ ਲਿਆ ਹੈ।" ਆਪਣੇ ਸਿਆਸੀ ਕੈਰੀਅਰ ਵਿਚ ਉਤਰਾਅ-ਚੜ੍ਹਾਅ ਦੇ ਬਾਵਜੂਦ ਉਨ੍ਹਾਂ ਦਾ ਕੱਦ-ਬੁੱਤ ਉੱਚਾ ਹੀ ਰਿਹਾ।

ਉਨ੍ਹਾਂ ਮੁੱਢਲੀ ਪੜ੍ਹਾਈ ਪਾਕਿਸਤਾਨ ਤੋਂ ਹੀ ਕੀਤੀ ਅਤੇ ਉੱਚ ਸਿੱਖਿਆ ਲਈ ਅਮਰੀਕਾ ਚਲੇ ਗਏ। 1969 ਤੋਂ 1973 ਤੱਕ ਉਨ੍ਹਾਂ ਰੈਡਕਲਿਫ ਕਾਲਜ ਅਤੇ ਫਿਰ ਹਾਰਵਰਡ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ। 1973 ਤੋਂ 1997 ਤੱਕ ਉਨ੍ਹਾਂ ਲੇਡੀ ਮਾਰਗਰੇਟ ਹਾਲ, ਆਕਸਫੋਰਡ ਵਿਖੇ ਫਿਲਾਸਫੀ, ਪੌਲੀਟਿਕਸ ਅਤੇ ਇਕਨੌਮਿਕਸ ਦੀ ਪੜ੍ਹਾਈ ਕੀਤੀ। ਆਕਸਫੋਰਡ ਤੋਂ ਹੀ ਉਨ੍ਹਾਂ ਕੌਮਾਂਤਰੀ ਲਾਅ ਐਂਡ ਡਿਪਲੋਮੇਸੀ ਦਾ ਕੋਰਸ ਮੁਕੰਮਲ ਕੀਤਾ। ਜਨਾਬ ਜ਼ੁਲਫਿਕਾਰ ਅਲੀ ਭੁੱਟੋ ਦੇ ਚਾਰ ਬੱਚਿਆਂ ਤੋਂ ਉਹ ਸਭ ਤੋਂ ਵੱਡੇ ਸਨ।

ਪਿਤਾ ਦੀ ਫਾਂਸੀ ਤੋਂ ਬਾਅਦ ਬੇਨਜ਼ੀਰ ਭੁੱਟੋ ਨੇ ਜਨਰਲ ਜ਼ਿਆ ਉੱਲ ਹੱਕ ਨੂੰ ਭਰਵੀਂ ਲੜਾਈ ਦਿੱਤੀ। ਉਨ੍ਹਾਂ ਅਤੇ ਉਨ੍ਹਾਂ ਦੀ ਮਾਂ ਨੁਸਰਤ ਭੁੱਟੋ ਨੂੰ ਜੇਲ੍ਹ ਵੀ ਜਾਣਾ ਪਿਆ। 1984 ਵਿਚ ਉਨ੍ਹਾਂ ਨੂੰ ਇਲਾਜ ਲਈ ਵਿਦੇਸ਼ ਜਾਣ ਦੀ ਆਗਿਆ ਦਿੱਤੀ ਗਈ। ਅਗਸਤ 1988 ਵਿਚ ਜਨਰਲ ਜ਼ਿਆ ਦੀ ਹਵਾਈ ਜਹਾਜ਼ ਹਾਦਸੇ ਵਿਚ ਮੌਤ ਹੋਣ ਤੋਂ ਬਾਅਦ ਹੋਈਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਨੇ ਜਿੱਤ ਹਾਸਲ ਕੀਤੀ। ਉਂਜ, 20 ਮਹੀਨੇ ਬਾਅਦ ਹੀ ਰਾਸ਼ਟਰਪਤੀ ਗੁਲਾਮ ਇਸਹਾਕ ਖ਼ਾਨ ਨੇ ਉਨ੍ਹਾਂ ਨੂੰ ਬਰਤਰਫ ਕਰ ਦਿੱਤਾ। ਹੁਣ ਉਨ੍ਹਾਂ ਦਾ ਰਾਬਤਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨਾਲ ਬਣ ਗਿਆ ਸੀ।

ਪੱਛਮੀ ਦੇਸ਼ ਵੀ ਚਾਹੁੰਦੇ ਸਨ ਕਿ ਇਹ ਦੋਵੇਂ ਲੀਡਰ ਰਲ ਕੇ ਦੇਸ਼ ਵਿਚੋਂ ਅੱਤਵਾਦ ਦੀਆਂ ਜੜ੍ਹਾਂ ਉਖਾੜਨ। ਰਾਸ਼ਟਰਪਤੀ ਮੁਸ਼ੱਰਫ ਉਤੇ ਫੌਜ ਦਾ ਅਹੁਦਾ ਛੱਡਣ ਦਾ ਸਭ ਤੋਂ ਵੱਧ ਦਬਾਅ ਬੇਗਮ ਭੁੱਟੋ ਨੇ ਹੀ ਪਾਇਆ।

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਕੌਮੀ ਦਰਪਣ

# ਕਾਂਗਰਸ ਪਾਰਟੀ ਲਈ ਗੁਜਰਾਤ ਚੋਣਾਂ ਦੇ ਤਾਜ਼ਾ ਸਬਕ

***ਹੁਣ ਅੱਖਾਂ ਖੋਲ੍ਹਣ ਵਾਲਾ ਇਕ ਹੋਰ ਤੱਥ ਸਾਹਮਣੇ ਆਇਆ ਹੈ। 'ਕਥਿਤ' ਹਿੰਦੂ 'ਏਕੀਕਰਨ' ਦੇ ਲਗਭਗ ਦੋ ਦਹਾਕਿਆਂ ਜਾਂ ਬਾਬਰੀ ਵਿਵਾਦ ਅਤੇ ਗੋਧਰਾ ਕਾਂਡ ਦੇ ਬਾਅਦ ਲੜੀਆਂ ਗਈਆਂ ਲੋਕ ਸਭਾ ਚੋਣਾਂ ਵਿਚ ਹਿੰਦੂਵਾਦੀ ਭਾਜਪਾ ਨੂੰ ਜਿੰਨੀਆਂ ਵੋਟਾਂ ਮਿਲੀਆਂ, ਉਹ ਕਾਂਗਰਸ ਨੂੰ ਮਿਲੀਆਂ ਵੋਟਾਂ ਤੋਂ ਜ਼ਿਆਦਾ ਨਹੀਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਸਮਾਜ ਦੇ ਜ਼ਿਆਦਾਤਰ ਹਿੱਸੇ ਨੇ ਕਦੀ ਵੀ ਪੂਰੀ ਤਰ੍ਹਾਂ ਨਾਲ ਜਾਤੀ ਦੇ ਆਧਾਰ 'ਤੇ ਵੋਟ ਨਹੀਂ ਪਾਈ।***

ਗੁਜਰਾਤ ਵਿਚ ਦੂਜੇ ਗੇੜ ਦੀਆਂ ਚੋਣਾਂ ਦੌਰਾਨ ਇਕ ਕਾਂਗਰਸੀ ਨੇਤਾ ਨੇ ਇਕ ਟੀ.ਵੀ. ਚੈਨਲ ਦੇ ਪ੍ਰਮੁੱਖ ਨੂੰ ਫੋਨ ਕਰਕੇ ਕਿਹਾ, ''ਸਵੇਰ ਤੋਂ ਤੁਹਾਡਾ ਚੈਨਲ ਵੋਟਿੰਗ ਕੇਂਦਰ ਦੇ ਬਾਹਰ

**ਐੱਨ. ਕੇ. ਸਿੰਘ**

ਲੱਗੀਆਂ ਬੁਰਕੇ ਵਾਲੀਆਂ ਮੁਸਲਿਮ ਔਰਤਾਂ ਦੀਆਂ ਲੰਬੀਆਂ-ਲੰਬੀਆਂ ਲਾਈਨਾਂ ਦਿਖਾ ਰਿਹਾ ਹੈ।' ਚੈਨਲ ਪ੍ਰਮੁੱਖ ਨੇ ਉਕਤ ਕਾਂਗਰਸੀ ਨੇਤਾ ਨੂੰ ਵਧਾਈ ਦਿੰਦੇ ਹੋਏ ਕਿਹਾ, ''ਇਹ ਤਾਂ ਚੰਗੀ ਗੱਲ ਹੈ। ਇਸ ਤੋਂ ਲੱਗਦਾ ਹੈ ਕਿ ਤੁਹਾਡੀ ਪਾਰਟੀ ਗੁਜਰਾਤ ਵਿਚ ਚੰਗਾ ਪ੍ਰਦਰਸ਼ਨ ਕਰਨ ਜਾ ਰਹੀ ਹੈ।' ਇਸ 'ਤੇ ਘਬਰਾਈ ਆਵਾਜ਼ ਵਿਚ ਉਕਤ ਕਾਂਗਰਸੀ ਨੇਤਾ ਨੇ ਜਵਾਬ ਦਿੱਤਾ, 'ਨਹੀਂ, ਨਹੀਂ, ਅਜਿਹਾ ਨਹੀਂ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਫੁਟੇਜ ਦਾ ਪ੍ਰਸਾਰਣ ਜਲਦੀ ਬੰਦ ਕਰਵਾ ਦਿਓ।'' ਇਸ ਅਜੀਬ ਮੰਗ 'ਤੇ ਟੀ.ਵੀ. ਚੈਨਲ ਪ੍ਰਮੁੱਖ ਨੇ ਓਨੀ ਹੀ ਘਬਰਾਹਟ ਵਿਚ ਪੁੱਛਿਆ, 'ਕਿਉਂ? ਮੈਨੂੰ ਤਾਂ ਲੱਗਦਾ ਹੈ ਕਿ ਮੁਸਲਿਮ ਵੋਟਰਾਂ ਦਾ ਰੁਝਾਨ ਮੋਦੀ ਦੀ ਬਜਾਏ ਕਾਂਗਰਸ ਵੱਲ ਹੈ?' ਇਸ 'ਤੇ ਲਗਭਗ ਚੀਖਦੇ ਹੋਏ ਕਾਂਗਰਸੀ ਨੇਤਾ ਨੇ ਕਿਹਾ, ''ਬਿਲਕੁਲ ਸਹੀ ਕਿਹਾ ਹੈ ਤੁਸੀਂ, ਲੇਕਿਨ ਇਸ ਫੁਟੇਜ ਦਾ ਗਲਤ ਸੰਦੇਸ਼ ਜਾ ਰਿਹਾ ਹੈ। ਇਹ ਸਾਨੂੰ ਨੁਕਸਾਨ ਪਹੁੰਚਾ ਰਿਹਾ ਹੈ। ਵੋਟਿੰਗ ਕੇਂਦਰਾਂ ਦੇ ਬਾਹਰ ਮੁਸਲਿਮ ਵੋਟਰਾਂ ਦੀ ਭੀੜ ਦੇਖ ਕੇ ਹਿੰਦੂ ਵੀ ਮੋਦੀ ਨੂੰ ਜਿਤਾਉਣ ਲਈ ਵੋਟਿੰਗ ਕੇਂਦਰਾਂ 'ਤੇ ਭਾਰੀ ਗਿਣਤੀ ਵਿਚ ਉਮੜ ਪਏ ਹਨ।''

ਸਿਫਾਲੋਜਿਸਟ ਅਤੇ ਅੰਗਰੇਜ਼ੀ ਪੱਤਰਕਾਰਾਂ ਦੀ ਨਵੀਂ ਫੌਜ ਵਾਂਗ ਇਹ ਕਾਂਗਰਸ ਨੇਤਾ ਵੀ ਸੰਭਾਵਤ ਹਕੀਕਤ ਨੂੰ ਪਹਿਚਾਣ ਨਹੀਂ ਪਾ ਰਿਹਾ ਸੀ। ਪਿਛਲੇ 60 ਸਾਲਾਂ ਤੋਂ ਘੱਟਗਿਣਤੀਆਂ ਦੇ ਡਰ ਨਾਲ ਖੇਡਣ ਦੇ ਮਨੋਵਿਕਾਰ ਦੀ ਸ਼ਿਕਾਰ ਪਾਰਟੀ ਦੇ ਉਕਤ ਕਾਂਗਰਸੀ ਨੇਤਾ ਦਾ ਵੀ ਇਹ ਮੰਨਣਾ ਸੀ ਕਿ ਦੋਵੇਂ ਵਿਰੋਧੀ ਧੜੇ ਇਕੋ ਤਰ੍ਹਾਂ ਦਾ ਵਿਹਾਰ ਕਰਦੇ ਹਨ। ਜਿਹੜੇ ਕਾਰਨ ਬਹੁ ਗਿਣਤੀ ਦੇ ਵਿਹਾਰ ਦਾ ਨਿਰਧਾਰਣ ਕਰਦੇ ਹਨ ਉਹ ਘੱਟ-ਗਿਣਤੀਆਂ ਦੇ ਵਿਹਾਰ ਦੇ ਕਾਰਨਾਂ ਦੇ ਸੰਦਰਭ ਵਿਚ ਬਿਲਕੁਲ ਹੀ ਅਲੱਗ ਹੁੰਦੇ ਹਨ।

ਹਕੀਕਤ ਹੈ ਕਿ ਧਰਮ ਦੇ ਆਧਾਰ 'ਤੇ ਧਰੁਵੀਕਰਣ ਹੋਣ ਨੂੰ ਉਨ੍ਹਾਂ ਨੇ ਸੱਚ ਮੰਨਿਆ। ਉਹ ਸ਼ਾਇਦ ਨਹੀਂ ਜਾਣਦੇ ਕਿ ਭਾਰਤ ਦੇ 85 ਫੀਸਦੀ ਹਿੰਦੂਆਂ ਵਿਚ ਏਕੀਕਰਣ ਕਦੀ ਹੋਇਆ


ਸੋਨੀਆ ਗਾਂਧੀ

ਹੀ ਨਹੀਂ। ਅਗਰ ਅਜਿਹਾ ਹੋਇਆ ਹੁੰਦਾ ਤਾਂ ਅੱਜ ਭਾਜਪਾ ਵਿਰੋਧੀ ਧਿਰ ਵਿਚ ਨਹੀਂ ਹੁੰਦੀ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਸਮਾਜਿਕ ਉਥਾਨ ਦੀ ਕੋਸ਼ਿਸ਼ ਪਵਿੱਤਰ ਅਤੇ ਸ਼ੁੱਧ ਹੁੰਦੀ ਹੈ। ਜ਼ੁਬਾਨੀ ਜਮ੍ਹਾ-ਖਰਚ ਨੇ ਮੁਸਲਿਮਾਂ ਦਾ ਕੁਝ ਵੀ ਭਲਾ ਨਹੀਂ ਕੀਤਾ ਹੈ। ਇਹੀ ਵਜ੍ਹਾ ਹੈ ਕਿ ਹੁਣ ਬਹੁਗਿਣਤੀ ਤਾਂ ਅਜਿਹੇ ਜ਼ੁਬਾਨੀ ਜਮ੍ਹਾਂ-ਖਰਚ ਨੂੰ ਨਕਾਰਨ ਲੱਗੀ ਹੈ, ਘੱਟ ਗਿਣਤੀ ਵਾਲੇ ਵੀ ਹੁਣ ਅਜਿਹੀਆਂ ਕੋਸ਼ਿਸ਼ਾਂ ਦੀਆਂ ਧੱਜੀਆਂ ਉਡਾਉਣ ਲੱਗੇ ਹਨ।

ਜੇਕਰ ਇਰਾਦੇ ਨੇਕ ਅਤੇ ਸਾਫ ਹੁੰਦੇ ਤਾਂ ਮੁਸਲਿਮ ਸਰਕਾਰੀ ਨੌਕਰੀਆਂ ਵਿਚ ਆਪਣੇ ਵਾਸਤਵਿਕ ਹੱਕ ਤੋਂ ਵਾਂਝੇ ਨਾ ਰਹਿੰਦੇ। ਸੱਚਰ ਸਮਿਤੀ ਦੀ ਰਿਪੋਰਟ ਕਾਂਗਰਸ ਦਾ ਅਸਲੀ ਚਿਹਰਾ ਉਜਾਗਰ ਕਰਦੀ ਹੈ। ਉਸ ਮੁਤਾਬਕ ਸਰਕਾਰੀ ਨੌਕਰੀਆਂ ਵਿਚ ਸਿਰਫ 4.9 ਫੀਸਦੀ ਮੁਸਲਮਾਨ ਹਨ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿਚ ਉਨ੍ਹਾਂ ਦੀ ਪ੍ਰਤੀਸ਼ਤਤਾ ਸਿਰਫ 3.2 ਹੈ। ਧਰਮ ਨਿਰੱਪਖਤਾ ਦੇ ਇਨ੍ਹਾਂ ਕਥਿਤ ਝੰਡਾਬਰਦਾਰਾਂ ਦੇ ਦਹਾਕਿਆਂ ਤੱਕ ਸ਼ਾਸਨ ਕਰਨ ਦੇ ਬਾਵਜੂਦ ਇਸ ਜਾਤੀ ਦੇ ਰਹਿਣ-ਸਹਿਣ ਅਤੇ ਜੀਵਨ ਸ਼ੈਲੀ ਵਿਚ ਖਾਸ ਫਰਕ ਨਹੀਂ ਪਿਆ।ਗੁਜਰਾਤ ਦਾ ਹੀ ਮਾਮਲਾ ਲਓ। 1995 ਤੋਂ 2007 ਵਿਚਾਲੇ ਹੋਈਆਂ ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ ਵਿਚ ਕਦੀ ਵੀ ਕਾਂਗਰਸ ਅਤੇ ਭਾਜਪਾ ਨੂੰ ਪ੍ਰਾਪਤ ਵੋਟਾਂ ਦਾ ਫਰਕ 10 ਪ੍ਰਤੀਸ਼ਤ ਤੋਂ ਘੱਟ ਨਹੀਂ ਰਿਹਾ। ਇਸ ਵਾਰੀ ਵੀ ਇਹ ਫਰਕ 11 ਪ੍ਰਤੀਸ਼ਤ ਰਿਹਾ ਹੈ। ਖਾਸ ਕਰਕੇ ਜਦੋਂ ਪੂਰੀਆਂ ਚੋਣਾਂ ਬਗੈਰ ਕਿਸੇ ਜਾਤੀ ਝਗੜੇ ਦੇ ਲੜੀਆਂ ਗਈਆਂ ਹੋਣ। ਗੁਜਰਾਤ ਦੀ ਕੁੱਲ ਆਬਾਦੀ ਦੇ ਦਸਵੇਂ ਹਿੱਸੇ ਤੋਂ ਵੀ ਘੱਟ ਹਨ ਮੁਸਲਮਾਨ ਅਤੇ 1995 ਤੋਂ ਲਗਭਗ ਹਰ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ 40 ਫੀਸਦੀ ਵੋਟ ਹੀ ਮਿਲੇ ਹਨ। 1995 ਵਿਚ ਜ਼ਰੂਰ ਕਾਂਗਰਸ ਨੂੰ 32 ਅਤੇ ਭਾਜਪਾ ਨੂੰ 42 ਫੀਸਦੀ ਵੋਟ ਮਿਲੇ ਸਨ। ਇਸ ਦਾ ਸਿੱਧਾ ਅਰਥ ਹੈ ਕਿ ਕਰੀਬ 30 ਫੀਸਦੀ ਹਿੰਦੂ ਕਾਂਗਰਸ ਨੂੰ ਵੀ ਵੋਟ ਦਿੰਦੇ ਆਏ ਹਨ। ਅਜਿਹੇ ਵਿਚ ਕਤਈ ਨਹੀਂ ਕਿਹਾ ਜਾ ਸਕਦਾ ਕਿ ਹਿੰਦੂ ਮਾਨਸਿਕਤਾ ਨਾਲ ਵੋਟਾਂ ਪਾਉਂਦੇ ਹਨ।

ਹੁਣ ਅੱਖਾਂ ਖੋਲ੍ਹਣ ਵਾਲਾ ਇਕ ਹੋਰ ਤੱਥ ਸਾਹਮਣੇ ਆਇਆ ਹੈ। 'ਕਥਿਤ' ਹਿੰਦੂ 'ਏਕੀਕਰਨ' ਦੇ ਲਗਭਗ ਦੋ ਦਹਾਕਿਆਂ ਜਾਂ ਬਾਬਰੀ ਵਿਵਾਦ ਅਤੇ ਗੋਧਰਾ ਕਾਂਡ ਦੇ ਬਾਅਦ ਲੜੀਆਂ ਗਈਆਂ ਲੋਕ ਸਭਾ ਚੋਣਾਂ ਵਿਚ ਹਿੰਦੂਵਾਦੀ ਭਾਜਪਾ ਨੂੰ ਜਿੰਨੀਆਂ ਵੋਟਾਂ ਮਿਲੀਆਂ, ਉਹ ਕਾਂਗਰਸ ਨੂੰ ਮਿਲੀਆਂ ਵੋਟਾਂ ਤੋਂ ਜ਼ਿਆਦਾ ਨਹੀਂ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਸਮਾਜ ਦੇ ਜ਼ਿਆਦਾਤਰ ਹਿੱਸੇ ਨੇ ਕਦੀ ਵੀ ਪੂਰੀ ਤਰ੍ਹਾਂ ਨਾਲ ਜਾਤੀ ਦੇ ਆਧਾਰ 'ਤੇ ਵੋਟ ਨਹੀਂ ਪਾਈ।

ਪਦਾਰਥਕ ਜ਼ਿਆਦਾਤਰ ਹਿੰਦੂ ਉਦਾਰ ਹਨ ਅਤੇ ਹਮਲਾਵਰ ਹਿੰਦੂਤਵ ਨੂੰ ਖਾਰਜ ਕਰਦੇ ਹਨ। ਜੇਕਰ 2002 ਦੀਆਂ ਚੋਣਾਂ ਵਿਚ ਹਿੰਦੂ ਵੋਟਰ ਜ਼ਿਆਦਾਤਰ ਸੰਪਰਦਾਇਕ ਹੋ ਗਏ ਹੁੰਦੇ ਤਾਂ ਕਾਂਗਰਸ ਨੂੰ 39 ਅਤੇ ਭਾਜਪਾ ਨੂੰ ਸਿਰਫ 49.5 ਫੀਸਦੀ ਵੋਟ ਨਾ ਮਿਲੇ ਹੁੰਦੇ। ਹਾਲਾਂਕਿ ਇਹ ਗੱਲ


ਨਰਿੰਦਰ ਮੋਦੀ

ਸੱਚ ਹੈ ਕਿ ਲੋਕ ਸਭਾ ਚੋਣਾਂ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਭਾਜਪਾ ਦਾ ਗ੍ਰਾਫ ਰਾਸ਼ਟਰੀ ਪੱਧਰ 'ਤੇ ਉਛਾਲ ਖਾਂਦੇ ਹੋਏ ਦੋ ਫੀਸਦੀ ਦੇ ਨਿਗੁਣੇ ਆਂਕੜੇ ਤੋਂ 1999 ਤੋਂ ਜ਼ਿਆਦਾਤਰ 25.63 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ। 1998 ਤੋਂ ਪਹਿਲਾਂ ਚਾਰ ਲੋਕ ਸਭਾ ਚੋਣਾਂ ਦੇ ਦੌਰਾਨ ਭਾਜਪਾ ਨੂੰ ਹਮੇਸ਼ਾ ਕਾਂਗਰਸ ਤੋਂ ਤਿੰਨ ਫੀਸਦੀ ਘੱਟ ਹੀ ਵੋਟ ਮਿਲੇ। ਭਾਜਪਾ ਨੂੰ ਵੋਟਾਂ ਦਾ ਇੰਨਾ ਵੱਡਾ ਹਿੱਸਾ ਮਿਲਣ ਤੋਂ ਪਿੱਛੇ ਵੀ ਕਾਰਨ ਜ਼ਿਆਦਾ ਲੋਕਾਂ ਦਾ ਸੰਪਰਦਾਈਕਰਣ ਨਹੀਂ ਬਲਕਿ ਵਿਵੇਕਪੂਰਣ ਪ੍ਰਤੀਕਿਰਿਆ ਹੈ।

ਕਾਂਗਰਸ ਦੁਆਰਾ ਚਾਰ ਦਹਾਕਿਆਂ ਦੇ ਨਿਰਬਾਧ 'ਟੋਕਨਵਾਦ' ਤੋਂ ਮੁਸਲਮਾਨਾਂ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਆਇਆ ਹੈ। ਸੱਚਰ ਕਮੇਟੀ ਦੀ ਰਿਪੋਰਟ ਨਾਲ ਬਜਾਏ ਕਿਸੇ ਹੋਰ ਰਾਜਨੀਤਿਕ ਪਾਰਟੀ ਦੇ ਕਾਂਗਰਸ ਨੂੰ ਹੀ ਜ਼ਿਆਦਾ ਸਬਕ ਲੈਣ ਦੀ ਜ਼ਰੂਰਤ ਹੈ। ਕੇਂਦਰ ਅਤੇ ਰਾਜਾਂ ਵਿਚ ਕਾਂਗਰਸ ਦੇ ਚਾਰ ਦਹਾਕਿਆਂ ਦੇ ਦੌਰਾਨ ਮੁਸਲਿਮਾਂ ਨੂੰ ਵਿਕਾਸ ਦੀ ਮੁੱਖ ਧਾਰਾ ਵਿਚ ਕਿਉਂ ਨਹੀਂ ਲਿਆਇਆ ਗਿਆ? ਇਰਾਦੇ ਨੇਕ ਹੋਣ ਤਾਂ ਕਿਸੇ ਸਰਕਾਰ ਲਈ 13.4 ਫੀਸਦੀ ਆਬਾਦੀ ਦੀ ਦਸ਼ਾ ਸੁਧਾਰਨ ਲਈ ਛੇ ਦਹਾਕਿਆਂ ਦਾ ਸਮਾਂ ਪ੍ਰਯਾਪਤ ਲੰਬੀ ਮਿਆਦ ਹੈ। ਮਗਰ ਮੁਸਲਮਾਨਾਂ ਲਈ ਸੱਚ ਮੁੱਚ ਕੁਝ ਕਰਨ ਦੀ ਬਜਾਏ ਮਕਸਦ ਇਹ ਸੁਨਿਸ਼ਚਿਤ ਕਰਨਾ ਸੀ ਕਿ ਘੱਟ ਗਿਣਤੀ ਸਮਾਜ ਦਾ ਭੈਭੀਤ ਅਤੇ ਡਿੱਗਿਆ ਹੋਇਆ ਹਿੱਸਾ ਬਣੇ ਰਹਿਣ। ਜਿਨ੍ਹਾਂ ਨੂੰ ਸਮਾਜ ਦਾ ਜਾਨਦਾਰ ਅੰਗ ਬਣਾਉਣ ਦੀ ਬਜਾਏ ਸਿਰਫ ਚੋਣਾਂ ਦੇ ਦੌਰਾਨ ਹੀ ਬਾਹਰ ਕੱਢਿਆ ਜਾਵੇ। ਕਾਂਗਰਸ ਨੇਤਾਵਾਂ ਨੂੰ ਸਮਝਣਾ ਚਾਹੀਦਾ ਹੈ ਕਿ ਵੋਟਰਾਂ ਦੀ ਕਤਾਰ ਵਿਚ ਕਿਸੇ ਮੁਸਲਿਮ ਮਹਿਲਾ ਦੇ ਖੜੇ ਹੋਣ ਦਾ ਦ੍ਰਿਸ਼ ਜਿੱਦਾਂ ਹੀ ਟੀ.ਵੀ. 'ਤੇ ਦਿਖਾਇਆ ਜਾਂਦਾ ਹੈ, 'ਹੋਰ' ਵੋਟਰ ਪ੍ਰਤੀਕਿਰਿਆ ਕਿਉਂ ਪ੍ਰਗਟ ਕਰਦੇ ਹਨ। ਜਿਵੇਂ ਹੀ ਉਹ ਇਸ ਗੱਲ ਨੂੰ ਸਮਝ ਲੈਣਗੇ, ਮੋਦੀਆਂ ਦੀ ਪੁੱਛ-ਪਰਖ ਘੱਟ ਹੋ ਜਾਵੇਗੀ।

ਆਜ਼ਾਦੀ ਦੇ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਇਕ ਖਾਮੋਸ਼ ਪ੍ਰਤੀਕਿਰਿਆ ਦੇ ਰੂਪ ਵਿਚ ਗੁਜਰਾਤ ਦੇ ਵੋਟਰਾਂ ਨੇ ਇਸੇ ਤਰ੍ਹਾਂ ਦਾ ਵਿਹਾਰ ਕੀਤਾ ਹੈ। ਕਾਂਗਰਸ ਨੇਤਾਵਾਂ ਨੂੰ ਇਹ ਅਹਿਸਾਸ ਵੀ ਹੋਣਾ ਚਾਹੀਦਾ ਕਿ ਰਾਸ਼ਟਰੀ ਪੱਧਰ 'ਤੇ ਵੀ ਅਜਿਹਾ ਹੀ ਮਾਨਸ ਬਣ ਜਾਣ ਦੀ ਆਸ ਹੈ। ਇਸ ਦਾ ਮਤਲਬ ਇਹ ਹੋਇਆ ਕਿ ਭਾਜਪਾ ਨੂੰ ਹੁਣ ਮੰਦਿਰ ਵਰਗੇ ਸੰਪਰਦਾਇਕ ਮੁੱਦੇ ਉਛਾਲ ਕੇ ਲੋਕ ਭਾਵਨਾ ਭੜਕਾਉਣ ਦੀ ਜ਼ਰੂਰਤ ਨਹੀਂ ਹੈ। ਪਾਰਟੀ ਦੇ ਨੇਤਾ ਜਨਤਾ ਨੂੰ ਸਿਰਫ ਇੰਨਾ ਹੀ ਆਖਣਗੇ ਕਿ ਜਨ ਜਾਤੀਆਂ (8.2 ਫੀਸਦੀ) ਅਨੁਸੂਚਿਤ ਜਾਤੀਆਂ (19 ਫੀਸਦੀ) ਜਾਂ ਪੇਂਡੂ ਗਰੀਬ ਵਰਗਾਂ ਦੀ ਅਣਦੇਖੀ ਕਰਦੇ ਹੋਏ ਕੇਂਦਰ ਦੁਆਰਾ ਅਲਾਟ ਰਕਮ ਵਿਚੋਂ 15 ਫੀਸਦੀ ਘੱਟ ਗਿਣਤੀ ਕਲਿਆਣ 'ਤੇ ਖਰਚ ਕਰਨ ਦਾ ਕੇਂਦਰ ਦਾ ਫੈਸਲਾ ਕਾਂਗਰਸ ਨੇ ਕੀਤਾ ਹੈ।

---

# ਭਾਰਤੀ ਮੂਲ ਦੇ ਲੋਕਾਂ ਨਾਲ ਸੁਲ੍ਹਾ 'ਚ ਹੀ ਮਲੇਸ਼ੀਆ ਦਾ ਭਲਾ

ਇਹ ਸੰਤੋਖ ਦਾ ਵਿਸ਼ਾ ਹੈ ਕਿ ਮਲੇਸ਼ੀਆਈ ਪ੍ਰਧਾਨ ਮੰਤਰੀ ਨੇ ਅਸੰਤੁਸ਼ਟ ਭਾਰਤਵਾਸੀਆਂ ਨਾਲ ਸ਼ਾਂਤੀ ਅਤੇ ਸੁਲਾਹ ਲਈ ਪਹਿਲ ਕੀਤੀ ਹੈ। ਨਸਲੀ ਭੇਦਭਾਵ ਦੇ ਖਿਲਾਫ਼ ਇਕਜੁੱਟ ਹੋ ਕੇ

**ਕਮਲੇਂਦਰ ਕਵਰ**

10 ਹਜ਼ਾਰ ਤੋਂ ਜ਼ਿਆਦਾ ਭਾਰਤਵਾਸੀਆਂ ਨੇ ਮਲੇਸ਼ੀਆ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਵਿਰੋਧ ਪ੍ਰਦਰਸ਼ਨ ਕੀਤਾ ਸੀ। ਸਰਕਾਰ ਨੇ ਉਸ ਦੇ ਬਾਅਦ ਤੋਂ ਉਨ੍ਹਾਂ 'ਤੇ ਦਮਨ ਦਾ ਸਿਲਸਿਲਾ ਚਲਾਇਆ। ਪ੍ਰਦਰਸ਼ਨ ਦੀ ਅਗਵਾਈ ਕਰ ਰਹੇ 31 ਨੇਤਾਵਾਂ ਦੇ ਖਿਲਾਫ਼ ਲਗਾਏ ਗਏ ਹੱਤਿਆ ਦੇ ਦੋਸ਼ ਨੂੰ ਵਾਪਸ ਲੈਂਦੇ ਹੋਏ ਪ੍ਰਧਾਨ ਮੰਤਰੀ ਬਦਾਵੀ ਨੇ ਭਾਰਤੀਆਂ ਨੂੰ ਵਿਸ਼ਵਾਸ਼ ਦਿਵਾਇਆ ਹੈ ਕਿ ਉਹ ਉਨ੍ਹਾਂ ਨੂੰ ਨਿਰਾਸ਼ ਨਹੀਂ ਕਰਨਗੇ।


ਇਕ ਹਫਤੇ ਤੱਕ ਚੱਲੀ ਗਹਿਮਾ-ਗਹਿਮੀ ਅਤੇ ਨੋਕ-ਝੋਕ ਤੋਂ ਬਾਅਦ ਬਦਾਵੀ ਨੇ ਵਿਸ਼ਵਾਸ ਦੁਆਇਆ ਹੈ ਕਿ ਉਨ੍ਹਾਂ ਦੀ ਸਰਕਾਰ ਨਸਲੀ ਭੇਦਭਾਵ ਦੀਆਂ ਸ਼ਿਕਾਇਤਾਂ 'ਤੇ ਗੌਰ ਕਰੇਗੀ। ਬਦਾਵੀ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਇਥੇ ਕਦੀ ਮਲਈ ਅਤੇ ਭਾਰਤੀਆਂ ਦੇ ਵਿਚ ਝਗੜੇ ਨਹੀਂ ਹੋਏ। ਉਨ੍ਹਾਂ ਨੇ ਕਿਹਾ ਕਿ ਮੈਂ ਸਾਰੇ ਵਰਗਾਂ ਦੇ ਲੋਕਾਂ ਦਾ ਸਨਮਾਨ ਕਰਨਾ ਜਾਰੀ ਰੱਖਾਂਗਾ। ਭਾਰਤੀਆਂ ਦੇ ਨਾਲ ਦੁਸ਼ਮਣਾਂ ਵਰਗਾ ਵਿਹਾਰ ਕਰਨ ਦਾ ਸਵਾਲ ਹੀ ਨਹੀਂ ਉਠਦਾ। ਬਦਾਵੀ ਨੇ ਇਹ ਵੀ ਸੰਕੇਤ ਦਿੱਤੇ ਕਿ ਗੈਰ ਮੁਸਲਮਾਨਾਂ ਦੇ ਮਾਮਲਿਆਂ ਨੂੰ ਦੇਖਣ ਲਈ ਸਰਕਾਰ ਅਲੱਗ ਤੋਂ ਇਕ ਵਿਭਾਗ ਬਣਾਏਗੀ।

ਲੇਕਿਨ ਇਨ੍ਹਾਂ ਦਾਅਵਿਆਂ ਦੇ ਦੌਰਾਨ ਹਿੰਦੂ ਰਾਈਟ ਐਕਸ਼ਨ ਫੋਰਸ (ਹਿੰਦਰਾਫ) ਦੇ ਪੰਜ ਨੇਤਾਵਾਂ ਨੂੰ ਆਂਤਰਿਕ ਸੁਰੱਖਿਆ ਕਾਨੂੰਨ ਤਹਿਤ ਹਾਲੇ ਵੀ ਜੇਲ੍ਹ ਵਿਚ ਹੀ ਰੱਖਿਆ ਗਿਆ ਹੈ। ਇਨ੍ਹਾਂ 'ਤੇ ਵਿਰੋਧ ਪ੍ਰਦਰਸ਼ਨ ਆਯੋਜਿਤ ਕਰਨ ਦਾ ਦੋਸ਼ ਹੈ। ਫਿਰ ਵੀ ਅਚਾਨਕ ਬਦਾਵੀ ਦੇ ਸੁਰਾਂ ਵਿਚ ਆਏ ਸਦਭਾਵਨਾਪੂਰਣ ਬਦਲਾਅ ਦੇ ਪਿੱਛੇ ਆਉਣ ਵਾਲੀਆਂ ਆਮ ਚੋਣਾਂ ਹਨ। ਉਨ੍ਹਾਂ ਨੂੰ ਡਰ ਹੈ ਕਿ ਭਾਰਤਵਾਸੀਆਂ ਦੇ ਨਾਲ ਜ਼ਿਆਦਾ ਸਖ਼ਤੀ ਕੀਤੀ ਗਈ ਤਾਂ ਉਨ੍ਹਾਂ ਦਾ ਅੰਦੋਲਨ ਹਿੰਸਕ ਰੂਪ ਲੈ ਸਕਦਾ ਹੈ ਅਤੇ ਉਦੋਂ ਨਿਪਟਣਾ ਵੀ ਜ਼ਿਆਦਾ ਮੁਸ਼ਕਿਲ ਹੋਵੇਗਾ। ਇਧਰ, ਇਕ ਖਤਰਾ ਹੋਰ ਵਧ ਗਿਆ ਹੈ, ਉਹ ਹੈ ਲਿੱਟੇ ਦਾ। ਸ਼੍ਰੀਲੰਕਾ ਵਿਚ ਹਤਾਸ਼ ਹੋ ਚੁੱਕੇ ਲਿੱਟੇ ਦੇ ਨੇਤਾ ਮਲੇਸ਼ੀਆ ਵਿਚ ਤਾਮਿਲ ਮੂਲ ਦੇ ਲੋਕਾਂ ਵਿਚ ਆਪਣੀਆਂ ਜੜ੍ਹਾਂ ਜਮਾਉਣ ਦੀਆਂ ਕੋਸ਼ਿਸ਼ਾਂ ਕਰ ਸਕਦੇ ਹਨ। ਇਸੇ ਖਤਰੇ ਨੂੰ ਭਾਂਪਦੇ ਹੋਏ ਬਦਾਵੀ ਨੇ ਕੁਝ ਸੁਧਾਰਵਾਦੀ ਕਦਮ ਚੁੱਕ ਕੇ ਪ੍ਰਗਤੀਸ਼ੀਲ ਵਿਚਾਰ ਵਾਲੇ ਭਾਰਤਵਾਸੀਆਂ ਨੂੰ ਆਪਣੇ ਪਾਲੇ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

ਘਾਗ ਮਲੇਸ਼ੀਆਈ ਨੇਤਾ ਬਦਾਵੀ ਨੂੰ ਇਹ ਪਤਾ ਹੈ ਕਿ ਸੱਤਾਧਾਰੀ ਗਠਜੋੜ ਦੇ ਹਿੱਸੇਦਾਰ ਮਲੇਸ਼ੀਅਨ ਇੰਡੀਅਨ ਕਾਂਗਰਸ (ਐਮ.ਆਈ. ਸੀ.) ਦੀ ਪਕੜ ਭਾਰਤਵਾਸੀਆਂ 'ਤੇ ਢਿੱਲੀ ਪੈ ਚੁੱਕੀ ਹੈ ਅਤੇ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਨੂੰ ਲੈ ਕੇ ਐਮ. ਆਈ.ਸੀ. ਤੋਂ ਨਾਉਮੀਦ ਹੋ ਚੁੱਕੇ ਹਨ।

ਬਦਾਵੀ ਭਾਰਤਵਾਸੀਆਂ ਨੂੰ ਮਦਦ ਦਾ ਭਰੋਸਾ ਦੇਣ ਦੇ ਨਾਲ ਇਹ ਵੀ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਉਹ ਹਿੰਦਰਾਫ ਦੇ ਨੇਤਾਵਾਂ ਦਾ ਸਾਥ ਛੱਡ ਦੇਣ ਕਿਉਂਕਿ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਬਦਾਵੀ ਦੀ ਕੋਸ਼ਿਸ਼ ਇਹੀ ਹੈ ਕਿ ਭਾਰਤਵਾਸੀਆਂ ਦਾ ਵੱਡਾ ਸਮੂਹ ਐਮ.ਆਈ.ਸੀ. ਦੇ ਝੰਡੇ ਥੱਲੇ ਹੀ ਰਹੇ ਕਿਉਂਕਿ ਉਹ ਸੱਤਾਧਾਰੀ ਸੰਗਠਨ ਦਾ ਘਟਕ ਹੈ।

ਬਦਾਵੀ ਦੀਆਂ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਵਿਚ ਹਿੰਦਰਾਫ ਦੇ ਨੇਤਾਵਾਂ ਦਾ ਵਿਰੋਧ ਰੁਕਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ। ਮਲੇਸ਼ੀਆ ਦੇ ਬਾਹਰ ਇਹ ਸੰਦੇਸ਼ ਪਹੁੰਚ ਰਿਹਾ ਹੈ ਕਿ ਉਥੇ ਨਸਲੀ ਆਧਾਰ 'ਤੇ ਭੇਦਭਾਵ ਅਤੇ ਦਮਨ ਦਾ ਸਿਲਸਿਲਾ ਚਲਾਇਆ ਜਾ ਰਿਹਾ ਹੈ ਅਤੇ ਭਾਰਤੀ ਇਸ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਬਣ ਰਹੇ ਹਨ। ਬਦਾਵੀ ਲਈ ਸਭ ਤੋਂ ਵੱਡੀ ਮੁਸ਼ਕਿਲ ਇਹ ਹੈ ਕਿ ਇਸ ਦੇਸ਼ ਵਿਚ ਵਿਸ਼ਵ ਬਰਾਦਰੀ ਦੀ ਜਿਹੜੀ ਧਾਰਨਾ ਬਣ ਰਹੀ ਹੈ ਇਸ ਨਾਲ ਉਨ੍ਹਾਂ ਦੀ ਸ਼ਾਖ ਅਤੇ ਵਿਸ਼ਵਾਸਯੋਗਤਾ 'ਤੇ ਪ੍ਰਤੀਕੂਲ ਅਸਰ ਤਾਂ ਪਵੇਗਾ ਹੀ, ਤਰੱਕੀ ਵੱਲ ਵਧਦੇ


ਬਦਾਵੀ

ਮਲੇਸ਼ੀਆ ਦੇ ਕਦਮ ਵੀ ਪ੍ਰਭਾਵਿਤ ਹੋਣਗੇ।

ਮਲੇਸ਼ੀਆ ਵਿਚ ਭਾਰਤੀ ਪੀੜ੍ਹੀਆਂ ਤੋਂ ਰਹਿ ਰਹੇ ਹਨ, ਇਸ ਨਾਤੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਦੇਸ਼ ਦੇ ਅੰਦਰ ਹੀ ਦੇਖਣਾ ਚਾਹੀਦਾ ਹੈ। ਮਲੇਸ਼ੀਆਈ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਬਾਰੇ ਵਿਚ ਤਾਮਿਲਨਾਡੂ ਦੇ ਮੁੱਖ ਮੰਤਰੀ ਕਰੁਣਾਨਿਧੀ ਦਾ ਬਿਆਨ ਵੀ ਬੇਮਤਲਬ ਹੈ।

ਕਰੁਣਾਨਿਧੀ ਇਹ ਸੋਚਦੇ ਹੋਣਗੇ ਕਿ ਉਨ੍ਹਾਂ ਦੇ ਅਜਿਹਾ ਕਰਨ ਨਾਲ ਉਹ ਆਪਣੇ ਦੇਸ਼ ਦੀ ਜਨਤਾ ਸਾਹਮਣੇ ਤਾਮਿਲਾਂ ਦੇ ਸਭ ਤੋਂ ਵੱਡੇ ਨੇਤਾ ਦੇ ਰੂਪ ਵਿਚ ਦਿਖਣਗੇ, ਤਾਂ ਇਸ ਨਾਲ ਮਲੇਸ਼ੀਆਈ ਤਾਮਿਲਾਂ ਦੀਆਂ ਸਮੱਸਿਆਵਾਂ ਸੁਲਝਣ ਦੀ ਬਜਾਏ ਉਲਝਣਗੀਆਂ ਅਤੇ ਤਣਾਅ ਹੀ ਵਧੇਗਾ।

ਕਰੁਣਾਨਿਧੀ ਦੇ ਬਿਆਨ ਨੂੰ ਮਲੇਸ਼ੀਆਈ ਸਰਕਾਰ ਨੇ ਆਪਣੇ ਆਂਤਰਿਕ ਮਾਮਲਿਆਂ ਵਿਚ ਦਖਲ ਮੰਨਿਆ ਹੈ। ਹਿੰਦਰਾਫ ਦੇ ਨੇਤਾਵਾਂ ਦੇ ਕਰੁਣਾਨਿਧੀ ਨਾਲ ਸੰਪਰਕ ਦੇ ਚਲਦੇ ਮਲੇਸ਼ੀਆ ਸਰਕਾਰ ਨੂੰ ਇਹ ਕਹਿਣ ਦਾ ਵੀ ਮੌਕਾ ਮਿਲ ਗਿਆ ਹੈ ਕਿ ਇਹ ਲੋਕ ਆਪਣੇ ਦੇਸ਼ ਦੀ ਪ੍ਰਭੁਤਾ ਦੇ ਪ੍ਰਤੀ ਪ੍ਰਤੀਬੱਧ ਨਹੀਂ ਹਨ। ਇਨ੍ਹਾਂ ਸਥਿਤੀਆਂ ਦੀ ਵਜ੍ਹਾ ਨਾਲ ਭਾਰਤੀਆਂ ਦੀਆਂ ਸਹੀ, ਵਾਜ਼ਿਬ ਅਤੇ ਵਿਧਾਨਕ ਮੰਗਾਂ ਦਾ ਆਧਾਰ ਕਮਜ਼ੋਰ ਹੀ ਹੋਇਆ ਹੈ।


ਮਲੇਸ਼ੀਆ ਵਿਚ ਨਸਲੀ ਭੇਦਭਾਵ ਦੇ ਸ਼ਿਕਾਰ ਉਥੇ ਮਲਈ ਸਮੂਹ ਦੇ ਇਲਾਵਾ ਸਾਰੇ ਵਰਗਾਂ ਦੇ ਲੋਕ ਹਨ। ਉਥੇ ਸਿਰਫ ਮਲਈ ਨਾਗਰੀਕਾਂ ਨੂੰ ਹੀ ਭੂਮੀ ਪੁੱਤਰ ਮੰਨਿਆ ਜਾਂਦਾ ਹੈ ਅਤੇ ਉਹੀ ਲੋਕ ਅਲੱਗ ਰਿਜ਼ਰਵੇਸ਼ਨਾਂ, ਸਹੂਲਤਾਂ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਪਾਉਣ ਦੇ ਪਹਿਲੇ ਅਧਿਕਾਰੀ ਹਨ। ਭਾਰਤੀਆਂ ਅਤੇ ਚੀਨੀ ਮੂਲ ਦੇ ਲੋਕਾਂ ਨੂੰ ਉਨ੍ਹਾਂ ਦੀ ਨਸਲ ਦੇ ਆਧਾਰ 'ਤੇ ਜਾਣਿਆ ਜਾਂਦਾ ਹੈ ਜਦੋਂ ਕਿ ਇਹ ਲੋਕ ਕਈ-ਕਈ ਪੀੜੀਆਂ ਤੋਂ ਉਥੇ ਵਸੇ ਹੋਏ ਹਨ। ਉਥੇ ਕੋਈ ਵੀ ਸਰਕਾਰ ਰਹੀ ਹੋਵੇ ਪਰ ਇਨ੍ਹਾਂ ਨੂੰ ਭੂਮੀ ਪੁੱਤਰ (ਸਨ ਆਫ ਸਵਾਇਲ) ਦਾ ਦਰਜਾ ਨਹੀਂ ਮਿਲ ਸਕਿਆ। ਭਾਰਤੀਆਂ ਦਾ ਅਸਲੀ ਦਰਦ ਇਹੀ ਹੈ।

ਮਲੇਸ਼ੀਆ ਵਿਚ ਚੀਨੀ ਮੂਲ ਦੇ ਲੋਕਾਂ ਦੀ ਉਥੇ ਦੀ ਆਬਾਦੀ ਵਿਚ ਭਾਈਵਾਲੀ 30 ਫੀਸਦੀ ਦੇ ਕਰੀਬ ਹੈ ਜਦੋਂ ਕਿ ਭਾਰਤੀ ਸੱਤ ਤੋਂ ਅੱਠ ਫੀਸਦੀ। ਚੀਨੀ ਮੁੱਖ ਤੌਰ 'ਤੇ ਵਪਾਰ ਨਾਲ ਜੁੜੇ ਹਨ। ਇਥੇ ਚੀਨੀਆਂ ਦਾ ਆਰਥਿਕ ਆਧਾਰ ਬੇਹੱਦ ਮਜ਼ਬੂਤ ਹੈ ਅਤੇ ਉਹ ਬਹੁਤ ਜ਼ਿਆਦਾ ਇਥੇ ਦੇ ਰਾਜਨੀਤਿਕ ਸਿਆਪੇ ਵਿਚ ਪੈਂਦੇ ਵੀ ਨਹੀਂ ਹਨ। ਜਦੋਂਕਿ ਭਾਰਤੀਆਂ ਦੀ ਆਰਥਿਕ ਦਸ਼ਾ ਜ਼ਿਆਦਾ ਚੰਗੀ ਨਹੀਂ ਹੈ। ਇਸ ਲਈ ਜਦੋਂ ਰਿਜ਼ਰਵੇਸ਼ਨ, ਰੁਜ਼ਗਾਰ ਦੇ ਮੌਕਿਆਂ ਅਤੇ ਸਹੂਲਤਾਂ ਵਿਚ ਸਰਕਾਰ ਦੀਆਂ ਮਲੱਈਪ੍ਰਸਤ ਨੀਤੀਆਂ ਨੂੰ ਦੇਖਦੇ ਹਨ ਤਾਂ ਉਤੇਜਿਤ ਹੋ ਜਾਂਦੇ ਹਨ। ਹਾਲੇ ਵੀ ਭਾਰਤੀਆਂ ਦਾ ਵੱਡਾ ਸਮੂਹ ਇਥੇ ਮਜ਼ਦੂਰੀ ਵਰਗੇ ਛੋਟੇ ਕੰਮਾਂ ਵਿਚ ਲੱਗਿਆ ਹੈ। ਯਾਦ ਰਹੇ ਕਿ ਅੰਗਰੇਜ਼ ਇਨ੍ਹਾਂ ਨੂੰ ਭਾਰਤ ਤੋਂ ਮਜ਼ਦੂਰੀ ਕਰਵਾਉਣ ਹੀ ਲੈ ਗਏ ਸਨ। ਭਾਰਤੀ ਵਪਾਰ ਅਤੇ ਕਾਰੋਬਾਰ ਦੇ ਮਾਮਲਿਆਂ ਵਿਚ ਕਾਫੀ ਪਿੱਛੇ ਹਨ। ਦੇਸ਼ ਦੀ ਕੁੱਲ ਸੰਪਤੀ ਵਿਚ ਇਨ੍ਹਾਂ ਦਾ ਯੋਗਦਾਨ ਮਹਿਜ 1.5 ਫੀਸਦੀ ਹੈ।

ਇਸ ਵਿਚ ਕੋਈ ਦੋ ਰਾਏ ਨਹੀਂ ਕਿ ਭਾਰਤੀ ਸਰਕਾਰੀ ਅਤੇ ਨਿੱਜੀ ਖੇਤਰ ਵਿਚ ਉਚਿੱਤ ਭਾਈਵਾਲੀ ਨਾ ਮਿਲਣ ਦੀ ਵਜ੍ਹਾ ਨਾਲ ਨਿਰਾਸ਼ ਹਨ। ਉਨ੍ਹਾਂ ਨੂੰ ਕਾਰੋਬਾਰ ਲਈ ਲਾਈਸੈਂਸ ਮਿਲਣ ਅਤੇ ਯੂਨੀਵਰਸਿਟੀਆਂ ਵਿਚ ਅਧਿਐਨ ਦੇ ਮੌਕੇ ਹਾਸਲ ਕਰਨ ਵਿਚ ਮੁਸ਼ਕਿਲ ਹੁੰਦੀ ਹੈ। ਭੇਦਭਾਵ ਦੇ ਚਲਦੇ ਇਹ ਗੁੱਸਾ ਤਾਂ ਉਨ੍ਹਾਂ ਅੰਦਰ ਸੀ ਹੀ, ਜਦੋਂ ਕੁਝ ਮੰਦਿਰਾਂ ਨੂੰ ਤੋੜਿਆ ਗਿਆ ਤਾਂ ਉਨ੍ਹਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਅਤੇ ਉਹ ਹਿੰਦਰਾਫ ਦੇ ਅੰਦੋਲਨ ਦੇ ਪੱਖ ਵਿਚ ਹੋ ਗਏ।

ਬਦਾਵੀ ਸਰਕਾਰ ਦੀ ਭਾਰਤੀਆਂ ਦੀ ਇਸ ਮਨੋਦਸ਼ਾ ਨੂੰ ਸਮਝਣਾ ਹੋਵੇਗਾ ਅਤੇ ਪੂਰੀ ਗੰਭੀਰਤਾ ਨਾਲ ਉਨ੍ਹਾਂ ਦੀਆਂ ਸ਼ਿਕਾਇਤਾਂ ਅਤੇ ਮੁਸ਼ਕਲਾਂ 'ਤੇ ਧਿਆਨ ਦੇਣਾ ਹੋਵੇਗਾ। ਜੇਕਰ ਉਹ ਇਸ ਵਿਚ ਸਫਲ ਨਹੀਂ ਹੁੰਦੇ ਤਾਂ ਸਮਾਜਿਕ ਤਣਾਅ ਹੋਰ ਵਧੇਗਾ ਅਤੇ ਮਲੇਸ਼ੀਆ ਨੇ ਆਰਥਿਕ ਵਿਕਾਸ ਵਿਚ ਜਿਹੜਾ ਵਾਧਾ ਕੀਤਾ ਹੈ ਉਸ 'ਤੇ ਰੋਕ ਲਗ ਜਾਵੇਗੀ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

# ਮਿੱਟੀ ਰੁਦਨ ਕਰੇ.... ਪਰ ਸੁਣੇ ਵੀ ਕੋਈ

ਇਸੇ ਦਸੰਬਰ ਦੇ ਪਹਿਲੇ ਹਫਤੇ ਤੋਂ ਸਥਾਨਕ ਪੰਜਾਬੀ ਅਖਬਾਰਾਂ ਵਿਚ ਛਪ ਰਹੇ ਇਕ ਇਸ਼ਤਿਹਾਰ ਨੇ ਮੱਲੋ ਮੱਲੀ ਧਿਆਨ ਖਿੱਚਿਆ। ਗਦਰੀ ਬਾਬਿਆਂ ਦੀ ਵਰੋਸਾਈ ਸਟਾਕਟਨ ਦੀ ਧਰਤੀ 'ਤੇ ਹੋਣ ਜਾ ਰਹੇ 'ਨਾਟਕ ਮੇਲੇ' ਦੀ ਦੱਸ ਪਾਉਣ ਵਾਲੇ ਇਸ ਅੱਧੇ ਸਫੇ ਦੇ ਇਸ਼ਤਿਹਾਰ ਦੀ ਇਬਾਰਤ ਵਿਚ, ਪੰਜਾਬ ਤੇ ਪੰਜਾਬੀ ਪ੍ਰੇਮੀਆਂ ਨੂੰ ਹਲੂਣਾ ਦਿੰਦੇ ਹੋਏ ਲਿਖਿਆ ਗਿਆ ਸੀ ਕਿ ਆਓ ਪੰਜਾਬੀਓ, ਕੰਨ ਪਾੜਵੇਂ ਗੀਤ-ਸੰਗੀਤ ਦੀ ਥਾਂ ਕੁਝ ਪਲ ਸੰਜੀਦਾ ਹੋ ਕੇ, ਆਪਣੀ ਜੰਮਣ-ਭੋਇੰ ਦੇ ਦਰਦਾਂ ਦੀ ਗਾਥਾ ਦਰਸਾਉਂਦੇ ਨਾਟਕ ਦੇਖਣ ਲਈ ਇਕੱਤਰ ਹੋਈਏ! ਇਨ੍ਹਾਂ ਭਾਵੁਕ ਸ਼ਬਦਾਂ ਨੂੰ ਪੜ੍ਹਦਿਆਂ ਮੇਰੇ ਮਨ ਵਿਚ ਕਈ ਤਰ੍ਹਾਂ ਦੇ ਵਿਚਾਰਾਂ ਦੀਆਂ ਤਰੰਗਾਂ ਛਿੜ ਪਈਆਂ।

ਪਹਿਲਾਂ ਤਾਂ ਮੈਨੂੰ ਯਾਦ ਆ ਗਈ ਪ੍ਰਸਿੱਧ ਗਜ਼ਲ-ਗਾਇਕ ਜਗਜੀਤ ਸਿੰਘ ਦੀ ਇੰਟਰਵਿਊ। ਜਿਸ ਵਿਚ ਉਸ ਨੇ ਅਜੋਕੇ ਪੰਜਾਬੀ ਜਗਤ ਵਿਚ ਸੰਗੀਤ ਦੇ ਨਾਮ 'ਤੇ ਪਰੋਸੇ ਜਾ ਰਹੇ ਬੇਹੂਦਾ ਢੋਲ-ਢਮੱਕੇ ਅਤੇ ਅਸ਼ਲੀਲ ਟੱਪ-ਟਪਈਏ ਦਾ ਅੰਤ ਆ ਜਾਣ ਦੀ ਤਵੱਕੋਂ ਕੀਤੀ ਸੀ। ਉਸਨੇ ਗੰਭੀਰ ਹੁੰਦਿਆਂ ਪੰਜਾਬੀਆਂ ਨੂੰ ਸੱਦਾ ਦਿੱਤਾ ਸੀ ਕਿ ਭਰਾਵੋ-ਬਹੁਤ ਹੋ ਗਿਆ! ਬੱਸ ਕਰੋ!! ਹੁਣ ਆਪਣੀ ਸਹਿਜ ਤੇ ਸੂਹਜ ਵਾਲੀ ਵਿਰਾਸਤ ਨੂੰ ਪਛਾਣੋ ਅਤੇ ਸੰਗੀਤ ਨੂੰ ਰੂਹ ਦੀ ਖੁਰਾਕ ਬਣਾਉ ਨਾ ਕਿ ਅੱਖਾਂ ਦੀ! ਮੈਨੂੰ ਜਾਪਿਆ ਕਿ 'ਕੁਝ ਸਿਆਣਿਆਂ' ਨੇ ਜਗਜੀਤ ਸਿੰਘ ਦੀ 'ਨੇਕ ਸਲਾਹ' ਦਾ ਨੋਟਿਸ ਲੈਂਦਿਆਂ ਹੋਇਆ 'ਕੁਝ ਵੱਖਰਾ' ਕਰਨ ਦਾ ਪ੍ਰੋਗਰਾਮ ਉਲੀਕਿਆ ਹੈ।

ਵਾਤਾਵਰਣ ਵਿਚ ਫੈਲੀਆਂ ਗੰਧਲੀਆਂ ਤੇ ਧੁਆਂਖੀਆਂ ਗੈਸਾਂ ਸਦਕਾ ਕਾਲੇ-ਪੀਲੇ ਕੱਪੜਿਆਂ ਵਾਲੇ ਲੋਕਾਂ ਦੀ ਭੀੜ ਵਿਚ ਜੇ ਕੋਈ ਇਕ ਦੋ ਸੱਜਣ ਦੁੱਧ ਚਿੱਟੇ ਵਸਤਰਾਂ ਵਾਲੇ ਦਿਖਾਈ ਦੇਵਣ ਤਾਂ ਦਿਲ ਵਿਚ ਉਤਸੁਕਤਾ ਪੈਦਾ ਹੋਣੀ ਸੁਭਾਵਿਕ ਹੀ ਹੈ। ਉਨ੍ਹਾਂ ਨੇ ਕਿਵੇਂ ਆਪਣੇ ਆਪ ਨੂੰ ਆਲੂਦਗੀ ਤੋਂ ਬਚਾਇਆ ਹੋਵੇਗਾ? ਇਸੇ ਤਰ੍ਹਾਂ ਜਦੋਂ ਅਸੀਂ ਦੇਖਦੇ ਹਾਂ ਕਿ ਅਖਬਾਰਾਂ ਦੇ ਸਫਿਆਂ ਦੇ ਸਫੇ ਅਜਿਹੇ ਰੰਗੀਨ ਇਸ਼ਤਿਹਾਰਾਂ ਨਾਲ ਭਰੇ ਹੁੰਦੇ ਹਨ - 'ਧਮਾਲਾਂ ਪੈਣਗੀਆਂ' - 'ਗਿੱਧਿਆਂ ਦੀ ਰਾਣੀ ਦਾ ਕਮਾਲ' - ' ਦੋ ਗਾਣਿਆਂ ਦੀ ਹਿੱਟ ਜੋੜੀ ਵਲੋਂ ਭਰਪੂਰ ਮਨੋਰੰਜਨ' ਅਤੇ 'ਰੰਗਲੇ ਪੰਜਾਬ ਦੀਆਂ ਰੰਗੀਨੀਆਂ' ਆਦਿ। ਤਾਂ ਅਜਿਹੇ ਢੋਲ-ਢਮੱਕੇ ਦੀ ਘਨਘੋਰ ਵਿਚ ਸੰਜੀਦਾ ਮਾਹੌਲ ਵਾਲੇ ਪ੍ਰੋਗਰਾਮ ਸਿਰਜਣ ਵਾਲਿਆਂ ਪ੍ਰਤੀ ਖਿੱਚ ਪੈਦਾ ਹੋਣੀ ਮੁਮਕਿਨ ਹੀ ਹੈ। ਬੜੀ ਸ਼ਿੱਦਤ ਨਾਲ 'ਨਾਟਕ-ਮੇਲੇ' ਵਾਲੇ ਸਮਾਗਮ ਨੂੰ ਉਡੀਕਦਿਆਂ ਆਪਣੇ ਮਿੱਤਰਾਂ ਦੋਸਤਾਂ ਨੂੰ ਫੋਨ ਕਰਕੇ, ਇਹ ਅਨੋਖਾ ਮੇਲਾ ਦੇਖਣ ਲਈ ਬੇਨਤੀਆਂ ਕੀਤੀਆਂ। ਇਸ ਸਮਾਗਮ ਦੇ ਪ੍ਰਬੰਧਕਾਂ ਨੂੰ ਵੀ ਹੱਲਾ-ਸ਼ੇਰੀ ਦਿੱਤੀ।

ਪੰਜਾਬ ਆਰਟਸ ਐਂਡ ਕਲਚਰ ਪ੍ਰਮੋਸ਼ਨਜ਼ (ਸਟਾਕਟਨ) ਨਾਂ ਵਾਲੀ ਜਥੇਬੰਦੀ ਵਲੋਂ ਉਲੀਕਿਆ ਗਿਆ ਇਹ ਨਾਟਕ-ਮੇਲਾ, ਪੰਜਾਬੀਆਂ ਦੇ ਹਰੇਕ ਪ੍ਰੋਗਰਾਮ ਵਾਂਗ ਮਿੱਥੇ ਹੋਏ ਸਮੇਂ ਤੋਂ ਲੇਟ ਹੀ ਸ਼ੁਰੂ ਹੋਇਆ। ਪਰ ਅਰੰਭ ਵਿਚ ਹੀ ਇਕ ਲੈਅ-ਬੱਧ ਕਵਿਤਾ ਅਤੇ ਢੂੰਘੀ-ਢੋਲਕੀ ਨਾਲ ਗਾਏ ਇਕ ਅਰਥ ਭਰਪੂਰ ਗੀਤ ਨੇ ਦਰਸ਼ਕਾਂ ਦੀ ਇਕਾਗਰਤਾ ਨੂੰ ਸਟੇਜ ਨਾਲ ਇਕਸੁਰ ਕਰ ਲਿਆ। ਹਲਕੇ ਫੁਲਕੇ ਹਾਸ-ਵਿਅੰਗ ਵਾਲੀ ਦਿਖਾਈ ਗਈ ਇਕ ਸਕਿੱਟ 'ਜੱਜ ਪਟਿਆਲੇ ਦਾ' ਇੰਜ ਲੱਗੀ ਜਿਵੇਂ ਪਿੰਡਾਂ ਥਾਵਾਂ ਵਿਚ ਡਰਾਮੇ ਕਰਨ ਵਾਲੇ ਸ਼ੁਰੂ ਵਿਚ, ਦਰਸ਼ਕਾਂ ਦੀ ਮਾਨਸਿਕ ਤਿਆਰੀ ਵਜੋਂ, ਹਾਰਮੋਨੀਅਮ ਅਤੇ ਤਬਲੇ ਦੀ ਜੁਗਲਬੰਦੀ ਨਾਲ, ਬੀਨ ਦੀਆਂ ਤਰਜਾਂ ਵਜਾਉਂਦੇ ਹੁੰਦੇ ਹਨ। ਇਸ ਤੋਂ ਮਗਰੋਂ ਸਾਹਿਤਕ ਤੇ ਸਮਾਜਿਕ ਪਿੜ ਵਿਚ ਉੱਘਾ ਯੋਗਦਾਨ ਪਾਉਣ ਵਾਲੀਆਂ ਕੁਝ ਨਾਮਵਰ ਸ਼ਖਸੀਅਤਾਂ ਨੂੰ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤੇ ਜਾਣ ਬਾਅਦ ਪ੍ਰੋਡਿਊਸ ਕੀਤੇ ਗਏ ਮਸ਼ਹੂਰ ਨਾਟਕ 'ਮਿੱਟੀ ਰੁਦਨ ਕਰੇ' ਦੀ ਪੇਸ਼ਕਾਰੀ ਕੀਤੀ ਗਈ।

ਅਜੋਕੇ ਪੰਜਾਬ ਦੀ ਤ੍ਰਾਸਦੀ ਦਾ ਹੂ-ਬ-ਹੂ ਚਿੱਤਰਣ ਕਰਦਾ ਇਹ ਨਾਟਕ, ਦਿਲ ਵਿਚ ਇਸ ਗੱਲੋਂ ਰੋਹ ਪ੍ਰਚੰਡ ਕਰਦਾ ਹੈ ਕਿ ਕੌੜੀ ਸਚਾਈ ਵਲੋਂ ਮੂੰਹ ਫੇਰ ਕੇ ਸਾਡੇ ਕੁਝ ਕਲਾਕਾਰ ਅਤੇ ਪੰਜਾਬੀ ਵੇਸ਼-ਭੂਸ਼ਾ ਤੋਂ ਕੋਹਾਂ ਦੂਰ 'ਕਲਾਕਾਰਨੀਆਂ' ਕਿਹੜੇ ਰੰਗਲੇ ਪੰਜਾਬ ਦੀਆਂ ਸਿਫਤਾਂ ਦੇ ਪੜੁੱਲ ਬੰਨ੍ਹੀ ਜਾ ਰਹੇ ਹਨ? ਇਹ ਲੋਕ ਵੀ ਉਨ੍ਹਾਂ ਸਿਆਸੀ ਆਗੂਆਂ ਤੋਂ ਘੱਟ ਕਸੂਰਵਾਰ ਨਹੀਂ, ਜਿਹੜੇ ਆਪਣੀਆਂ ਗੱਦੀਆਂ ਦੀ ਸਲਾਮਤੀ ਲਈ ਪੰਜਾਬੀਆਂ ਨੂੰ ਮਾਰੂ ਨਸ਼ਿਆਂ ਦੇ ਭੰਡਾਰ ਵਰਤਾਉਂਦੇ ਹਨ। ਸਿਆਸਤਦਾਨ ਤਾਂ ਪੰਜਾਬੀ ਲੋਕਾਂ ਨੂੰ ਭੇਡਾਂ ਵਾਂਗ ਧੌਣਾਂ ਸੁੱਟ ਕੇ ਤੁਰਨ ਦੀ ਆਦਤ ਪਾ ਰਹੇ ਹਨ ਅਤੇ ਇਹ ਗੀਤ-ਗਵੱਈਏ ਇਸ਼ਕ-ਮੁਸ਼ਕ ਦੇ ਸੁਰੇ-ਬੇਸੁਰੇ ਗੀਤ ਗਾ ਗਾ ਕੇ, ਪੰਜਾਬੀਅਤ ਦੇ ਅਣਖੀਲੇ ਅਤੇ ਸਦਾਚਾਰਕ ਖਾਸੇ ਨੂੰ ਨੇਸਤੋ-ਨਾਬੂਦ ਕਰਨ ਤੇ ਤੁਲੇ ਹੋਏ ਹਨ। ਕਰਜ਼ਿਆਂ ਦੇ ਡੰਭੇ ਹੋਏ, ਨਸ਼ਿਆਂ ਦੀ ਦਲ ਦਲ 'ਚ ਖੁੱਭੇ ਪਏ, ਖੁਦਕਸ਼ੀਆਂ ਰਾਹੀਂ ਆਤਮਘਾਤ ਕਰਦੇ ਤੇ ਸਮਾਜਿਕ ਨਿਘਾਰਾਂ ਦੇ ਔਝੜੇ ਰਾਹ ਪਏ ਪੰਜਾਬ ਨੂੰ 'ਨੱਚਦਾ ਪੰਜਾਬ' 'ਟੱਪਦਾ-ਪੰਜਾਬ' 'ਰੰਗਲਾ-ਪੰਜਾਬ' ਕਹੀ ਜਾਣਾ ਤਾਂ ਇੰਜ ਹੈ ਜਿਵੇਂ 'ਰੋਮ' ਸੜ ਰਿਹਾ ਹੋਵੇ ਤੇ ਸਾਡੇ ਕਲਾਕਾਰ ਨੀਰੋ ਵਾਂਗ ਬੰਸਰੀ ਵਜਾਈ ਜਾਣ!

**ਲੰਬੇ ਲੜ ਵਾਲੀਆਂ ਠੁੱਕ ਦਾਰ ਪੱਗਾਂ ਉੱਪਰ ਅਣਖ ਦੇ ਪ੍ਰਤੀਕ ਤੁਰਲੇ, ਲੰਬੇ ਕੁੜਤੇ-ਚਾਦਰੇ, ਇਸਤਰੀ ਪਾਤਰਾਂ ਦੇ ਸਿਰ ਤੋਂ ਪੈਰਾਂ ਤੀਕ ਤਨ ਕਜਣ ਵਾਲੇ ਲਿਬਾਸ ਅਤੇ ਮੰਚਿਤ ਕੀਤਾ ਗਿਆ ਪੇਂਡੂ ਮਾਹੌਲ ਦੇਖ ਕੇ ਇੰਜ ਪ੍ਰਤੀਤ ਹੁੰਦਾ ਸੀ ਕਿ ਅਸੀਂ ਨਾਟਕ ਨਹੀਂ, ਸਗੋਂ ਪੰਜਾਬ ਦੇ ਕਿਸੇ ਪਿੰਡ ਵਿਚ ਪਹੁੰਚ ਗਏ ਹੋਈਏ। ਨਾਟਕ ਦਾ ਪ੍ਰੋਡਿਊਸਰ ਤੇ ਡਾਇਰੈਕਟਰ ਛੇ -ਸੱਤ ਫੁੱਟ ਲੰਬਾ ਸੁਰਿੰਦਰ ਧਨੋਆ, ਜਦ ਚਾਚੇ ਬਿੱਕਰ ਸਿੰਘ ਦੇ ਰੂਪ 'ਚ ਸਟੇਜ 'ਤੇ ਆ ਕੇ ਮੁੱਛ ਨੂੰ ਮਰੋੜਾ ਦੇ ਕੇ, ਸ਼ਰੀਕ ਦੇ ਪੁੱਤ 'ਬਾਰੂ' ਵਲ ਤਿਰਛੀਆਂ ਨਜ਼ਰਾਂ ਨਾਲ ਦੇਖਦਾ, ਤਾਂ ਉਹ ਪਲ ਨਾਟਕ ਨਾ ਰਹਿ ਕੇ, ਯਥਾਰਥ ਹੋ ਨਿੱਬੜਦੇ।**

'ਮਿੱਟੀ ਰੁਦਨ ਕਰੇ' ਨਾਟਕ ਜਿੱਥੇ ਪੰਜਾਬ ਦੀ ਦਰਦਨਾਕ ਦਸ਼ਾ ਦਰਸਾਉਂਦਿਆਂ, ਦਰਸ਼ਕਾਂ ਦੀ ਅੰਤਰ-ਆਤਮਾ ਨੂੰ ਝੰਜੋੜ ਰਿਹਾ ਸੀ, ਉੱਥੇ 'ਬੀਤਿਆ ਹੋਇਆ ਕੱਲ੍ਹ' ਬਣਦੀਆਂ ਜਾ ਰਹੀਆਂ ਰੀਤਾਂ ਰਸਮਾਂ ਅਤੇ ਵਿਰਾਸਤੀ ਕਦਰਾਂ ਕੀਮਤਾਂ ਦੇ ਅਮੀਰ ਗੁਣਾਂ ਨੂੰ ਸਾਖਸ਼ਾਤ ਰੂਪਮਾਨ ਕਰ ਰਿਹਾ ਸੀ।

ਲੰਬੇ ਲੜ ਵਾਲੀਆਂ ਠੁੱਕਦਾਰ ਪੱਗਾਂ ਉੱਪਰ ਅਣਖ ਦੇ ਪ੍ਰਤੀਕ ਤੁਰਲੇ, ਲੰਬੇ ਕੁੜਤੇ-ਚਾਦਰੇ, ਇਸਤਰੀ ਪਾਤਰਾਂ ਦੇ ਸਿਰ ਤੋਂ ਪੈਰਾਂ ਤੀਕ ਤਨ ਕਜਣ ਵਾਲੇ ਲਿਬਾਸ ਅਤੇ ਮੰਚਿਤ ਕੀਤਾ ਗਿਆ ਪੇਂਡੂ ਮਾਹੌਲ ਦੇਖ ਕੇ ਇੰਜ ਪ੍ਰਤੀਤ ਹੁੰਦਾ ਸੀ ਕਿ ਅਸੀਂ ਨਾਟਕ ਨਹੀਂ, ਸਗੋਂ ਪੰਜਾਬ ਦੇ ਕਿਸੇ ਪਿੰਡ ਵਿਚ ਪਹੁੰਚ ਗਏ ਹੋਈਏ। ਨਾਟਕ ਦਾ ਪ੍ਰੋਡਿਊਸਰ ਤੇ ਡਾਇਰੈਕਟਰ ਛੇ -ਸੱਤ ਫੁੱਟ ਲੰਬਾ ਸੁਰਿੰਦਰ ਧਨੋਆ, ਜਦ ਚਾਚੇ ਬਿੱਕਰ ਸਿੰਘ ਦੇ ਰੂਪ 'ਚ ਸਟੇਜ 'ਤੇ ਆ ਕੇ ਮੁੱਛ ਨੂੰ ਮਰੋੜਾ ਦੇ ਕੇ, ਸ਼ਰੀਕ ਦੇ ਪੁੱਤ 'ਬਾਰੂ' ਵਲ ਤਿਰਛੀਆਂ ਨਜ਼ਰਾਂ ਨਾਲ ਦੇਖਦਾ, ਤਾਂ ਉਹ ਪਲ ਨਾਟਕ ਨਾ ਰਹਿ ਕੇ, ਯਥਾਰਥ ਹੋ ਨਿੱਬੜਦੇ। ਨਾਟਕ ਦੇ ਹਰੇਕ ਪਾਤਰ ਨੇ ਭਾਵੇਂ ਆਪਣੀ ਅਭਿਨੈ ਕਲਾ ਦਾ ਸਿੱਕਾ ਮਨਵਾਇਆ, ਪਰ ਬਾਰੂ ਦੀ ਮਾਂ ਦਾ ਰੋਲ ਕਰ ਰਹੀ ਬੀਬੀ ਨੇ ਕਈ ਵਾਰ ਅੱਖਾਂ ਛਲਕਣ ਲਾਈਆਂ! ਉਸ ਬੀਬੀ ਨੇ, ਮਾਂ ਦੀ ਮਮਤਾ ਦੇ ਖੁੱਲ੍ਹੇ ਅਤੇ ਸੂਖਮ ਭਾਵ-ਅਰਥਾਂ ਨੂੰ ਬਾਖੂਬੀ ਦਰਸਾਇਆ! ਵਿਆਹ ਵਿਚ ਲਾਗਣ 'ਰੋਡੋ' ਨੇ ਵੀ ਕਮਾਲ ਦੀ ਐਕਟਿੰਗ ਕੀਤੀ। ਇਸੇ ਤਰ੍ਹਾਂ ਬਾਰੂ ਦੀ ਸੁਹਿਰਨ ਵਹੁਟੀ ਬਣੀ ਇਸ਼ਮੀਤ ਨਰੂਲਾ ਸੱਚ-ਮੁੱਚ ਪਾਣੀ ਨੂੰ 'ਪਾਨੀ' ਹੀ ਕਹਿ ਰਹੀ ਸੀ।

ਟੀ. ਵੀ. ਸੀਰੀਅਲਾਂ ਵਿਚ ਦਿਖਾਏ ਜਾਂਦੇ ਬੈਡ-ਰੂਮਾਂ ਦੇ ਬੇ-ਹਿਯਾਈ ਵਾਲੇ ਅਸ਼ਲੀਲ ਦ੍ਰਿਸ਼ਾਂ ਦੇ ਉਲਟ, ਇਸ ਨਾਟਕ ਵਿਚ ਜਦੋਂ ਬਾਰੂ ਦੀ ਵਹੁਟੀ ਨਲਕੇ ਤੋਂ ਪਾਣੀ ਦੀ ਬਾਲਟੀ ਚੁੱਕਣ ਲੱਗਿਆਂ ਆਪਣੀ ਸੱਸ ਨੂੰ ਜਣੇਪਾ-ਪੀੜਾਂ ਬਾਰੇ 'ਬੀਬੀ, ਮੇਰੀ ਸਿਹਤ ਖਰਾਬ ਹੋ ਰਹੀ ਹੈ' ਕਹਿੰਦੀ ਹੈ, ਤਾਂ ਪੰਜਾਬ ਦੇ ਸਾਊ ਤੇ ਸੰਗਾਊ ਸੱਭਿਆਚਾਰ ਦਾ ਬੇਹਤਰੀਨ ਨਮੂਨਾ ਦੇਖਣ ਨੂੰ ਮਿਲਦਾ ਹੈ। ਔਡੀਐਂਸ ਵਿਚ ਪਸਰੀ ਹੋਈ 'ਪਿਨ ਡਰੌਪ ਸਾਈਲੈਂਸ' ਇਸ ਗੱਲ ਦਾ ਪ੍ਰਮਾਣ ਸੀ ਕਿ ਦਰਸ਼ਕ ਕਿਵੇਂ ਸਾਹ ਰੋਕ ਕੇ ਨਾਟਕ ਵਿਚ ਖੁੱਭੇ ਹੋਏ ਸਨ।

ਮੇਰੇ ਖੱਬੇ ਪਾਸੇ ਬੈਠੇ, ਸਿੱਖ ਇਤਿਹਾਸ ਦੇ ਗੰਭੀਰ ਪਾਠਕ ਅਤੇ ਸਾਹਿਤ ਰਸੀਏ ਵੀਰ ਰਜਿੰਦਰ ਸਿੰਘ ਟਾਂਡਾ, ਸਿਰਫ ਵੀਹ ਕੁ ਮਿੰਟਾਂ ਦੀ ਹਾਜ਼ਰੀ ਭਰਨ ਲਈ ਹੀ ਹਾਲ ਵਿਚ ਆਏ ਸਨ, ਪਰ ਨਾਟਕ ਦੀ ਪੇਸ਼ਕਾਰੀ ਨੇ ਉਨ੍ਹਾਂ ਨੂੰ ਐਸਾ ਕੀਲਿਆ ਕਿ ਸਮਾਪਤੀ ਤੱਕ ਉਹ ਉੱਠ ਨਾ ਸਕੇ। ਆਪਣੇ ਕਾਲਜ ਦੇ ਦਿਨਾਂ ਵਿਚ ਕਵਿਤਾ, ਕਹਾਣੀ ਅਤੇ ਨਾਟਕਾਂ ਨਾਲ ਡੂੰਘੀ ਤਰਾਂ ਜੁੜੇ ਰਹੇ ਸਰਦਾਰ ਟਾਂਡਾ, ਸਟੇਜ 'ਤੇ ਖੇਡੇ ਜਾ ਰਹੇ ਨਾਟਕ ਦੇ ਕਈ ਸੂਖਮ ਤਕਨੀਕੀ ਪੱਖਾਂ 'ਤੇ ਅਸ਼ ਅਸ਼ ਕਰ ਉੱਠੇ। ਇਸ ਮੌਕੇ ਉਨ੍ਹਾਂ ਕਿਹਾ ਕਿ "ਭਾਈ ਸਾਹਿਬ, ਇਹ ਪੰਜਾਬੀਆਂ ਦਾ ਪਹਿਲਾ ਫੰਕਸ਼ਨ ਹੈ, ਜੋ ਢੋਲ ਅਤੇ ਇਸ਼ਕ ਮੁਸ਼ਕ ਦੇ ਗੀਤਾਂ ਤੋਂ ਬਗੈਰ ਕਾਮਯਾਬ ਹੋਇਆ ਹੈ।" ਇਸੇ ਤਰ੍ਹਾਂ ਪ੍ਰਸਿੱਧ ਪੱਤਰਕਾਰ ਸ. ਸਰਬਜੋਤ ਸਿੰਘ ਸਵੱਦੀ, ਇਹ ਨਾਟਕ ਕਈ ਵਾਰ ਦੇਖਣ ਦੇ ਬਾਵਜੂਦ ਸਟੇਜ ਵਲ ਨਜ਼ਰਾਂ ਗੱਡੀ ਬੈਠੇ ਰਹੇ।

ਨਾਟਕ ਸਮਾਪਤੀ ਉਪਰੰਤ ਜਦ ਕਲਾਕਾਰਾਂ ਦਾ ਤੁਆਰਫ ਕਰਾਉਂਦਿਆਂ, ਸਰਦਾਰ ਧਨੋਆ ਨੇ ਪੰਜਾਬ ਦੀ ਮਿੱਟੀ ਦੇ ਰੁਦਨ, ਕਰੁਣਾਮਈ ਅਵਾਜ਼ ਵਿਚ ਕਥਨ ਕੀਤੇ, ਤਾਂ ਉਨ੍ਹਾਂ ਦਾ ਵੀ ਗੱਚ ਭਰ ਆਇਆ। ਜਦ ਉਨ੍ਹਾਂ ਲੰਬੀ ਬਾਂਹ ਉਤਾਂਹ ਚੁੱਕ ਕੇ ਪੰਜਾਬੀਆਂ ਨੂੰ ਵੰਗਾਰਦਿਆਂ ਆਖਿਆ - "ਓ ਮੇਰੇ ਭਰਾਵੋ, ਅੱਜ ਗੁਰੂ ਗੋਬਿੰਦ ਸਿੰਘ ਦਾ ਪੰਜਾਬ ਉੱਜੜ ਚੱਲਿਆ ਹੈ।" ਤਾਂ ਹਾਲ ਵਿਚ ਸੰਨਾਟਾ ਛਾ ਗਿਆ। ਮੈਨੂੰ ਨਾਟਕ ਦਾ ਵਿਸ਼ਾ-ਵਸਤੂ ਅਤੇ ਸ. ਧਨੋਏ ਦੇ ਵਿਚਾਰ ਸੁਣ ਕੇ, ਨਾਵਲਕਾਰ ਜਸਵੰਤ ਸਿੰਘ 'ਕੰਵਲ' ਦੀਆਂ ਉਹ ਸਤਰਾਂ ਯਾਦ ਆ ਗਈਆਂ, ਜੋ 'ਮਿੱਟੀ ਰੁਦਨ ਕਰੇ' ਦੀ ਹੀ ਦਰਦ ਭਰੀ ਗਾਥਾ ਬਿਆਨਦੀਆਂ ਹਨ :

"ਪੰਜਾਬ ਦੀ ਜਿੰਦ ਜਾਨ, ਇਸ ਦਾ ਚਾਂਦੀ ਰੰਗਾ ਪਾਣੀ, ਗੱਦੀਆਂ ਦਾ ਲਾਲਚ ਦੇ ਕੇ ਲੁੱਟ ਲਿਆ। ਕੈਂਸਰ ਮਾਰਿਆ ਲਹੂ ਕਿਸੇ ਕੰਮ ਦਾ ਨਹੀਂ ਰਿਹਾ। ਸੱਚ ਦੀ ਦੁਹਾਈ ਐ! ਡਾਲਰਾਂ ਪੌਂਡਾਂ ਵਾਲਿਓ ਤੁਸੀਂ ਪੰਜਾਬ ਦੀਆਂ ਗਲੀਆਂ ਵਿਚ ਧਾਹਾਂ ਮਾਰਦੇ, ਕਮਲੇ ਹੋਏ ਮਾਂ ਭਾਲਦੇ ਫਿਰੋਗੇ! ਪਰ ਗਵਾਚੀ ਮਾਂ ਤੁਹਾਨੂੰ ਨਹੀਂ ਮਿਲੇਗੀ। ਭਾਵੇਂ ਸਾਰਾ ਸੋਨਾ ਚਾਂਦੀ ਪੰਜਾਬ ਦੀਆਂ ਗਲੀਆਂ ਵਿਚ ਖਿਲਾਰ ਦੇਣਾ, ਗਵਾਚੀ ਮਾਂ ਦੀ ਮਿਟੀ ਹੋਈ ਪੈੜ ਵੀ ਨਹੀਂ ਦਿਸੇਗੀ। ਮਾਂ ਵੇਚ ਦੇਣ ਵਾਲੇ ਮੂੰਹ-ਕਾਲਖੀ ਕਾਂਗਰਸੀ ਤੇ ਅਕਾਲੀ, ਤੁਹਾਡੇ ਰੁਲੇ ਹੋਏ ਨੋਟ, ਗਲੀਆਂ ਵਿਚੋਂ ਹੂੰਝਦੇ ਫਿਰਨਗੇ! ਓਏ ਸੁੱਤਿਓ ਗਾਫਲੋ! ਹਾਲੇ ਮਾਂ ਜਿਊਂਦੀ ਐ, ਸਿਸਕੀਆਂ ਭਰ ਰਹੀ ਐ। ਤੁਹਾਡੀਆਂ ਦੋ ਬੂੰਦਾਂ ਦਾਰੂ ਨਾਲ, ਨੌਂ ਬਰ ਨੌਂ ਹੋ ਸਕਦੀ ਐ। ਗਦਾਰਾਂ ਦੀਆਂ ਗੱਲਾਂ ਨੂੰ ਮਾਰੋ ਗੋਲੀ, ਜੇ ਮਾਂ ਦੇ ਪੁੱਤ ਹੋ ਤਾਂ ਇਸ ਨੂੰ ਸੰਭਾਲੋ ਆ ਕੇ। ਵਰਨਾ ਕਾਂਗਰਸੀਆਂ ਅਤੇ ਅਕਾਲੀਆਂ ਨੇ ਤਾਂ ਇਸ ਲਈ ਸਿਤੀ ਤਿਆਰ ਕਰ ਰੱਖੀ ਐ। ਸਾਰੀਆਂ ਆਸਾਂ ਖੂਹ ਵਿਚ ਪਾ ਕੇ, ਤੁਹਾਨੂੰ ਮੈਂ ਇਸ ਲਈ 'ਵਾਜ਼ ਮਾਰੀ ਐ ਕਿਉਂਕਿ ਤੁਹਾਡੇ ਦਰਦਮੰਦ ਦਿਲ ਦੇ ਖੂੰਜੇ ਖਰਲੇ ਧੜਕਣ ਹੁੰਗਾਰ ਰਹੀ ਐ......!"

ਸਾਨੂੰ ਪ੍ਰਵਾਸੀ ਪੰਜਾਬੀਆਂ ਨੂੰ, ਬਾਈ ਕੰਵਲ ਵਾਲਾ ਉਪਰੋਕਤ ਸੁਨੇਹਾ ਕਵੀਆਂ, ਲਿਖਾਰੀਆਂ ਅਤੇ ਫਿਲਮਾਂ ਬਣਾਉਣ ਵਾਲਿਆਂ ਨੇ ਕਈ ਵਾਰੀ ਦਿੱਤਾ ਹੈ। 'ਅਸਾਂ ਨੂੰ ਮਾਣ ਵਤਨਾਂ ਦਾ', 'ਮਿੱਟੀ ਵਾਜਾਂ ਮਾਰਦੀ' ਅਤੇ 'ਦੇਸ ਹੋਇਆ ਪ੍ਰਦੇਸ' ਵਰਗੀਆਂ ਫਿਲਮਾਂ ਤੋਂ ਅਸੀਂ ਕੋਈ 'ਮੈਸਿਜ' ਲੈਣ ਦੀ ਬਜਾਏ ਏਹੀ ਗੱਲਾਂ ਕਰਨ ਲੱਗ ਪੈਂਦੇ ਹਾਂ - 'ਫਲਾਣੀ ਫਿਲਮ ਦਾ ਔਹ ਗੀਤ ਕਿਆ ਕਮਾਲ ਦਾ ਐ', 'ਫਲਾਣੇ ਐਕਟਰ ਨੇ ਬਹਿਜਾ ਬਹਿਜਾ ਕਰਵਾ ਦਿੱਤੀ' ਜਾਂ 'ਫਲਾਣੀ ਫਿਲਮ ਬਹੁਤ ਵਧੀਆ ਬਣੀ!' ਏਹੀ ਹਾਲ ਹੁਣ 'ਮਿੱਟੀ ਰੁਦਨ ਕਰੇ' ਦਾ ਹੋ ਜਾਣਾ ਹੈ।

ਜਾਣੀ 'ਪੈਂਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉੱਥੇ ਦਾ ਉੱਥੇ! ਇਹ ਕੈਸਾ ਇਤਫਾਕੀਆ ਮੌਕਾ ਮੇਲ ਹੈ ਕਿ ਜਿਸ ਸਟਾਕਟਨ ਦੀ ਧਰਤੀ 'ਤੇ ਵਸਦਿਆਂ ਸਾਡੇ ਗਦਰੀ ਬਾਬਿਆਂ ਨੇ, ਦੇਸ਼ ਦੀ ਮਿੱਟੀ ਦੇ ਰੁਦਨ ਸੁਣਕੇ, ਵਹੀਰਾਂ ਘੱਤ ਦਿੱਤੀਆਂ ਸਨ, ਅੱਜ ਉਸ ਸਟਾਕਟਨ ਵਿਚ, ਪੰਜਾਬੀ ਕਲਚਰ ਨੂੰ ਮਹਿਜ ਢੋਲ ਢਮੱਕਿਆਂ ਅਤੇ ਫੂਹੜ ਕਿਸਮ ਦੇ ਲੱਚਰ ਗੀਤਾਂ ਨਾਲ ਜੋੜਨ ਵਾਲੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਕੁਝ ਗੰਭੀਰ ਸੋਚਣੀ ਵਾਲੇ ਸੁਹਿਰਦ ਸੱਜਣਾਂ ਨੇ 'ਪੰਜਾਬ ਆਰਟਸ ਐਂਡ ਕਲਚਰ ਪ੍ਰਮੋਸ਼ਨਜ਼' ਨਾਂ ਦੀ ਜਥੇਬੰਦੀ ਬਣਾਈ ਹੈ। ਮੈਂ ਤਹਿ ਦਿਲੋਂ ਇਸ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ ਅਤੇ ਇਸ ਸੰਸਥਾ ਦੇ ਸਮੂਹ ਮੈਂਬਰ ਸਾਹਿਬਾਨ ਨੂੰ ਹੱਥ ਜੋੜ ਕੇ ਅਰਜੋਈ ਕਰਦਾ ਹਾਂ ਕਿ ਹੋ ਸਕਦੈ ਕਿ ਪਲੇਠੇ ਨਾਟਕ-ਮੇਲੇ ਵਿਚ ਕੁਝ ਊਣਤਾਈਆਂ ਵੀ ਰਹਿ ਗਈਆਂ ਹੋਣਗੀਆਂ। ਪਰ ਉਹ ਨਿਰਾਸ਼ ਨਾ ਹੋਣ! ਲੇਖਕ ਤੇ ਚਿੰਤਕ ਜਸਵੰਤ ਸਿੰਘ ਸ਼ਾਦ ਅਤੇ ਉਸ ਦੇ ਸਾਥੀਆਂ ਵਲੋਂ ਆਯੋਜਿਤ ਹੋਏ ਨਾਟਕ-ਮੇਲੇ ਵਿਚ 'ਮਿੱਟੀ ਦੇ ਰੁਦਨ' ਸੁਣ ਕੇ ਕੁਝ ਅਮਲੀ ਉਪਰਾਲੇ ਵੀ ਕਰੀਏ!

# ਕਾਵਿ ਮੰਚ

## ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

-ਹਰਜਿੰਦਰ ਸਿੰਘ ਸੰਧੂ

ਕਦੇ ਸਿਵਾ ਮੇਰਾ ਸ਼ਮਸ਼ਾਨ ਬਲੇ
ਕਦੇ ਰੋਹੀਏਂ ਬੀਆਬਾਨ ਬਲੇ
ਕਦੇ ਪੱਧਰੇ ਰੜੇ ਮੈਦਾਨ ਬਲੇ
ਜਦ ਤਿੜ ਤਿੜ ਮੇਰਾ ਹਾਣ ਬਲੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ।

ਇਸ ਥਾਂ ਤੇ ਡੁੱਲ੍ਹੀ ਰੱਤ ਮੇਰੀ
ਏਥੇ ਰੋਲ਼ੀ ਗਈ ਏ ਪੱਤ ਮੇਰੀ
ਏਥੇ ਲੁੱਟੀ ਗਈ ਅਸਮਤ ਮੇਰੀ
ਸੀ ਲੱਖਾਂ ਕੋਲ ਇਨਸਾਨ ਖੜ੍ਹੇ
ਸਿਰ ਉਧੋ ਦੋਸ਼ ਨਸੀਬਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

ਕੌਮ ਭੁਲੇ ਕਿੰਝ ਸ਼ਹੀਦਾਂ ਨੂੰ
ਨਾ ਜਾਲਮ ਖਾਨ ਵਜ਼ੀਦਾਂ ਨੂੰ
ਨਾ ਮਿੱਠੇ ਮੱਤ ਤਬੀਬਾਂ ਨੂੰ
ਦੋ ਕੰਧਾਂ ਵਿਚ ਨਾਦਾਨ ਖੜ੍ਹੇ
ਕੋਈ ਦੱਸਦਾ ਹਾਲ ਮੁਰੀਦਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

ਜਦ ਭਖਦੇ ਕੋਲ ਸ਼ਹੀਦਾਂ ਦੇ
ਗੁਰ ਖੜ੍ਹਦਾ ਸੰਗ ਮੁਰੀਦਾਂ ਦੇ
ਅਤੇ ਵੱਢਦਾ ਸਿਰ ਰਕੀਬਾਂ ਦੇ
ਜਦ ਹੱਥ ਤੇਰਾ ਕਿਰਪਾਨ ਫੜੇ
ਢਹਿ ਹਾਥੀ ਪੈਣ ਵਜ਼ੀਦਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

ਜੇ ਸਮਾਂ ਨਜ਼ਰ ਨੂੰ ਰਾਹ ਦਿੰਦਾ
ਮੈਂ ਸਿਰ ਤੋਂ ਕਰਜ਼ਾ ਲਾਹ ਦਿੰਦਾ
ਰਾਹ ਤੇਰੇ ਜਿਸਮ ਲੁਟਾ ਦਿੰਦਾ
ਦਰ ਤੇਰੇ ਸਿਰ ਝੁਕਾ ਦਿੰਦਾ
ਬਹਿ ਜਾਂਦਾ ਵਿਚ ਦਲ੍ਹੀਜਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

ਮੇਰਾ ਦੰਦੀਆਂ ਉੱਤੇ ਲਹੂ ਨੱਚੇ
ਮੇਰਾ ਰੰਬੀਆਂ ਉੱਤੇ ਲਹੂ ਨੱਚੇ
ਤੱਕ ਆਰੇ ਹੇਠ ਖੜੋਤੇ ਨੂੰ
ਮੇਰਾ ਦੇਖ ਨਜ਼ਾਰਾ ਲਹੂ ਨੱਚੇ
ਧੰਨ ਪਿੰਡੇ ਹੋਣ ਸਲੀਬਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

ਕੋਈ ਪੁਰੀ ਆਨੰਦਪੁਰ ਸਿਰ ਮੰਗੇ
ਚਾਰ ਪੂਰੇ ਪੰਜਾਵਾਂ ਫਿਰ ਮੰਗੇ
ਦੇਵੇ ਜ਼ਿੰਦਗੀ ਬਦਲੇ ਸਿਰ ਮੰਗੇ
ਫਿਰ ਪੰਜਾਂ ਸਾਹਵੇਂ ਝੁਕ ਆਖੇ
ਮੇਰੇ ਖੋਲ੍ਹੋ ਦਰ ਨਸੀਬਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

ਸਿਰ ਦਿੱਤੇ ਗਿਣਤੀ ਨਹੀਂ ਕੀਤੀ
ਰੱਤ ਡੋਲੀ ਮਿਣਤੀ ਨਹੀਂ ਕੀਤੀ
ਜਦ ਅਸੀਂ ਰਹਿਣ ਲਈ ਥਾਂ ਮੰਗਿਆ
ਗਏ ਕੁੰਡੇ ਟੁੱਟ ਜ਼ਰੀਬਾਂ ਦੇ
ਮੈਨੂੰ ਉੱਠਦੇ ਹੌਲ ਸ਼ਹੀਦਾਂ ਦੇ

## ਨਵਾਂ ਸਾਲ

-ਸੰਤ ਸੰਧੂ

ਲਹੂ ਜੰਡ ਕੋਲ ਡੁਲ੍ਹਾ, ਜਿਹੜਾ ਸੁੱਕ ਲੈਣ ਦੇ
ਦਾਨਾਬਾਦ ਵਿਚੋਂ ਸੋਗ, ਅਜੇ ਮੁੱਕ ਲੈਣ ਦੇ
ਨਾਲ ਖਰਲਾਂ ਸਿਆਣ ਸਾਨੂੰ ਘੜ ਲੈਣ ਦੇ
ਨਵਾਂ ਚੰਦ ਨਾ ਚੜ੍ਹਾ ਦਈਂ ਕੋਈ, ਨਵਾਂ ਸਾਲ ਚੜ੍ਹ ਲੈਣ ਦੇ

ਪੁੱਠੇ ਸਰਕਾਰ ਦੇ ਅਸੂਲ ਹੋਈ ਜਾਂਦੇ ਨੇ
ਖੁੱਲ੍ਹੇ ਹੋਏ ਬੰਦ ਵੀ ਸਕੂਲ ਹੋਈ ਜਾਂਦੇ ਨੇ
ਕੋਈ ਨੁਕਤਾ ਨਿਮਾਜ਼ ਸਾਨੂੰ ਪੜ੍ਹ ਲੈਣ ਦੇ
ਨਵਾਂ ਚੰਦ ਨਾ .........

ਵਿਗੜੇ ਨੇ ਲਾਣੇ ਜਿਹੜੇ ਮਾਰੇ ਬਦਨੀਤ ਦੇ
ਊਜ ਕਹਿੰਦੇ ਲਗਦੀ ਏ, ਸਿਰ ਤੇਰੇ ਗੀਤ ਦੇ
ਸਾਨੂੰ ਗੀਤ 'ਚ ਪ੍ਰੀਤ ਜ਼ਰਾ ਭਰ ਲੈਣ ਦੇ
ਨਵਾਂ ਚੰਦ ਨਾ .........

ਜ਼ਖ਼ਮਾਂ ਦੇ ਉੱਤੇ ਲੂਣ ਫੇਰ ਕੋਈ ਭੁੱਕੇ ਨਾ
ਚੰਦ ਜਿਹੇ ਮੁੱਖੜੇ 'ਤੇ ਫੇਰ ਕੋਈ ਥੁੱਕੇ ਨਾ
ਵਾਰ ਮਿਰਚਾਂ ਤੇ ਅੱਗ ਵਿਚ ਸੜ ਲੈਣ ਦੇ
ਨਵਾਂ ਚੰਦ ਨਾ .........

ਰੌਸ਼ਨੀ ਦੇ ਰਾਹ ਸਾਰੇ ਬੰਦ ਹੋਈ ਜਾਂਦੇ ਨੇ
ਹਨ੍ਹੇਰਿਆਂ ਦੇ ਵਿਚ ਸਾਡੇ ਚੰਦ ਖੋਈ ਜਾਂਦੇ ਨੇ
ਨਾਲ ਕਾਲਿਆਂ ਹਨ੍ਹੇਰਿਆਂ ਦੇ ਲੜ ਲੈਣ ਦੇ
ਨਵਾਂ ਚੰਦ ਨਾ......

ਕੱਚੀਆਂ ਨੇ ਉਮਰਾਂ ਤੇ ਅਲ੍ਹੜ ਵਛੇਰੇ ਨੀ
ਹਵਸ ਦੇ ਖੂਹ ਪੁੱਠੇ ਗਿੜ ਗਏ ਨੇ ਗੇੜੇ ਨੀ
ਕੋਈ ਧਰਤੀ 'ਚ ਜੜ੍ਹ ਅਜੇ ਜੜ ਲੈਣ ਦੇ
ਨਵਾਂ ਚੰਦ ਨਾ .......

ਭੰਗ ਦੇ ਨਸ਼ੇ ਦੇ ਵਿਚ ਘੁੰਮ ਜਾਂਦੇ ਤੌਰ ਨੀ
ਵੱਖੋ ਵੱਖ ਹੋ ਜਾਂਦੇ ਦਿੱਲੀ ਤੇ ਲਾਹੌਰ ਨੀ
ਕਦੀ ਦਿੱਲੀ ਨੂੰ ਲਾਹੌਰ ਕੋਲ ਖੜ੍ਹ ਲੈਣ ਦੇ
ਪਹਿਲਾਂ ਟੁੱਟਿਆਂ ਤੀਰਾਂ ਦੇ ਨਾਲ ਪੁੱਗ ਲੈਣ ਦੇ
ਨਵਾਂ ਚੰਦ ਨਾ .........

ਬੂਟੇ ਦਾਨਾਬਾਦ ਵਿਚੋਂ ਨਵੇਂ ਉੱਗ ਲੈਣ ਦੇ
ਪੈਰ ਬੱਕੀ ਦੀ ਰਕਾਬ ਵਿਚ ਅੜ ਲੈਣ ਦੇ
ਨਵਾਂ ਚੰਦ ਨਾ ਚੜ੍ਹਾ ਦਈਂ ਕੋਈ, ਨਵਾਂ ਸਾਲ ਚੜ੍ਹ ਲੈਣ ਦੇ।

ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਾਡੇ ਸਾਰੇ ਸਰਪ੍ਰਸਤਾਂ ਤੇ ਗਾਹਕਾਂ ਨੂੰ
ਨਵਾਂ ਸਾਲ 2008 ਮੁਬਾਰਕ ਅਤੇ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ
ਜਨਮ ਪੁਰਬ ਦੀ ਲੱਖ-ਲੱਖ ਵਧਾਈ

# Thandi Insurance Brokerage

LIC#OBO9151

**Truck Insurance Specilist :**

Auto liability, Physical damage, Motor Truck Cargo, General liability and Worker's Comp.

**Coverage for :**

Long and Local haul owner operators, Dump trucks, Sand/ Gravel, Seasonal vegetable, Delivery, Catering and Ice cream trucks, DUI, New/Young drivers accepted.

**Quick Filling :**

Personal Auto, Medical and Homeowners insurance.
SR22, MCP-65, BMC91-X, From-E, UIIA.

**Business Policies :**

Gas stations, Repair Shops, Mini marts, Stores, Restaurants, and Warehouses.




*For a Free Insurance Quote Please Call :*

**1-800-917-2639**

3090 Independence drive Suite # 246 Livermore CA 94551

Advertise with us
Call: 847-359-0746
www.punjabtimesusa.com

Beenu Sikand
Indiana's Experienced, Successful & Motivated Realtor
Buying or Selling, Call me today!
(317) 670-1055
BeenuSikand.Com, bsikand@yahoo.com
Residential, Commercial, Business

ਬੀਨੂੰ ਸਿਕੰਦ
MLS Century 21
ਇਹ ਜਾਨਣ ਲਈ ਮੈਨੂੰ ਫੋਨ ਕਰੋ ਕਿ ਇੰਡੀਆਨਾ ਵਿਚ ਘਰ ਜਾਂ ਬਿਜਨਸ ਲੈਣਾ ਲਾਹੇਵੰਦ ਕਿਉਂ ਹੈ ਅਤੇ ਬਹੁਤ ਸਾਰੇ ਪਰਿਵਾਰ ਇੰਡੀਆਨਾ ਵਲ ਰੁਖ ਕਿਉਂ ਕਰ ਰਹੇ ਹਨ।


PC Based DR system 8 Chanel Video
240 Frames Per Second Recording
Windows Xp
DVD/CDRW
250 GB HARD DRIVE
19" LCD Monitor
8 High Resolution Infra Red Day and Night Camera
Silver Color
Standard Professional Installation included in Northern and Central California.
For $3500 including sales Tax.
Payment option available for 12 or 24 months.
No payment till June 2008
ਜੋ ਅੜੇ ਸੋ ਝੜੇ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ
We have 10 years of experince in Camera business
Watch your business any place any time
Call Sidhu 209-495-3905 OR 800-780-0032
For Free Estimates



ਆਪਣੀਆਂ ਰੀਅਲ ਅਸਟੇਟ ਲੋੜਾਂ ਲਈ ਕਾਲ ਕਰੋ



## ਭੱਠਲ ਦਿੱਲੀ ਪਹੁੰਚੀ

ਜਲੰਧਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਲਗਾਈ ਗਈ ਤਸਵੀਰ ਦੇ ਬਾਅਦ ਪਨਪੇ ਤਣਾਅ ਤੇ ਵਿਵਾਦ ਨੂੰ ਦੇਖਦੇ ਹੋਏ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨ ਰਾਜਿੰਦਰ ਕੌਰ ਭੱਠਲ 4 ਦਸੰਬਰ ਸ਼ਾਮ ਦਿੱਲੀ ਪਹੁੰਚ ਗਈ ਹੈ ਅਤੇ ਸੰਭਵ ਹੈ ਕਿ ਕਲ ਉਹ ਕਾਂਗਰਸ ਦੇ ਸੀਨੀਅਰ ਨੇਤਾਵਾਂ ਨੂੰ ਇਸ ਸਾਰੇ ਕਾਂਡ ਬਾਰੇ ਜਾਣਕਾਰੀ ਦੇਵੇਗੀ।

ਸ਼੍ਰੀਮਤੀ ਭੱਠਲ ਦੇ ਨਜ਼ਦੀਕੀ ਸੂਤਰਾਂ ਨੇ ਦੱਸਿਆ ਕਿ ਵੈਸੇ ਤਾਂ ਉਹ ਦਿੱਲੀ ਕਾਂਗਰਸ ਦੀ ਰਾਸ਼ਟਰੀ ਜਨਰਲ ਸਕੱਤਰ ਤੇ ਪੰਜਾਬ ਦੀ ਇੰਚਾਰਜ ਮੋਹਸਿਨਾ ਕਿਦਵਈ ਦੇ ਪਿਤਾ ਦੇ ਲਗਾਏ ਜਾ ਰਹੇ ਬੁੱਤ ਨੂੰ ਲੈ ਕੇ ਆਯੋਜਿਤ ਸਮਾਰੋਹ ਵਿਚ ਹਿੱਸਾ ਲੈਣ ਆਏ ਸਨ ਪਰ ਉਹ ਕਿਦਵਈ ਨਾਲ ਭਿੰਡਰਾਂਵਾਲਾ ਕਾਂਡ ਨੂੰ ਲੈ ਕੇ ਗੱਲਬਾਤ ਜ਼ਰੂਰ ਕਰਨਗੇ।

ਸ਼੍ਰੀਮਤੀ ਭੱਠਲ ਨੇ ਇਹ ਸੰਕੇਤ ਦਿੱਤੇ ਸਨ ਕਿ ਉਹ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਜਾਣਕਾਰੀ ਦੇਣਗੇ। ਕਲ ਭਾਵੇਂ ਉਨ੍ਹਾਂ ਦਾ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦਾ ਕੋਈ ਪ੍ਰੋਗਰਾਮ ਨਹੀਂ ਹੈ ।

Punjab Times
847-359-0746
Fax: 847-705-9388
visit us
@punjabtimesusa.com

SELLING MOTELS IS OUR ONLY BUSINESS

SUPER 8, LOUISIANA

Jas Randhawa
510.406.5056
CASINO TOWN, LOUISIANA
59 Units, Built in 2000
Interior Corridor
Absentee Ownership
ROOM REVENUE- $1,200,000
Asking—Less than 4 Times
PRIDE OF OWNERSHIP

Bob Seth
408.807.9784
INDUS VALLEY INVESTMENTS

ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ।।
ਨ ਡਰੋ ਅਰਿ ਸੋ ਜਬ ਜਾਇ ਲਰੋਂ ਨਿਸ਼ਚੈ ਕਰ ਆਪਨੀ ਜੀਤ ਕਰੋਂ।।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਤੇ ਨਵੇਂ ਸਾਲ ਦੀ ਸਮੂਹ ਸਿੱਖ ਸੰਗਤ ਨੂੰ ਲੱਖ - ਲੱਖ ਵਧਾਈ।



ਅਮਰੀਕਾ ਵਿਚ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ
ਅਮਨਜੋਤ ਸਿੰਘ ਹੁੰਦਲ
ਫੋਨ:(ਮਿਸ਼ੀਗਨ) 586-604-8653
ਕੈਲੇਫੋਰਨੀਆ 209-541-1983



## ਗਾਹਕਾਂ ਅਤੇ ਸਰਪ੍ਰਸਤਾਂ ਨੂੰ ਸਾਲ 2008 ਮੁਬਾਰਕ

**Celebrating 23 Years of Excellance in Business**

# KASH FABRICS

## Bridal Boutique

One Stop Shopping Center

*29576, Mission Blvd.*
*Hayward, CA-94544,*
***Ph:510-538-1138***

# Year End Blow-Out Sale

ਪੂਰੀ ਕਢਾਈ ਵਾਲੇ ਚੋਣਵੇਂ ਡਿਜ਼ਾਈਨਾਂ ਦੇ ਸੂਟ (ਸਲਵਾਰ-ਕਮੀਜ਼)
Readymade Fully Embroidered Selected Design Salwar Kameez
500 Pieces to choose from

Reg. $340
Reg. $289
Reg. $249
Reg. $199

*Now Only*
**$145**

Reg. $329
Reg. $299
Reg. $349
Reg. $179

ਪ੍ਰੀਤਮ ਸਿੰਘ ਗਰੇਵਾਲ ਅਤੇ ਪਰਿਵਾਰ
ਵਲੋਂ ਦੁਨੀਆਂ ਭਰ ਵਿਚ ਵਸਦੇ ਸਭ ਪੰਜਾਬੀਆਂ ਨੂੰ

# ਸਾਲ 2008 ਮੁਬਾਰਕ

ਸਰਬੰਸਦਾਨੀ ਕਲਗੀਧਰ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

## ਲਖ ਲਖ ਵਧਾਈ ਹੋਵੇ



*ਪ੍ਰੀਤਮ ਸਿੰਘ ਗਰੇਵਾਲ ਅਤੇ ਦੇਵ ਸਿੰਘ ਗਰੇਵਾਲ*

## Grewal Enterprises

San Jose, CA
Ph: 408-406-0703

# ਸਮਝੌਤਾ ਐਕਸਪ੍ਰੈਸ ਦੋ ਦਿਨ ਬੰਦ ਰਹਿਣ ਪਿੱਛੋਂ ਬਹਾਲ

## ਭਾਰਤੀ ਕਸਟਮ ਵਿਭਾਗ ਵਲੋਂ ਸੂਰਜ ਛਿਪਣ ਬਾਅਦ ਆਉਣ ਵਾਲੀਆਂ ਰੇਲਾਂ ਸਵੀਕਾਰ ਕਰਨੋਂ ਇਨਕਾਰ

**ਨਵੀਂ ਦਿੱਲੀ :** ਹਫਤੇ 'ਚ ਦੋ ਦਿਨ ਚੱਲਣ ਵਾਲੀ ਸਮਝੌਤਾ ਐਕਸਪ੍ਰੈਸ ਜਿਹੜੀ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਪਿੱਛੋਂ ਸੁਰੱਖਿਆ ਕਾਰਨਾਂ ਕਰਕੇ ਬੰਦ ਕਰ ਦਿੱਤੀ ਗਈ ਸੀ ਦੋ ਦਿਨ ਬਾਅਦ 30 ਦਸੰਬਰ ਦੀ ਰਾਤ ਫਿਰ ਬਹਾਲ ਕਰ ਦਿੱਤੀ ਗਈ। ਰੇਲਵੇ ਮੰਤਰਾਲਾ ਨੇ ਪਾਕਿਸਤਾਨ ਵਿਚ ਸੁਰੱਖਿਆ ਸਥਿਤੀ ਸੁਧਰਨ ਨੂੰ ਦੇਖਦੇ ਹੋਏ ਸਮਝੌਤਾ ਐਕਸਪ੍ਰੈਸ ਦੀ ਸੇਵਾ ਮੁੜ ਬਹਾਲ ਕਰਨ ਦਾ ਫ਼ੈਸਲਾ ਕੀਤਾ। 27 ਦਸੰਬਰ ਨੂੰ ਰਾਵਲਪਿੰਡੀ ਵਿਚ ਬੇਨਜ਼ੀਰ ਭੁੱਟੋ ਦੀ ਹੱਤਿਆ ਪਿੱਛੋਂ ਸੁਰੱਖਿਆ ਕਾਰਨਾਂ ਨੂੰ ਧਿਆਨ 'ਚ ਰੱਖਦੇ ਹੋਏ ਭਾਰਤ ਅਤੇ ਪਾਕਿਸਤਾਨ ਨੂੰ ਜੋੜਨ ਵਾਲੀ ਸਮਝੌਤਾ ਐਕਸਪ੍ਰੈਸ ਅਤੇ ਥਾਰ ਐਕਸਪ੍ਰੈਸ ਦੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਸਨ। ਮੰਤਰਾਲੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਸਮਝੌਤਾ ਐਕਸਪ੍ਰੈਸ ਦੀ ਸੇਵਾ ਬਹਾਲ ਕਰਨ ਦਾ ਫ਼ੈਸਲਾ ਵਿਦੇਸ਼ ਮੰਤਰਾਲਾ ਅਤੇ ਗ੍ਰਹਿ ਮੰਤਰਾਲੇ ਨਾਲ ਸਲਾਹ ਮਸ਼ਵਰਾ ਕਰਕੇ ਲਿਆ ਗਿਆ ਹੈ। ਪਾਕਿਸਤਾਨ ਰੇਲਵੇ ਨੇ ਵੀ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਸਮਝੌਤਾ ਐਕਸਪ੍ਰੈਸ ਦੀ ਸੇਵਾ ਬਹਾਲ ਕਰ ਦਿੱਤੀ ਜਾਵੇ। ਅਧਿਕਾਰੀ ਨੇ ਦੱਸਿਆ ਕਿ ਪਾਕਿਸਤਾਨ ਦੀ ਸੁਰੱਖਿਆ ਦੀ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਪਿੱਛੋਂ ਸਮਝੌਤਾ ਐਕਸਪ੍ਰੈਸ ਨੂੰ ਤੁਰੰਤ ਬਹਾਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਰੇਲ ਗੱਡੀ ਹਫ਼ਤੇ 'ਚ ਦੋ ਦਿਨ ਬੁੱਧਵਾਰ ਅਤੇ ਐਤਵਾਰ ਨੂੰ ਚੱਲਦੀ ਹੈ। ਉਨ੍ਹਾਂ ਦੱਸਿਆ ਕਿ ਥਾਰ ਐਕਸਪ੍ਰੈਸ ਨੂੰ ਬਹਾਲ ਕਰਨ ਦਾ ਅਜੇ ਫ਼ੈਸਲਾ ਨਹੀਂ ਲਿਆ ਗਿਆ ਜਿਹੜੀ ਰਾਜਸਥਾਨ 'ਚ ਮਨਾਬਾਓ ਅਤੇ ਪਾਕਿਸਤਾਨ ਦੇ ਸਿੰਧ ਸੂਬੇ 'ਚ ਖੋਖਰਾਪਾਰ ਵਿਚਕਾਰ ਚਲਦੀ ਹੈ।

**ਸੂਰਜ ਡੁੱਬਣ ਪਿੱਛੋਂ ਆਉਂਦੀਆਂ ਰੇਲਾਂ ਸਵੀਕਾਰ ਕਰਨੋਂ ਇਨਕਾਰ :** ਭਾਰਤ ਅਤੇ ਪਾਸਿਕਤਾਨ ਵਿਚਾਲੇ ਚਲਦੀ ਰੇਲ ਗੱਡੀ ਸਮਝੌਤਾ ਅਕੈਸਪ੍ਰੈਸ ਅਤੇ ਮਾਲ ਗੱਡੀ ਰਾਹੀਂ ਪਾਕਿਸਤਾਨ ਤੋਂ ਤਸਕਰੀ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਲੰਘੀ 26 ਦਸੰਬਰ ਨੂੰ ਭਾਰਤੀ ਕਸਟਮ ਵਿਭਾਗ ਨੇ ਭਵਿੱਖ ਵਿਚ ਸੂਰਜ ਡੁੱਬਣ ਤੋਂ ਬਾਅਦ ਪਾਕਿਸਤਾਨ ਤੋਂ ਆਉਣ ਵਾਲੀ ਕੋਈ ਵੀ ਸਵਾਰੀ ਅਤੇ ਵਪਾਰ ਗੱਡੀ ਲੈਣ ਤੋਂ ਇਨਕਾਰ ਕਰ ਦਿੱਤਾ। ਭਾਰਤੀ ਕਸਟਮ ਵਿਭਾਗ ਨੇ ਬੀਤੀ 26 ਦਸੰਬਰ ਨੂੰ ਪਾਕਿਸਤਾਨ ਵਲੋਂ ਕਰੀਬ ਪੌਣੇ ਸੱਤ ਵਜੇ ਭੇਜੀ ਗਈ ਮਾਲ ਗੱਡੀ ਬਾਰੇ ਵੀ ਕਰੜਾ ਵਿਰੋਧ ਪ੍ਰਗਟਾਇਆ। ਇਥੇ ਦੱਸਣਯੋਗ ਹੈ ਕਿ ਤਰਨ ਤਾਰਨ ਪੁਲਿਸ ਵਲੋਂ ਕਾਬੂ ਕੀਤੇ ਗਏ 4 ਵਿਅਕਤੀਆਂ ਵਲੋਂ ਪੜਤਾਲ ਦੌਰਾਨ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਨੂੰ ਜਾਅਲੀ ਕਰੰਸੀ, ਹਥਿਆਰ, ਨਸ਼ੀਲੇ ਪਦਾਰਥ ਤੇ ਹੋਰ ਸਾਮਾਨ ਰੇਲ ਰਾਹੀਂ ਪਾਕਿਸਤਾਨ ਤੋਂ ਇਥੇ ਪੁੱਜਦਾ ਸੀ। ਇਹ ਤੱਥ ਸਾਹਮਣੇ ਆਉਣ ਤੋਂ ਬਾਅਦ ਇਥੇ ਸਰਹੱਦ ਵਿਖੇ ਤਾਇਨਾਤ ਸੂਹੀਆ ਏਜੰਸੀਆਂ ਤੇ ਹੋਰ ਵਿਭਾਗ ਵਧੇਰੇ ਚੌਕਸ ਹੋ ਗਏ ਹਨ। ਇਸੇ ਦੌਰਾਨ ਲੰਘੀ 25 ਦਸੰਬਰ ਨੂੰ ਪਾਕਿਸਤਾਨ ਵਲੋਂ ਮਾਲ ਗੱਡੀ ਵੀ ਨਹੀਂ ਭੇਜੀ ਗਈ ਸੀ। ਮਾਲ ਗੱਡੀਆਂ ਦੇ ਆਦਾਨ ਪ੍ਰਦਾਨ ਲਈ 26 ਦਸੰਬਰ ਨੂੰ ਮੁੜ ਯਤਨ ਹੋਏ। ਜਿਸ ਤਹਿਤ ਭਾਰਤੀ ਮਾਲ ਗੱਡੀ ਦੁਪਹਿਰ ਸਮੇਂ 2 ਵਜੇ ਚਲੀ ਗਈ ਸੀ, ਪਰ ਪਾਕਿਸਤਾਨ ਵਾਲੇ ਪਾਸਿਓਂ ਪਾਕਿਸਤਾਨੀ ਮਾਲ ਗੱਡੀ ਭੇਜਣ ਵਿਚ ਜਾਣ ਬੁੱਝ ਕੇ ਦੇਰ ਕੀਤੀ ਗਈ।

ਮਿਲੀ ਜਾਣਕਾਰੀ ਅਨੁਸਾਰ ਕਸਟਮ ਵਿਭਾਗ ਨੂੰ ਪਾਕਿਸਤਾਨੀ ਮਾਲ ਗੱਡੀ ਦੀ 'ਕਲੀਅਰੈਂਸ' 5 ਵਜੇ ਦੇ ਦਿੱਤੀ ਗਈ ਸੀ, ਪਰ ਇਸਦੇ ਬਾਵਜੂਦ ਕਰੀਬ 6.45 ਵਜੇ ਇਹ ਗੱਡੀ ਗੇਟ ਵਿਖੇ ਭੇਜੀ ਗਈ। ਜਿਸ ਦਾ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਮੌਕੇ 'ਤੇ ਕਰੜਾ ਵਿਰੋਧ ਪ੍ਰਗਟਾਇਆ। ਉਨ੍ਹਾਂ ਚੇਤਾਵਨੀ ਦਿੱਤੀ ਕਿ ਭਵਿੱਖ ਵਿਚ ਸੂਰਜ ਡੁੱਬਣ ਤੋਂ ਬਾਅਦ ਪਾਕਿਸਤਾਨ ਤੋਂ ਆਉਣ ਵਾਲੀ ਕੋਈ ਗੱਡੀ ਸਵੀਕਾਰ ਨਹੀਂ ਕੀਤੀ ਜਾਏਗੀ।

ਕਸਟਮ ਵਿਭਾਗ ਦਾ ਕਹਿਣਾ ਕਿ ਹਨੇਰੇ ਵਿਚ ਗੱਡੀ ਦੀ ਜਾਂਚ ਦਾ ਕਾਰਜ ਹੋਰ ਵੀ ਔਖਾ ਹੋ ਜਾਂਦਾ ਹੈ। 43 ਬੋਗੀਆਂ ਵਾਲੀ ਇਹ ਮਾਲ ਗੱਡੀ ਦੇ ਇਧਰ ਪੁੱਜਣ 'ਤੇ ਤੁਰੰਤ ਸਾਰੀ ਸੂਹੀਆ ਏਜੰਸੀਆਂ ਤੇ ਹੋਰ ਵਿਭਾਗ ਵਲੋਂ ਇਸ ਦੀ ਜਾਂਚ ਪੜਤਾਲ ਦਾ ਕੰਮ ਆਰੰਭ ਦਿੱਤਾ ਗਿਆ ਸੀ ਅਤੇ ਦੇਰ ਰਾਤ ਤੱਕ ਇਹ ਕਾਰਜ ਜਾਰੀ ਸੀ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪਾਕਿਸਤਾਨ ਵਲੋਂ ਵਧੇਰੇ ਰਾਤ ਨੂੰ ਹੀ ਮਾਲ ਗੱਡੀ ਇਧਰ ਭੇਜੀ ਜਾਂਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਸੂਹੀਆ ਏਜੰਸੀਆਂ ਵਲੋਂ ਉਸ ਖੇਤਰ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ, ਜਿਸ ਬਾਰੇ ਸ਼ਿਕਾਇਤ ਹੋਈ ਸੀ ਕਿ ਪਾਕਿਸਤਾਨ ਤੋਂ ਰੇਲ ਗੱਡੀ ਦੇ ਆਉਣ ਵੇਲੇ ਸੁਰੱਖਿਆ ਨਾਲੇ ਦੇ ਕੋਲ ਸਾਮਾਨ ਸੁੱਟ ਦਿੱਤਾ ਜਾਂਦਾ ਹੈ, ਜਿਥੋਂ ਬਾਅਦ ਵਿਚ ਤਸਕਰਾਂ ਵਲੋਂ ਇਹ ਸਾਮਾਨ ਚੁੱਕ ਲਿਆ ਜਾਂਦਾ ਹੈ। ਸੁਰੱਖਿਆ ਏਜੰਸੀਆਂ ਵਲੋਂ ਅਗਾਂਹ ਭਵਿੱਖ ਵਿਚ ਪਾਕਿਸਤਾਨ ਤੋਂ ਮਾਲ ਗੱਡੀ ਜਾਂ ਸਵਾਰੀ ਗੱਡੀ ਦੇ ਆਉਣ ਸਮੇਂ ਇਸ ਮੁੱਦੇ ਨੂੰ ਧਿਆਨ ਵਿਚ ਰੱਖਿਆ ਜਾਏਗਾ। ਇਥੇ ਦੱਸਣਯੋਗ ਹੈ ਕਿ ਪਾਕਿਸਤਾਨੀ ਰੇਲ ਗੱਡੀ ਦੇ ਭਾਰਤ ਵਿਚ ਦਾਖ਼ਲ ਹੋਣ ਤੋਂ ਬਾਅਦ ਪੁਲ ਤੱਕ ਦੋਵੇਂ ਪਾਸੇ ਬੀ. ਐਸ. ਐਫ. ਦੇ ਜਵਾਨ ਘੋੜਿਆਂ 'ਤੇ ਸਵਾਰ ਹੋ ਕੇ ਰੇਲ ਦੇ ਦੋਵੇਂ ਪਾਸੇ ਨਾਲ ਨਾਲ ਚਲਦੇ ਹਨ ਤਾਂ ਜੋ ਇਹ ਧਿਆਨ ਰੱਖਿਆ ਜਾ ਸਕੇ ਕਿ ਕੋਈ ਸਵਾਰੀ ਰੇਲ ਗੱਡੀ ਵਿਚੋਂ ਉਤਰ ਨਾ ਸਕੇ ਅਤੇ ਕੋਈ ਸਮਾਨ ਬਾਹਰ ਨਾ ਸੁੱਟੇ। ਪੰਜਾਬ ਪੁਲਿਸ ਵਲੋਂ ਕਾਬੂ ਕੀਤੇ ਗਏ 4 ਵਿਅਕਤੀਆਂ ਤੋਂ ਕਸਟਮ ਵਿਭਾਗ ਖੁਦ ਵੀ ਪੁੱਛਗਿਛ ਕਰਨ ਦਾ ਇਛੁਕ ਹੈ।

# ਮਲੇਸ਼ੀਆਈ ਸਰਕਾਰ ਦੇ ਮਾਤ ਭਾਸ਼ਾ ਪ੍ਰੇਮ ਤੋਂ ਇਸ ਦੇਸ਼ ਵਿਚ ਵਸਦੇ ਪੰਜਾਬੀ ਔਖੇ

**ਕੁਆਲਾਲੰਪੁਰ :** ਮਲੇਸ਼ੀਆਈ ਸਰਕਾਰ ਵਲੋਂ ਸਾਰੇ ਸ਼ਹਿਰਾਂ, ਕਸਬਿਆਂ ਅਤੇ ਪ੍ਰਮੁੱਖ ਮਾਰਗਾਂ ਉੱਤੇ ਲੱਗੇ ਅੰਗਰੇਜ਼ੀ ਭਾਸ਼ਾਈ ਬੋਰਡ ਬਦਲ ਕੇ ਮਲਾਈ ਭਾਸ਼ਾਈ ਕਰ ਦਿੱਤੇ ਜਾਣ ਕਾਰਨ ਵਿਦੇਸ਼ੀ ਸੈਲਾਨੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮਲੇਸ਼ੀਆ ਵਸਦੇ ਭਾਰਤੀ, ਚੀਨੀ ਤੇ ਹੋਰ ਪ੍ਰਵਾਸੀ ਸਰਕਾਰ ਦੇ ਫੈਸਲੇ ਦੀ ਨੁਕਤਾ-ਚੀਨੀ ਤਾਂ ਕਰਦੇ ਹਨ ਪਰ ਇਥੋਂ ਦੇ ਸਖ਼ਤ ਨਿਯਮਾਂ ਕਾਰਨ ਚੁੱਪ ਰਹਿਣ ਤੋਂ ਇਲਾਵਾ ਕੋਈ ਚਾਰਾ ਵੀ ਨਹੀਂ ਹੈ। ਸਿਰਫ ਮਲਾਈ ਭਾਸ਼ਾ ਵਿਚ ਲੱਗੇ ਬੋਰਡਾਂ ਕਾਰਨ ਇਥੇ ਟੂਰਿਸਟ ਵੀਜ਼ੇ 'ਤੇ ਘੁੰਮਣ ਆਏ ਲੋਕਾਂ ਨੂੰ ਕਿਸੇ ਸ਼ਹਿਰ ਜਾਂ ਕਸਬੇ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਪੀਨਾਂਗ ਬੀਚ 'ਤੇ ਘੁੰਮਣ ਆਏ ਇਕ ਜਰਮਨ ਜੋੜੇ ਨੇ ਦੱਸਿਆ ਕਿ ਉਹ ਇਕ ਨਕਸ਼ਾ ਲਿਆਏ ਹਨ ਜਿਸ 'ਤੇ ਮਲਾਈ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਹੋਇਆ ਹੈ ਤੇ ਇਸ ਦੀ ਸਹਾਇਤਾ ਨਾਲ ਹਰ ਸਥਾਨ 'ਤੇ ਪੁੱਜ ਜਾਂਦੇ ਹਨ। ਨਕਸ਼ੇ ਵਿਚ ਮਲਾਈ ਭਾਸ਼ਾ ਜਾਰਜੀਅਨ ਲਿਪੀ ਵਿਚ ਲਿਖੀ ਹੋਈ ਹੈ।

ਬਜ਼ੁਰਗ ਸਰਬ ਸਿੰਘ ਨੇ ਦੱਸਿਆ ਕਿ ਪੰਜਾਬੀ ਲੋਕ ਕਿਸੇ ਸਮੇਂ ਬਹਾਦਰ ਅਤੇ ਦਲੇਰ ਮੰਨੇ ਜਾਂਦੇ ਸਨ, ਪਰ ਅੱਜ ਸਰਕਾਰ ਦੇ ਸਖ਼ਤ ਨਿਯਮਾਂ ਕਾਰਨ ਡਰਪੋਕ ਬਣ ਕੇ ਜੀ ਰਹੇ ਹਨ।


**Punjab Times**
847-359-0746

**M&S International**
*Immigration and legal services*
*P.O. Box 66005, Stockton, CA 95206*

Sir Malik K. Awan Ph.D
Immigration Consultant
E-mail : drawan10@aol.com
*Phone : (209) 271-2337*
*Fax : (209) 943-2838*
*Evening : (209) 464-3884*

*NEED A LAWYER?*
*Don't worry you can afford us!*
*$26 a month plus $10 application fee*
*$9 a month plus $10 application fee for the foster families*
*Protect you and your family!*

- *Unlimited Toll-Free consultations with an Attorney*
- *Attorney letters and phone calls made on your behalf*
- *Documents review*
- *IRS audit Representation*
- *Trial Defense Services*
- *Motor Vehicle Services*
- *Free will for you and your spouse $500 value*

*DISCOUNTS ON :*
- Divorce
- Child Support Custody
- Bankruptcy and much more
- Free Immigration Consultation
- Immigration filling - petitions, representation and referral services
- Income Tax consultation
- Free Notary Services for Seniors and members only

*Please Contact :*
*Dr. Malik Awan.*

*PROTECTION* *SECURITY* *PEACE OF MIND*

**ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ**

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਆਯੂਰਵੇਦ ਅਪਣਾਓ ਗ੍ਰਹਿਸਥ ਜੀਵਨ ਸੁਖੀ ਬਣਾਓ


ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਤੋਂ ਬਾਅਦ ਮਰਦ ਵਿਚ ਹਮੇਸ਼ਾ ਲਈ ਚੀਤੇ ਵਰਗੀ ਤਾਕਤ ਅਤੇ ਫੁਰਤੀ ਆ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

-: ਜ਼ਰੂਰੀ ਸੂਚਨਾ :-

ਅਸੀਂ ਇਸ ਸਾਰੀ ਦਵਾਈ ਦਾ ਰੇਟ ਬਹੁਤ ਘੱਟ ਰੱਖਿਆ ਹੋਇਆ ਹੈ ਤਾਂ ਕਿ ਹਰ ਤਰ੍ਹਾਂ ਦਾ ਮਰੀਜ਼ ਇਸ ਕੋਰਸ ਦੀ ਵਰਤੋਂ ਕਰ ਸਕੇ ਅਤੇ ਆਪਣੇ ਜੀਵਨ ਤੇ ਜਵਾਨੀ ਦਾ ਪੂਰਾ ਮਜ਼ਾ ਲੈ ਸਕੇ। ਸਭ ਦਵਾਈਆਂ ਸਾਡੀ ਆਪਣੀ ਫਾਰਮੇਸੀ ਵਿਚ ਬਣਾਈਆਂ ਜਾਂਦੀਆਂ ਹਨ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ। ਸਰੀਰ ਸੁੰਦਰ ਅਤੇ ਸੁਡੌਲ ਬਣ ਜਾਂਦਾ ਹੈ ਅਤੇ ਚਿਹਰਾ ਗੁਲਾਬ ਦੇ ਫੁੱਲ ਵਾਂਗ ਨਿਖਰ ਆਉਂਦਾ ਹੈ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

G.M.P. Certified Pharmacy

**Surajvanshi Pharmacy (R)**
*MANUFACTURE & EXPORTER OF HERBAL PRODUCTS*
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

**Thandi Insurance Brokerage**
LIC#OBO9151

**Truck Insurance Specialist:**
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance.
SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.




*For a Free insurance Quote Please Call :*
**1-800-917-2639**
3090 Independence drive Suite # 246 Livermore CA 94551

ੴ ਸਤਿਗੁਰ ਪ੍ਰਸਾਦਿ

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਸਰਬੰਸਦਾਨੀ ਪਾਤਸ਼ਾਹਾਂ ਦੇ ਪਾਤਸ਼ਾਹ ਸਾਹਿਬੇ ਕਮਾਲ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

# ਲਖ ਲਖ ਵਧਾਈ ਹੋਵੇ



ਸੰਗਤਾਂ ਦੀ ਚਰਨ ਧੂੜ
ਜੀਤ ਸਿੰਘ ਬੈਨੀਵਾਲ,
ਸੁਖਦੇਵ ਸਿੰਘ (ਮੈਂਬਰ, ਸੁਪਰੀਮ ਕੌਂਸਲ ਗੁਰਦੁਆਰਾ ਫਰੀਮਾਂਟ)
ਅਤੇ ਪਰਿਵਾਰ, ਸੈਨ ਹੋਜ਼ੇ, ਕੈਲੀਫੋਰਨੀਆ

ਫੋਨ: 408-202-9463

# ਗੁਜਰਾਤ ਪਿੱਛੋਂ ਹੁਣ ਹਿਮਾਚਲ ਪ੍ਰਦੇਸ਼ 'ਤੇ ਵੀ ਭਾਜਪਾ ਕਾਬਜ਼

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਸ਼ਿਮਲਾ :** ਬੀਤੀ 30 ਦਸੰਬਰ ਨੂੰ ਇਥੇ ਭਾਜਪਾ ਦੇ ਆਗੂ ਸ੍ਰੀ ਪ੍ਰੇਮ ਕੁਮਾਰ ਧੂਮਲ ਨੂੰ ਦੂਜੀ ਵਾਰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ। ਰਾਜਪਾਲ ਵੀ. ਐਸ. ਕੋਕਜੇ ਨੇ ਇਥੇ ਇਤਿਹਾਸਕ ਰਿਜ ਮੈਦਾਨ ਵਿਚ ਇਕ ਜਨਤਕ ਸਮਾਗਮ ਵਿਚ 63 ਸਾਲ ਦੇ ਆਗੂ ਨੂੰ ਸਹੁੰ ਚੁਕਾਉਣ ਦੀ ਰਸਮ ਅਦਾ ਕੀਤੀ। ਬੀਤੇ ਦਿਨ 41 ਮੈਂਬਰੀ ਭਾਜਪਾ ਵਿਧਾਇਕ ਪਾਰਟੀ ਨੇ ਅੰਗਰੇਜ਼ੀ ਦੇ ਪ੍ਰੋਫੈਸਰ ਤੋਂ ਸਿਆਸਤਦਾਨ ਬਣੇ ਧੂਮਲ ਨੂੰ ਸਰਬਸੰਮਤੀ ਨਾਲ ਆਪਣਾ ਨੇਤਾ ਚੁਣਿਆ ਸੀ। ਤਿੰਨ ਵਾਰ ਵਿਧਾਇਕ ਬਣੇ ਧੂਮਲ ਨੇ ਪਹਿਲੀ ਵਾਰ 1998 ਤੋਂ 2003 ਵਿਚ ਹਿਮਾਚਲ ਵਿਚ ਭਾਜਪਾ ਸਰਕਾਰ ਦੀ ਅਗਵਾਈ ਕੀਤੀ ਸੀ। ਹਿਮਾਚਲ ਪ੍ਰਦੇਸ਼ ਦੇ ਹੋਂਦ ਵਿਚ ਆਉਣ ਤੋਂ ਬਾਅਦ ਉਹ ਪ੍ਰਦੇਸ਼ ਦੇ 16ਵੇਂ ਮੁੱਖ ਮੰਤਰੀ ਹਨ। ਇਸ ਮੌਕੇ 'ਤੇ ਭਾਜਪਾ ਦੇ ਸੀਨੀਅਰ ਆਗੂ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ, ਪਾਰਟੀ ਦੇ ਉਪ ਪ੍ਰਧਾਨ ਸ਼ਾਂਤਾ ਕੁਮਾਰ, ਮੁਖਤਾਰ ਅਬਾਸ ਨਕਵੀ ਅਤੇ ਪੰਜਾਬ, ਉੱਤਰਾਖੰਡ ਅਤੇ ਰਾਜਸਥਾਨ ਦੇ ਮੁੱਖ ਮੰਤਰੀ ਕਰਮਵਾਰ ਸ. ਪ੍ਰਕਾਸ਼ ਸਿੰਘ ਬਾਦਲ, ਬੀ. ਸੀ. ਖੰਡੂਰੀ ਅਤੇ ਸ੍ਰੀਮਤੀ ਵਸੁੰਧਰਾ ਰਾਜੇ ਮੌਜੂਦ ਸਨ।

ਗੁਜਰਾਤ ਵਿਚ ਫਿਰ ਤੋਂ ਸਤਾ 'ਤੇ ਕਾਬਜ਼ ਹੋਣ ਪਿੱਛੋਂ ਭਾਰਤੀ ਜਨਤਾ ਪਾਰਟੀ ਨੇ ਹਿਮਾਚਲ ਪ੍ਰਦੇਸ਼ ਦੀ ਸਤਾ 'ਤੇ ਵੀ ਕਬਜ਼ਾ ਕਰ ਲਿਆ। ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ ਸਾਰੀਆਂ 68 ਸੀਟਾਂ ਦਾ ਨਤੀਜਾ ਐਲਾਨ ਦਿੱਤਾ ਗਿਆ ਅਤੇ



ਪ੍ਰੇਮ ਕੁਮਾਰ ਧੂਮਲ

ਭਾਜਪਾ ਨੇ ਇਸ ਵਿਚੋਂ 41 ਸੀਟਾਂ ਜਿੱਤ ਕੇ ਸਪਸ਼ਟ ਬਹੁਮਤ ਪ੍ਰਾਪਤ ਕਰ ਲਿਆ ਹੈ। ਕਾਂਗਰਸ ਸਿਰਫ 23 ਸੀਟਾਂ 'ਤੇ ਜਿੱਤ ਪ੍ਰਾਪਤ ਕਰ ਸਕੀ ਜਦਕਿ ਬਸਪਾ ਇਕ ਸੀਟ 'ਤੇ ਸਫ਼ਲ ਰਹੀ। ਭਾਜਪਾ ਨੇ ਸੋਲਨ, ਕੋਟਕਹਿਲੂਰ, ਕਿਨੌਰ, ਗਗਰੇਟ, ਬਿਲਾਸਪੁਰ, ਲਾਹੌਲ ਅਤੇ ਸਪੀਤੀ, ਅਨੀ, ਪਾਲਮਪੁਰ, ਕਰਸਾਂਗ ਅਤੇ ਹਮੀਰਪੁਰ ਆਦਿ ਹਲਕਿਆਂ ਤੋਂ ਜਿੱਤ ਹਾਸਿਲ ਕੀਤੀ ਜਦਕਿ ਕਾਂਗਰਸ ਸੰਤੋਖਗੜ੍ਹ, ਨਾਹਨ, ਬੈਜਨਾਥ ਅਤੇ ਕਸੁਮਤਾ ਆਦਿ ਹਲਕਿਆਂ ਤੋਂ ਜੇਤੂ ਰਹੀ।

ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਸ਼ਿਮਲਾ ਜ਼ਿਲ੍ਹੇ 'ਚ ਰੋਹੜੂ ਤੋਂ ਆਪਣੇ ਰਵਾਇਤੀ ਵਿਰੋਧੀ ਭਾਜਪਾ ਦੇ ਖੁਸ਼ੀਰਾਮ ਬਾਲਾਨਾਥ ਨੂੰ 14137 ਵੋਟਾਂ ਦੇ ਫ਼ਰਕ ਨਾਲ ਹਰਾਇਆ। ਭਾਜਪਾ ਦੇ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਪ੍ਰੋ. ਪ੍ਰੇਮ ਕੁਮਾਰ ਧੂਮਲ ਹਮੀਰਪੁਰ ਜ਼ਿਲ੍ਹੇ ਦੇ ਬਮਸਾਨ ਹਲਕੇ ਤੋਂ 26000 ਵੋਟਾਂ ਦੇ ਫਰਕ ਨਾਲ ਜੇਤੂ ਰਹੇ।

ਜਿਉਂ ਹੀ ਨਤੀਜੇ ਐਲਾਨੇ ਗਏ ਤਾਂ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਕਿ ਉਹ ਭਾਜਪਾ ਨੂੰ ਸਤਾ 'ਚ ਲਿਆਉਣ ਲਈ ਸੂਬੇ ਦੇ ਲੋਕਾਂ ਦੇ ਸ਼ੁਕਰਗੁਜ਼ਾਰ ਹਨ। ਕਾਂਗਰਸ ਦੇ ਸੀਨੀਅਰ ਨੇਤਾ ਠਾਕੁਰ ਰਾਮ ਲਾਲ ਚੋਣ ਹਾਰ ਗਏ ਹਨ। ਸੂਬੇ ਵਿਚ 31 ਦਸੰਬਰ ਤੱਕ ਨਵੀਂ ਸਰਕਾਰ ਦਾ ਗਠਨ ਹੋਣ ਦੀ ਆਸ ਹੈ।

14 ਅਤੇ 19 ਨਵੰਬਰ ਨੂੰ ਦੋ ਪੜਾਵੀ ਹੋਈਆਂ ਚੋਣਾਂ ਵਿਚ ਕੁਲ 335 ਉਮੀਦਵਾਰਾਂ ਨੇ ਆਪਣੀ ਕਿਸਮਤ ਅਜਮਾਉਣ ਦੀ ਕੋਸ਼ਿਸ਼ ਕੀਤੀ ਸੀ।ਚੋਣ ਕਮਿਸ਼ਨ ਵਲੋਂ ਹਿਮਾਚਲ ਵਿਚ ਲਗਭਗ ਤਿੰਨ ਮਹੀਨੇ ਪਹਿਲਾਂ ਹੀ ਗੁਜਰਾਤ ਨਾਲ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਜਦਕਿ ਮੌਜੂਦਾ ਵਿਧਾਨ ਸਭਾ ਦੀ ਮਿਆਦ ਮੁਤਾਬਕ ਫਰਵਰੀ 'ਚ ਚੋਣਾਂ ਹੋਣੀਆਂ ਸਨ। ਸਰਕਾਰਾਂ ਵੱਖ-ਵੱਖ ਵਿਕਾਸ ਕਾਰਜ, ਰਿਆਇਤਾਂ ਅਤੇ ਨਵੀਆਂ ਯੋਜਨਾਵਾਂ ਦੇ ਐਲਾਨ ਐਨ ਚੋਣਾਂ ਦੇ ਸਮੇਂ ਹੀ ਕਰਦੀਆਂ ਹਨ ਤਾਂ ਕਿ ਲੋਕ ਉਨ੍ਹਾਂ ਨੂੰ ਭੁੱਲ ਨਾ ਜਾਣ। ਇਸ ਤਰ੍ਹਾਂ ਸਮੇਂ ਤੋਂ ਪਹਿਲਾਂ ਅਚਾਨਕ ਚੋਣਾਂ ਦਾ ਐਲਾਨ ਹੋਣ ਅਤੇ ਚੋਣ ਜ਼ਾਬਤਾ ਲਾਗੂ ਹੋ ਜਾਣ ਕਰਕੇ ਵੀਰਭੱਦਰ ਸਰਕਾਰ ਲੋਕ-ਲੁਭਾਊ ਐਲਾਨ ਕਰ ਸਕਣ 'ਚ ਅਸਮਰੱਥ ਰਹੀ।

ਪ੍ਰਦੇਸ਼ ਕਾਂਗਰਸ ਵਿਚ ਵੀਰਭੱਦਰ ਸਿੰਘ ਅਤੇ ਸ੍ਰੀਮਤੀ ਵਿੱਦਿਆ ਸਟੋਕਸ ਦੇ ਧੜਿਆਂ ਦਰਮਿਆਨ ਤਣਾਅ ਚੱਲਦਾ ਰਿਹਾ। ਟਿਕਟਾਂ ਦੀ ਵੰਡ 'ਚ ਵੀ ਪਾਰਟੀ ਹਾਈਕਮਾਨ ਵਲੋਂ ਪੱਖਪਾਤੀ ਫੈਸਲੇ ਲਏ ਗਏ। ਜਿੱਥੇ ਕੁਝ ਸੀਨੀਅਰ ਆਗੂਆਂ ਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ, ਉੱਥੇ ਹੀ ਸੋਨੀਆ ਗਾਂਧੀ ਦੇ ਰਸੋਈਏ ਅਤੇ ਐੱਸ. ਜੀ. ਪੀ. ਸੀ. ਦੇ ਇਕ ਸੁਰੱਖਿਆ ਅਧਿਕਾਰੀ ਦੇ ਬੇਟਿਆਂ ਨੂੰ ਚੋਣਾਂ 'ਚ ਟਿਕਟਾਂ ਦੇ ਦਿੱਤੀਆਂ ਗਈਆਂ ਜਿਸ ਨਾਲ ਕਾਂਗਰਸੀ ਆਗੂਆਂ 'ਚ ਭਾਰੀ ਨਾਰਾਜ਼ਗੀ ਪੈਦਾ ਹੋਈ।

ਸ੍ਰੀ ਵੀਰਭੱਦਰ ਸਿੰਘ ਨੇ ਬੇਸ਼ੱਕ ਧਰਮਸ਼ਾਲਾ ਨੂੰ ਸੂਬੇ ਦੀ ਸਰਦਰੁੱਤ ਰਾਜਧਾਨੀ ਬਣਾਇਆ ਤੇ ਉੱਥੇ ਵਿਧਾਨ ਸਭਾ ਦਾ ਸਰਦਰੁੱਤ ਸੈਸ਼ਨ ਸ਼ੁਰੂ ਕੀਤਾ ਪਰ ਉਨ੍ਹਾਂ 'ਤੇ ਨਵੇਂ ਹਿਮਾਚਲ ਨਾਲ ਵਿਤਕਰਾ ਕਰਨ ਦੇ ਦੋਸ਼ ਲੱਗਦੇ ਹੀ ਰਹੇ। ਇਸ ਤੋਂ ਇਲਾਵਾ ਕਾਂਗਰਸ ਦੇ ਬਜ਼ੁਰਗ ਨੇਤਾ ਸ੍ਰੀ ਸਤ ਮਹਾਜਨ ਦੇ ਸਿਆਸਤ ਤੋਂ ਸੰਨਿਆਸ ਲੈ ਲੈਣ ਕਰਕੇ ਨਵੇਂ ਹਿਮਾਚਲ ਵਿਚ ਕਾਂਗਰਸ ਦਾ ਕੋਈ ਸਰਗਰਮ ਪ੍ਰਭਾਵਸ਼ਾਲੀ ਨੇਤਾ ਨਹੀਂ ਰਿਹਾ।

ਕੇਂਦਰ ਵਲੋਂ ਮਹਿੰਗਾਈ 'ਤੇ ਕੰਟਰੋਲ ਨਾ ਕਰਨ ਕਰਕੇ ਲੋਕ-ਰੋਹ ਵਧਿਆ। ਕਾਂਗਰਸ 'ਚ ਸ੍ਰੀਮਤੀ ਸੋਨੀਆ ਗਾਂਧੀ ਤੇ ਵੀਰਭੱਦਰ ਹੀ ਸਟਾਰ ਪ੍ਰਚਾਰਕ ਰਹੇ ਤੇ ਸੋਨੀਆ ਗਾਂਧੀ ਵੀ ਖਰਾਬ ਮੌਸਮ ਕਾਰਨ ਜ਼ਿਆਦਾ ਚੋਣ ਰੈਲੀਆਂ ਨਹੀਂ ਕਰ ਸਕੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉੱਥੇ ਗਏ ਪਰ ਜਨਤਾ ਨੂੰ ਜ਼ਿਆਦਾ ਆਕਰਸ਼ਿਤ ਨਹੀਂ ਕਰ ਸਕੇ।

ਹਿਮਾਚਲ 'ਚ ਬਸਪਾ ਤੇ ਲੋਕ ਜਨ ਸ਼ਕਤੀ ਪਾਰਟੀ ਵਲੋਂ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੇ ਚੋਣ ਹਲਕਿਆਂ 'ਚ ਕਾਂਗਰਸ ਦੀਆਂ ਹੀ ਵੋਟਾਂ ਕੱਟ ਕੇ ਉਸ ਨੂੰ ਨੁਕਸਾਨ ਪਹੁੰਚਾਇਆ। ਬਸਪਾ ਦੇ ਸੰਜੇ ਚੌਧਰੀ ਹੀ ਕਾਂਗੜਾ ਤੋਂ ਚੋਣ ਜਿੱਤੇ ਤੇ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਵਿਜੇ ਸਿੰਘ ਮਨਕੋਟੀਆ ਸਮੇਤ ਬਾਕੀ ਸਾਰੇ ਉਮੀਦਵਾਰ ਹਾਰ ਗਏ। ਦੂਜੇ ਪਾਸੇ ਭਾਜਪਾ ਅੰਦਰ ਖਿੱਚੋਤਾਣ ਤਾਂ ਸੀ ਪਰ ਪਾਰਟੀ ਹਾਈਕਮਾਨ ਨੇ ਉਸ ਨੂੰ ਸਮਾਂ ਰਹਿੰਦਿਆਂ ਹੀ ਦੂਰ ਕਰ ਦਿੱਤਾ ਸੀ। ਪਿਛਲੇ ਸਾਲ ਲੋਕ ਸਭਾ 'ਚ ਸਵਾਲ ਪੁੱਛਣ ਲਈ ਧਨ ਲੈਣ ਦੇ ਦੋਸ਼ 'ਚ ਸੁਰੇਸ਼ ਚੰਦੇਲ ਦੀ ਲੋਕ ਸਭਾ ਮੈਂਬਰੀ ਖ਼ਤਮ ਹੋਣ ਤੋਂ ਬਾਅਦ ਖਾਲੀ ਸੀਟ 'ਤੇ ਹੋਈ ਉਪ-ਚੋਣ 'ਚ ਸ੍ਰੀ ਪ੍ਰੇਮ ਕੁਮਾਰ ਧੂਮਲ ਨੂੰ ਇਸੇ ਲਈ ਖੜ੍ਹਾ ਕੀਤਾ ਗਿਆ ਤਾਂ ਕਿ ਉਹ ਸੀਟ ਜਿੱਤ ਕੇ ਸੂਬੇ 'ਚ ਪਾਰਟੀ ਦਾ ਅਕਸ ਸੁਧਾਰ ਕੇ ਉਸ ਦਾ ਜਨ-ਆਧਾਰ ਤਿਆਰ ਕਰਨ।

ਜਦੋਂ ਸ੍ਰੀ ਧੂਮਲ ਵਿਧਾਨ ਸਭਾ ਤੋਂ ਅਸਤੀਫਾ ਦੇ ਕੇ ਉਕਤ ਚੋਣ 'ਚ ਖੜ੍ਹੇ ਹੋਏ ਤਾਂ ਪਾਰਟੀ ਦੇ ਪ੍ਰਧਾਨ ਸ੍ਰੀ ਰਾਜਨਾਥ ਸਿੰਘ ਨੇ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਨੂੰ ਸੂਬੇ ਦਾ ਭਵਿੱਖੀ ਮੁੱਖ ਮੰਤਰੀ ਬਣਾਇਆ ਜਾਵੇਗਾ।

## ਸੋਨੀਆ ਗਾਂਧੀ ਹਸਪਤਾਲ 'ਚ ਭਰਤੀ

**ਨਵੀਂ ਦਿੱਲੀ:** ਸਾਹ ਲੈਣ ਵਿਚ ਹਲਕੀ ਜਿਹੀ ਦਿੱਕਤ ਅਤੇ ਛਾਤੀ ਦੇ ਇਨਫ਼ੈਕਸ਼ਨ ਪਿੱਛੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਯੂ.ਪੀ.ਏ. ਦੀ 61 ਸਾਲਾ ਚੇਅਰਪਰਸਨ ਨੂੰ ਬੀਤੀ ਰਾਤ ਸਰ ਗੰਗਾ ਰਾਮ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਹਸਪਤਾਲ ਨੇ ਇਕ ਬਿਆਨ ਵਿਚ ਦਸਿਆ ਕਿ ਜਾਂਚ ਵਿਚ ਉਨ੍ਹਾਂ ਨੂੰ ਛਾਤੀ ਦਾ ਇਨਫ਼ੈਕਸ਼ਨ ਪਾਇਆ ਗਿਆ। ਹੁਣ ਉਨ੍ਹਾਂ ਦੀ ਹਾਲਤ ਸਥਿਰ ਹੈ। ਬਿਆਨ ਵਿਚ ਕਿਹਾ ਗਿਆ ਕਿ ਸੋਨੀਆ ਨੂੰ ਜਦੋਂ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਤਾਂ ਉਨ੍ਹਾਂ ਨੂੰ ''ਖਾਂਸੀ ਅਤੇ ਸਾਹ ਲੈਣ ਵਿਚ ਹਲਕੀ ਜਿਹੀ ਦਿੱਕਤ'' ਸੀ ਪਰ ਹੁਣ ਉਨ੍ਹਾਂ ਦੀ ਹਾਲਤ ਠੀਕ ਹੈ। ਪਰ ਬਿਆਨ ਵਿਚ ਉਨ੍ਹਾਂ ਦੀ ਹਸਪਤਾਲ ਵਿਚੋਂ ਛੁੱਟੀ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ ਗਿਆ। 10 ਜਨਪਥ ਦੇ ਸੂਤਰਾਂ ਨੇ ਕਿਹਾ, ''ਘਬਰਾਉਣ ਦੀ ਕੋਈ ਗੱਲ ਨਹੀਂ।'' ਉਨ੍ਹਾਂ ਦਸਿਆ ਕਿ ਛੁੱਟੀਆਂ ਉਤੇ ਗਏ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਦੇ ਅੱਜ ਜਾਂ ਭਲਕੇ ਤਕ ਵਾਪਸ ਆਉਣ ਦੀ ਉਮੀਦ ਹੈ।




ਆਪਣੀਆਂ ਹੈਲਥ ਅਤੇ ਲਾਈਫ ਇੰਸ਼ੋਰੈਂਸ ਲੋੜਾਂ ਲਈ

ਇਕ ਹੀ ਨਾਂ ਯਾਦ ਰੱਖੋ ਸੁਨੀਤਾ ਸ਼ਰਮਾ

Serving Throughout California

- Life
- Health
- Group
- Dental



Authorized Independent Agent

Blue Cross of California and BC Life & Health Insurance Company are independent licensees of the Blue Cross Association. The Blue Cross name and symbol are registered service marks of the Blue Cross Association.

For Competitive Rates and Faster Service

Please Call: (714) 228-2770 • (562) 860-5040

Fax: (714) 228-2797

www.insurewithsunita.com

P.O. Box 4475, Cerritos, CA 90703 CA Insurance License #: 0A98227



Homeopathic Systems for Health Treatment

When you are tired of all treatments for any disease at any age

Try homeopathic, systems of treatment

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

GURDIP SINGH SANDHU

DHMS, Hons, BAMS, MDEH, 30 Years experience

Working as per ACT.SB-577 State of CA.

CALL: TOLL FREE: 877-OK-HOMEO

(877-654-6636)OFFICE: 408-729-6691

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ !

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

License plates
IFTA *Fuel tax return
DOT, ICC-MMC
Single state registration services
*New Mexico & Kentucky permit



Rajinder Singh

ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ

Now in Strockton, the Hub of the Trucking Industry

Financing Available For Buying Trucks



Cell: (510) 557-6988

Ph: 209-982-9996,

Fax:209-982-9997

13465 Basalt Ct, Lathrop CA 95330



G.M. Lawrence Insurance Brokerage License# 0D79587

ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ

LIABILITY
GENERAL LIABILITY
PHYSICAL DAMAGE
CARGO
BONDS

ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?

*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ

New Ventures Are Welcome

ਦਲਜੀਤ ਸਿੰਘ ਖਹਿਰਾ

Ph: 209-474-2771

Fax: 209-474-0215

7746 Lorraine Ave.#214

Stockton CA-95210

SPECIALIZES IN BOTH LOCAL & LONG HAUL

-Flexible down payments
-Excellent customer service
-Committed to each individual client's needs
-Experienced, knowledgeable & professional staff



ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ

# ਰਾਸ਼ਟਰਪਤੀ ਦਾ ਅਹੁਦਾ ਛੱਡਣ ਤੋਂ ਬਾਅਦ ਵੀ ਪੂਤਿਨ ਪ੍ਰਭਾਵੀ ਰਹੇਗਾ

**–ਵਲਾਦੀਮੀਰ ਰਾਦੀਉਹਿਨ**

*ਜਾਪਦਾ ਇੰਜ ਹੈ ਕਿ ਸ਼੍ਰੀ ਪੁਤਿਨ ਨੇ ਦੋਵੀਂ ਹੱਥੀਂ ਲੱਡੂ ਰੱਖਣ ਦਾ ਰਾਹ ਲੱਭ ਹੀ ਲਿਆ ਹੈ। ਉਹ ਅਹੁਦਾ ਤਿਆਗ ਵੀ ਦੇਣਗੇ ਅਤੇ ਹੁਕਮਰਾਨ ਪਾਰਟੀ ਦਾ ਨੇਤਾ ਬਣ ਕੇ ਸੱਤਾ ਉੱਤੇ ਪਕੜ ਵੀ ਬਣਾਈ ਰੱਖਣਗੇ। ਡੂਮਾ ਦੀਆਂ ਚੋਣਾਂ ਵਿਚ ਯੂਨਾਈਟਿਡ ਰਸ਼ੀਆ ਨਾਲ ਹੱਥ ਮਿਲਾ ਕੇ ਇਸ ਖੇਡ ਲਈ ਉਨ੍ਹਾਂ ਨੇ ਪਹਿਲਾ ਕਦਮ ਚੁੱਕ ਲਿਆ ਹੈ। ਇਹ ਗੱਲ ਰਾਸ਼ਟਰਪਤੀ ਨੇ ਡੂਮਾ ਦੀਆਂ ਚੋਣਾਂ ਤੋਂ ਪਹਿਲਾਂ ਕਹਿ ਦਿੱਤਾ ਸੀ ਕਿ ''ਜੇ ਲੋਕ ਯੂਨਾਈਟਿਡ ਰਸ਼ੀਆ ਨੂੰ ਵੋਟਾਂ ਪਾ ਦੇਂਦੇ ਹਨ, ਜਿਸ ਦੀ ਸੂਚੀ ਦਾ ਮੈਂ ਮੁਖੀ ਹਾਂ, ਤਾਂ ਇਸ ਦਾ ਮਤਲਬ ਹੋਵੇਗਾ ਕਿ ਉਨ੍ਹਾਂ ਨੂੰ ਮੇਰੇ ਉੱਪਰ ਵਿਸ਼ਵਾਸ ਹੈ ਅਤੇ ਮੈਨੂੰ ਇਹ ਇਖਲਾਕੀ ਹੱਕ ਮਿਲ ਜਾਏਗਾ ਕਿ ਮੈਂ ਡੂਮਾ ਅਤੇ ਮੰਤਰੀ-ਮੰਡਲ ਨੂੰ ਉਨ੍ਹਾਂ ਉਦੇਸ਼ਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਠਹਿਰਾ ਸਕਾਂਗਾ, ਜਿਹੜੇ ਕਿ ਹੁਣ ਤੱਕ ਨਿਰਧਾਰਤ ਕੀਤੇ ਜਾ ਚੁੱਕੇ ਹਨ।'' ਸ਼੍ਰੀ ਪੁਤਿਨ ਨੇ ਆਪਣੀ ਸੇਵਾ-ਮੁਕਤੀ ਤੋਂ ਬਾਅਦ ਰੂਸੀ ਨੀਤੀਆਂ ਨੂੰ ਪ੍ਰਭਾਵਤ ਕਰਨ ਲਈ ਭਰੋਸੇ ਦੇ ਵੋਟ ਅਤੇ ਲੋਕ ਫ਼ਤਵੇ ਦੀ ਮੰਗ ਕੀਤੀ ਸੀ ਅਤੇ ਇਸ ਪ੍ਰਤੀ ਹੁੰਗਾਰਾ ਬਹੁਤ ਤਕੜਾ ਮਿਲਿਆ ਸੀ। ਹੁਣ ਉਹ ਇਸ ਜ਼ੋਰਦਾਰ ਹਮਾਇਤ ਨੂੰ ਤਬਦੀਲ ਕਰਨਗੇ ਸੱਤਾ ਵਿਚ ਆਪਣੇ ਇਕ ਮਨ-ਪਸੰਦ ਉੱਤਰਾ-ਅਧਿਕਾਰੀ ਨੂੰ ਅੱਗੇ ਵਧਾਉਣ ਤੇ ਸਥਾਪਤ ਕਰਨ ਲਈ । ਉਸ ਨੂੰ ਕਰੈਮਲਿਨ ਵਿਚ ਇਕ ਵਾਰੀ ਸੁਸ਼ੋਭਿਤ ਕਰ ਦਿੱਤਾ ਜਾਵੇਗਾ ਤਾਂ ਕਿ ਪੂਤਿਨ ਦੀਆਂ ਨੀਤੀਆਂ ਨੂੰ ਨਿਰਧਾਰਤ ਸੇਧ ਵਿਚ ਜਾਰੀ ਰੱਖ ਸਕੇ।*

ਦੋ ਦਸੰਬਰ ਨੂੰ ਰੂਸ ਵਿਚ ਹੋਈਆਂ ਸੰਸਦੀ ਚੋਣਾਂ ਰੂਸੀ ਸੱਤਾ-ਰੇਖਾਂਤਰਣ ਵਾਸਤੇ ਨਾਟਕੀ ਤਬਦੀਲੀਆਂ ਦਾ ਰਾਹ ਪੱਧਰਾ ਕਰ ਸਕਦੀਆਂ ਹਨ। ਮੁੱਖ ਕਰੈਮਲਿਨ-ਪੱਖੀ ਪਾਰਟੀ, ਯੂਨਾਈਟਿਡ ਰਸ਼ੀਆ, ਚੋਣਾਂ ਵਿਚ ਹੂੰਝਾ ਫੇਰ ਗਈ ਸੀ ਅਤੇ ਉਸ ਨੇ ਰਾਸ਼ਟਰੀ ਸੰਸਦ ਦੀਆਂ 450 ਸੀਟਾਂ ਵਿਚੋਂ 315 ਸੀਟਾਂ ਜਿੱਤ ਲਈਆਂ ਹਨ। ਇਸ ਨਾਲ ਪਾਰਟੀ ਨੂੰ ਹੇਠਲੇ ਸਦਨ ਵਿਚ ਦੋ-ਤਿਹਾਈ ਬਹੁਮਤ ਨਾਲੋਂ ਵਧ ਸੀਟਾਂ ਮਿਲ ਗਈਆਂ, ਜੋ ਕਿ ਨਾ ਕੇਵਲ ਕਾਨੂੰਨ ਪਾਸ ਕਰਨ ਲਈ ਹੀ, ਸਗੋਂ ਸੰਵਿਧਾਨ ਨੂੰ ਸੋਧਣ ਲਈ ਵੀ ਕਾਫ਼ੀ ਹਨ।

ਰੂਸ ਦੇ ਸੋਵੀਅਤ ਯੂਨੀਅਨ ਦੇ ਮਗਰਲੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸੱਤਾਧਾਰੀ ਰਾਸ਼ਟਰਪਤੀ ਨੇ ਆਪਣੇ ਆਪ ਨੂੰ ਚੋਣ ਲੜ ਰਹੀਆਂ ਸਿਆਸੀ ਪਾਰਟੀਆਂ ਵਿਚੋਂ ਕਿਸੇ ਇਕ ਨਾਲ ਜੋੜਿਆ ਹੋਵੇ। ਵਲਾਦੀਮੀਰ ਪੂਤਿਨ ਦਾ ਨਾਂਅ ਯੂਨਾਈਟਿਡ ਰਸ਼ੀਆ ਦੀ ਸੂਚੀ ਵਿਚ ਪਹਿਲੇ ਨੰਬਰ ਉੱਤੇ ਸੀ, ਹਾਲਾਂਕਿ ਉਹ ਪਾਰਟੀ ਮੈਂਬਰ ਨਹੀਂ ਸਨ। ਹੁਣ ਤੱਕ ਪੁਤਿਨ ਅਤੇ ਉਨ੍ਹਾਂ ਦਾ ਪੂਰਵਜ ਬੋਰਿਸ ਯੇਲਤਸਿਨ ਸਿਆਸੀ ਧਮੱਚੜ ਤੋਂ ਪਰੇ ਰਹਿਣ ਨੂੰ ਹੀ ਪਹਿਲ ਦੇਂਦੇ ਸਨ, ਤਾਂ ਜੋ ਉਹ ਸਮੂਹ ਰੂਸੀਆਂ ਦੇ ਇਕ ਰਾਸ਼ਟਰੀ ਨੇਤਾ ਵਜੋਂ ਆਪਣਾ ਬਿੰਬ ਕਾਇਮ ਰੱਖ ਸਕਣ।

ਰੂਸੀ ਸੰਵਿਧਾਨ ਰਾਸ਼ਟਰਪਤੀ ਉਤੇ ਕਿਸੇ ਪਾਰਟੀ ਵਿਚ ਸ਼ਾਮਲ ਹੋਣ ਜਾਂ ਉਸ ਦੀ ਟਿਕਟ ਲੈਣ ਉੱਤੇ ਪਾਬੰਦੀ ਨਹੀਂ ਲਗਾਉਂਦਾ, ਭਾਵੇਂ ਕਿ ਉਸ ਨੂੰ ਪਾਰਲੀਮੈਂਟ ਵਿਚ ਬੈਠਣ ਤੋਂ ਰੋਕਦਾ ਹੈ। ਯੂਨਾਈਟਿਡ ਰਸ਼ੀਆ ਦੀ ਹਮਾਇਤ ਕਰਨ ਦੇ ਆਪਣੇ ਫੈਸਲੇ ਦੀ ਵਿਆਖਿਆ ਕਰਦਿਆਂ ਹੋਇਆਂ ਸ਼੍ਰੀ ਪੁਤਿਨ ਨੇ ਕਿਹਾ ਸੀ ਕਿ ''ਉਹ ਚੋਣਾਂ ਜਿੱਤਣ ਲਈ ਪਾਰਟੀ ਦੀ ਮਦਦ ਕਰਨਾ ਚਾਹੁੰਦੇ ਸਨ, ਤਾਂ ਜੋ ਅਗਲਾ ਵਿਧਾਨ-ਮੰਡਲ ਕੰਮ ਕਰਨ ਦੇ ਯੋਗ ਬਣ ਸਕੇ ਅਤੇ ਕਾਰਜ ਪਾਲਿਕਾ ਦੀਆਂ ਸਾਰੀਆਂ ਯੋਜਨਾਵਾਂ ਸਿਰੇ ਲਗਾਉਣ ਵਿਚ ਮਦਦ ਕਰ ਸਕੇ।'' ਡੂਮਾ ਦੀ ਚੋਣ ਨੇ ਸ਼੍ਰੀ ਪੁਤਿਨ ਦੀ ਭਾਰੀ ਹਰਮਨ-ਪਿਆਰਤਾ ਉੱਤੇ ਮੋਹਰ ਲਗਾ ਦਿੱਤੀ ਹੈ। ਰੂਸੀ ਨੇਤਾ ਦੇ ਸਿਰ ਇਹ ਸਿਹਰਾ ਬੱਝਦਾ ਹੈ ਕਿ ਉਨ੍ਹਾਂ ਨੇ ਰੂਸ ਨੂੰ ਢਹਿ-ਢੇਰੀ ਹੋਣ ਦੇ ਬੂਹੇ ਤੋਂ ਪਿੱਛੇ ਖਿੱਚਿਆ ਹੈ ਅਤੇ ਇਕ ਵਿਸ਼ਵ ਸ਼ਕਤੀ ਵਜੋਂ ਉਸ ਦਾ ਰੁਤਬਾ ਬਹਾਲ ਕੀਤਾ ਹੈ। ਯੂਨਾਈਟਿਡ ਰਸ਼ੀਆ ਅਤੇ ਦੋ ਹੋਰ ਪਾਰਟੀਆਂ ਹਨ, ਜਿਹੜੀਆਂ ਰਾਸ਼ਟਰਪਤੀ ਪ੍ਰਤੀ ਵਫ਼ਾਦਾਰੀ ਦਾ ਦਮ ਭਰਦੀਆਂ ਸਨ।

ਲਿਬਰਲ ਡੈਮੋਕ੍ਰੇਟਿਕ ਪਾਰਟੀ, ਜਿਸ ਦਾ ਮੁਖੀ ਤਿੱਖਾ ਰਾਸ਼ਟਰਵਾਦੀ ਨੇਤਾ ਵਲਾਦੀਮੀਰ ਜ਼ਹੀਰਿਨੋਵਸਕੀ ਹੈ, ਅਤੇ ਉੱਪਰਲੇ ਸਦਨ ਦੇ ਸਪੀਕਰ ਸਰਗੇਈ ਮੀਰੋਨੋਵ ਦੀ ਜਸਟ ਰਸ਼ੀਆ ਪਾਰਟੀ ਨੇ ਰਲ ਕੇ ਹੇਠਲੇ ਸਦਨ ਵਿਚ ਤਕਰੀਬਨ 90 ਫੀਸਦੀ ਸੀਟਾਂ ਪ੍ਰਾਪਤ ਕਰ ਲਈਆਂ ਹਨ। ਕਮਿਊਨਿਸਟ ਪਾਰਟੀ, ਜਿਹੜੀ ਕਿ ਇੱਕੋ-ਇਕ ਵਿਰੋਧੀ ਧਿਰ ਦੀ ਉਹ ਪਾਰਟੀ ਹੈ, ਜਿਸ ਨੇ ਡੂਮਾ ਵਿਚ ਦਾਖ਼ਲ ਹੋਣ ਦੀ ਸੱਤ ਫ਼ੀਸਦੀ ਦੀ ਹੱਦ ਪਾਰ ਕੀਤੀ ਹੈ ਬਾਕੀ ਦੀਆਂ ਸੀਟਾਂ ਉੱਤੇ ਕਾਬਜ਼ ਹੋ ਜਾਏਗੀ।

ਭਾਵੇਂ ਇਹ ਗੱਲ ਤਾਂ ਠੀਕ ਹੈ ਕਿ ਸ਼੍ਰੀ ਪੁਤਿਨ ਦੀ ਭਾਰੀ ਹਰਮਨ-ਪਿਆਰਤਾ ਨੇ ਯੂਨਾਈਟਿਡ ਰਸ਼ੀਆ ਦੀ ਚੜ੍ਹਤ ਵਿਚ ਵਾਧਾ ਕੀਤਾ ਹੈ, ਪ੍ਰੰਤੂ ਅਸਲ ਵਿਚ ਉਨ੍ਹਾਂ ਨੂੰ ਲੋੜ ਨਹੀਂ ਸੀ ਨਵੀਂ ਡੂਮਾ ਵਿਚ ਇਕ ਵਫ਼ਾਦਾਰ ਬਹੁ-ਗਿਣਤੀ ਨੂੰ ਯਕੀਨੀ ਬਣਾਉਣ ਲਈ ਉਹ ਪਾਰਟੀ ਦੀ ਸੂਚੀ ਵਿਚ ਪਹਿਲੇ ਨੰਬਰ ਉੱਤੇ ਆਪਣਾ ਨਾਂਅ ਦਰਜ ਕਰਵਾਉਂਦੇ। ਹਰ ਹਾਲਤ ਵਿਚ ਯੂਨਾਈਟਿਡ ਰਸ਼ੀਆ ਦੇ 55 ਫੀਸਦੀ ਤੋਂ ਵੱਧ ਵੋਟਾਂ ਪ੍ਰਾਪਤ ਕਰ ਲੈਣ ਦੀ ਆਸ ਤਾਂ ਹੈ ਹੀ ਸੀ ਅਤੇ ਦੂਜੀਆਂ ਦੇ ਕਰੈਮਲਿਨ-ਪੱਖੀ ਪਾਰਟੀਆਂ ਨਾਲ ਮਿਲ ਕੇ ਹਾਲੇ ਵੀ ਉਹ ਕੂੰਜੀਵਤ ਦੋ-ਤਿਹਾਈ ਬਹੁਮਤ ਪ੍ਰਾਪਤ ਕਰ ਹੀ ਸਕਦੀ ਸੀ।

ਪੁਤਿਨ ਦੀ ਇਸ ਚਾਲ ਦਾ ਸੰਬੰਧ ਸਪੱਸ਼ਟ ਤੌਰ ਉਤੇ ਉਸ ਯੋਜਨਾ ਨਾਲ ਸੀ, ਜਿਹੜੀ ਅਗਲੇ ਸਾਲ ਉਨ੍ਹਾਂ ਵਲੋਂ ਆਪਣਾ ਅਹੁਦਾ ਛੱਡ ਜਾਣ ਤੋਂ ਬਾਅਦ ਲਈ ਬਣਾਈ ਗਈ ਸੀ। ਸੰਵਿਧਾਨ ਅਧੀਨ ਉਹ ਆਉਂਦੀ 2 ਮਾਰਚ ਨੂੰ ਖ਼ਤਮ ਹੋ ਰਹੀ ਮਿਆਦ ਤੋਂ ਬਾਅਦ ਨਿਰੰਤਰ ਤੀਜੀ ਵਾਰ ਖੜੇ ਨਹੀਂ ਹੋ ਸਕਦੇ। ਉਹ ਉਸ ਸਿਆਸੀ ਕਾਰਜ ਦੀ ਸਥਿਰਤਾ ਅਤੇ ਨਿਰੰਤਰਤਾ ਨੂੰ ਨਵੇਂ ਰਾਸ਼ਟਰਪਤੀ ਅਧੀਨ ਜਾਰੀ ਰੱਖਣਾ ਚਾਹੁੰਦੇ ਹਨ, ਜਿਹੜਾ ਉਨ੍ਹਾਂ ਸ਼ੁਰੂ ਕੀਤਾ ਸੀ। ਦੂਜੇ ਸ਼ਬਦਾਂ ਵਿਚ, ਇਸ ਦਾ ਮਤਲਬ ਹੈ ਕਿ ਗੱਦੀ ਛੱਡ ਜਾਣ ਤੋਂ ਬਾਅਦ ਵੀ ਉਹ ਆਪਣਾ ਪ੍ਰਭਾਵ ਕਿਵੇਂ ਕਾਇਮ ਰੱਖ ਸਕਣਗੇ। ਇਹ ਇਕ ਬਹੁਤ ਕਠਿਨ ਕਾਰਜ ਹੈ, ਜਿਸ ਨੇ ਸਾਰੇ ਹੀ ਸੋਵੀਅਤ ਅਤੇ ਰੂਸੀ ਨੇਤਾਵਾਂ ਦੀ ਪੇਸ਼ ਨਹੀਂ ਸੀ ਚੱਲਣ ਦਿੱਤੀ। ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਉਨ੍ਹਾਂ ਵਿਚੋਂ ਕਿਸੇ ਨੇ ਵੀ ਸੱਤਾ ਆਪਣੀ-ਮਰਜ਼ੀ ਨਾਲ ਨਹੀਂ ਸੀ ਛੱਡੀ (ਬਿਨਾਂ ਸ਼ੱਕ ਯੇਲਤਸਿਨ ਹੀ ਇੱਕੋ-ਇੱਕ ਵਿਅਕਤੀ ਸੀ, ਜਿਸ ਉੱਪਰ ਇਹ ਗੱਲ ਲਾਗੂ ਨਹੀਂ ਹੁੰਦੀ, ਪਰ ਉਹ ਵੀ ਆਪਣੀ ਮਾੜੀ ਸਿਹਤ ਕਾਰਨ ਹੀ ਆਪਣੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਸੱਤਾ ਛੱਡਣ ਲਈ ਮਜਬੂਰ ਹੋਇਆ ਸੀ)। ਸੋਵੀਅਤ ਦੌਰ ਦੇ ਜ਼ਿਆਦਾਤਰ ਨੇਤਾ ਤਾਂ ਸੱਤਾ ਵਿਚ ਹੁੰਦੇ ਹੀ ਕੂਚ ਕਰ ਗਏ ਸਨ। ਨਿਕੀਤਾ ਖਰੁਸ਼ਚੋਵ ਪੋਲਿਟ ਬਿਊਰੋ ਦੀ ਇੱਕ ਸਾਜ਼ਿਸ਼ ਰਾਹੀਂ ਹਟਾਇਆ ਗਿਆ ਸੀ ਅਤੇ ਜੀਵਨ ਦੇ ਆਖ਼ਰੀ ਸਾਲ ਉਸ ਨੇ ਘਰ ਵਿਚ ਇਕ ਕੈਦੀ ਵਜੋਂ ਹੀ ਕੱਟੇ ਸਨ। ਗੋਰਬਾਚੇਵ ਨੂੰ ਤਾਂ ਇਕ ਵਧੇਰੇ ਘਟੀਆ ਸਾਜ਼ਿਸ਼ ਰਾਹੀਂ ਸੱਤਾ ਤੋਂ ਵਾਂਝਾ ਕੀਤਾ ਗਿਆ ਸੀ। ਜਦੋਂ ਯੇਲਤਸਿਨ ਨੇ ਯੂਕਰੇਨ ਅਤੇ ਬੇਲਾਰੂਸ ਦੇ ਆਗੂਆਂ ਨਾਲ ਮਿਲ ਕੇ ਇੱਕ ਸਾਜ਼ਿਸ਼ ਰਚ ਕੇ ਆਖ਼ਰੀ ਸੋਵੀਅਤ ਰਾਸ਼ਟਰਪਤੀ ਦੀ ਪਿੱਠ ਪਿੱਛੇ ਸੋਵੀਅਤ ਯੂਨੀਅਨ ਨੂੰ ਤੋੜ ਕੇ ਉਸ ਨੂੰ ਕਰੈਮਲਿਨ ਵਿਚੋਂ ਬਾਹਰ ਕੱਢ ਮਾਰਿਆ ਸੀ। ਉਨ੍ਹਾਂ ਦਾ ਹਸ਼ਰ ਭਾਵੇਂ ਕੁਝ ਵੀ ਹੋਇਆ, ਸਾਰੇ ਹੀ ਪਹਿਲੇ ਨੇਤਾਵਾਂ ਦੀਆਂ ਨੀਤੀਆਂ ਰੱਦ ਕਰ ਦਿੱਤੀਆਂ ਗਈਆਂ ਸਨ ਅਤੇ ਉਨ੍ਹਾਂ ਦੇ ਇਤਹਾਦੀਆਂ ਨੂੰ ਬਾਹਰ ਵਗਾਹ ਮਾਰਿਆ ਗਿਆ ਸੀ।

ਸ਼੍ਰੀ ਪੁਤਿਨ ਨੇ ਇਹ ਤਜਵੀਜ਼ ਨਿਰੰਤਰ ਰੱਦ ਕੀਤੀ ਹੈ, ਜਿਸ ਵਿਚ ਉਨ੍ਹਾਂ ਦੇ ਮਤਾਹਿਤਾਂ ਅਤੇ ਬਹੁਤ ਸਾਰੀਆਂ ਜਨਤਕ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਰਾਸ਼ਟਰਪਤੀ ਬਣੇ ਰਹਿਣ ਲਈ ਸੰਵਿਧਾਨ ਵਿਚ ਸੋਧ ਕਰ ਲੈਣ। ਰਾਏ-ਸ਼ੁਮਾਰੀਆਂ ਨੇ ਇਹ ਪ੍ਰਤੱਖ ਕਰ ਦਿੱਤਾ ਸੀ ਕਿ ਜੇ ਉਹ ਚੋਣ ਲੜਨ ਲਈ ਤਿਆਰ ਹੋ ਜਾਂਦੇ ਤਾਂ ਦੋ-ਤਿਹਾਈ ਰੂਸੀਆਂ ਨੇ ਉਨ੍ਹਾਂ ਨੂੰ ਵੋਟ ਪਾਉਣੇ ਸਨ। ਪ੍ਰੰਤੂ ਉਹ ਇਕ ਅਜਿਹਾ ਰੂਸੀ ਰਾਸ਼ਟਰਪਤੀ ਬਣ ਕੇ ਇਕ ਮਿਸਾਲ ਕਾਇਮ ਕਰਨਾ ਚਾਹੁੰਦੇ ਸਨ, ਜਿਸ ਨੇ ਐਨ ਸੰਵਿਧਾਨ ਅਨੁਸਾਰ ਆਪਣੀ ਪਦਵੀ ਦਾ ਤਿਆਗ ਕਰ ਦਿੱਤਾ ਸੀ। ''ਮੇਰਾ ਕੋਈ ਇਰਾਦਾ ਨਹੀਂ ਹੈ ਕਿ ਮੈਂ ਜੋ ਕੁਝ ਵੀ ਕਰ ਸਕਿਆ ਹਾਂ, ਉਸ ਨੂੰ ਸਿਫ਼ਰ ਕਰ ਕੇ ਰੱਖ ਦਿਆਂ।'' ਇਹ ਗੱਲ ਉਨ੍ਹਾਂ ਨੇ ਰੂਸ ਬਾਰੇ ਅਕਤੂਬਰ ਵਿਚ ਵਿਦੇਸ਼ੀ ਮਾਹਿਰਾਂ ਦੀ ਇਕ ਮੀਟਿੰਗ ਵਿਚ ਕਹੀ, ਜਿਸ ਨੂੰ ਵਾਲਦਾਈ ਕਲੱਬ ਕਿਹਾ ਜਾਂਦਾ ਹੈ।

ਇਸ ਦੇ ਨਾਲ ਹੀ ਸ਼੍ਰੀ ਪੁਤਿਨ ਇਹ ਗੱਲ ਵੀ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਉਨ੍ਹਾਂ ਦਾ ਕੋਈ ਉੱਤਰਾ-ਅਧਿਕਾਰੀ ਨਾ ਤਾਂ ਉਨ੍ਹਾਂ ਦੀਆਂ ਨੀਤੀਆਂ ਨੂੰ ਸੋਧੇ ਅਤੇ ਨਾ ਹੀ ਮੁੜ ਨਿੱਜੀਕਰਨ ਸ਼ੁਰੂ ਕਰੇ ਅਤੇ ਉਨ੍ਹਾਂ ਦੇ ਕਰੈਮਲਿਨ ਛੱਡ ਜਾਣ ਤੋਂ ਬਾਅਦ ਨਾ ਹੀ ਉਨ੍ਹਾਂ ਦੀ ਟੀਮ ਨੂੰ ਖੁੱਡੇ ਲਾਵੇ। ਉਨ੍ਹਾਂ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਮੁਸ਼ਕਲ ਨਾਲ ਪ੍ਰਾਪਤ ਕੀਤੀ ਸਥਿਰਤਾ ਅਤੇ ਮਜ਼ਬੂਤ ਆਰਥਿਕ ਉੱਨਤੀ ਨੂੰ ਖੁਰਦ-ਬੁਰਦ ਕਰ ਦਿੱਤਾ ਜਾਵੇ। ''ਮੈਂ ਨਹੀਂ ਕਹਿ ਸਕਦਾ, ਅੱਛਾ ਭਈ ਮੈਂ ਆਪਣਾ ਕੰਮ ਕਰ ਦਿੱਤਾ ਹੈ ਅਤੇ ਮੈਂ ਹੁਣ ਚੱਲਿਆ ਹਾਂ। ਤੁਸੀਂ ਜੋ ਚਾਹੋ, ਕਰ ਸਕਦੇ ਹੋ। ਕਿਸੇ ਵੀ ਤਰ੍ਹਾਂ ਮੈਂ ਅਜਿਹਾ ਨਹੀਂ ਹੋਣ ਦਿਆਂਗਾ।'' ਸ਼੍ਰੀ ਪੁਤਿਨ ਨੇ ਪਿਛਲੇ ਸਾਲ ਇਹ ਗੱਲ ਸਪਸ਼ਟ ਰੂਪ ਵਿਚ ਕਹਿ ਦਿੱਤੀ ਸੀ।

ਜਾਪਦਾ ਇੰਜ ਹੈ ਕਿ ਸ਼੍ਰੀ ਪੁਤਿਨ ਨੇ ਦੋਵੀਂ ਹੱਥੀਂ ਲੱਡੂ ਰੱਖਣ ਦਾ ਰਾਹ ਲੱਭ ਹੀ ਲਿਆ ਹੈ। ਉਹ ਅਹੁਦਾ ਤਿਆਗ ਵੀ ਦੇਣਗੇ ਅਤੇ ਹੁਕਮਰਾਨ ਪਾਰਟੀ ਦਾ ਨੇਤਾ ਬਣ ਕੇ ਸੱਤਾ ਉੱਤੇ ਪਕੜ ਵੀ ਬਣਾਈ ਰੱਖਣਗੇ। ਡੂਮਾ ਦੀਆਂ ਚੋਣਾਂ ਵਿਚ ਯੂਨਾਈਟਿਡ ਰਸ਼ੀਆ ਨਾਲ ਹੱਥ ਮਿਲਾ ਕੇ ਇਸ ਖੇਡ ਲਈ ਉਨ੍ਹਾਂ ਨੇ ਪਹਿਲਾ ਕਦਮ ਚੁੱਕ ਲਿਆ ਹੈ। ਇਹ ਗੱਲ ਰਾਸ਼ਟਰਪਤੀ ਨੇ ਡੂਮਾ ਦੀਆਂ ਚੋਣਾਂ ਤੋਂ ਪਹਿਲਾਂ ਕਹਿ ਦਿੱਤਾ ਸੀ ਕਿ ''ਜੇ ਲੋਕ ਯੂਨਾਈਟਿਡ ਰਸ਼ੀਆ ਨੂੰ ਵੋਟਾਂ ਪਾ ਦੇਂਦੇ ਹਨ, ਜਿਸ ਦੀ ਸੂਚੀ ਦਾ ਮੈਂ ਮੁਖੀ ਹਾਂ, ਤਾਂ ਇਸ ਦਾ ਮਤਲਬ ਹੋਵੇਗਾ ਕਿ ਉਨ੍ਹਾਂ ਨੂੰ ਮੇਰੇ ਉੱਪਰ ਵਿਸ਼ਵਾਸ ਹੈ ਅਤੇ ਮੈਨੂੰ ਇਹ ਇਖਲਾਕੀ ਹੱਕ ਮਿਲ ਜਾਏਗਾ ਕਿ ਮੈਂ ਡੂਮਾ ਅਤੇ ਮੰਤਰੀ-ਮੰਡਲ ਨੂੰ ਉਨ੍ਹਾਂ ਉਦੇਸ਼ਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਠਹਿਰਾ ਸਕਾਂਗਾ, ਜਿਹੜੇ ਕਿ ਹੁਣ ਤੱਕ ਨਿਰਧਾਰਤ ਕੀਤੇ ਜਾ ਚੁੱਕੇ ਹਨ।''

ਸ਼੍ਰੀ ਪੁਤਿਨ ਨੇ ਆਪਣੀ ਸੇਵਾ-ਮੁਕਤੀ ਤੋਂ ਬਾਅਦ ਰੂਸੀ ਨੀਤੀਆਂ ਨੂੰ ਪ੍ਰਭਾਵਤ ਕਰਨ ਲਈ ਭਰੋਸੇ ਦੇ ਵੋਟ ਅਤੇ ਲੋਕ ਫ਼ਤਵੇ ਦੀ ਮੰਗ ਕੀਤੀ ਸੀ ਅਤੇ ਇਸ ਪ੍ਰਤੀ ਹੁੰਗਾਰਾ ਬਹੁਤ ਤਕੜਾ ਮਿਲਿਆ ਸੀ। ਹੁਣ ਉਹ ਇਸ ਜ਼ੋਰਦਾਰ ਹਮਾਇਤ ਨੂੰ ਤਬਦੀਲ ਕਰਨਗੇ ਸੱਤਾ ਵਿਚ ਆਪਣੇ ਇਕ ਮਨ-ਪਸੰਦ ਉੱਤਰਾ-ਅਧਿਕਾਰੀ ਨੂੰ ਅੱਗੇ ਵਧਾਉਣ ਤੇ ਸਥਾਪਤ ਕਰਨ ਲਈ । ਉਸ ਨੂੰ ਕਰੈਮਲਿਨ ਵਿਚ ਇਕ ਵਾਰੀ ਸੁਸ਼ੋਭਿਤ ਕਰ ਦਿੱਤਾ ਜਾਵੇਗਾ ਤਾਂ ਕਿ ਪੂਤਿਨ ਦੀਆਂ ਨੀਤੀਆਂ ਨੂੰ ਨਿਰਧਾਰਤ ਸੇਧ ਵਿਚ ਜਾਰੀ ਰੱਖ ਸਕੇ।

ਰੂਸ ਵਿਚ ਰਾਸ਼ਟਰਪਤੀ ਦੀ ਚੋਣ ਲਈ ਮੁਹਿੰਮ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਯੂਨਾਈਟਿਡ ਰਸ਼ੀਆ ਨੇ ਕਹਿ ਦਿੱਤਾ ਹੈ ਕਿ ਰਾਸ਼ਟਰਪਤੀ ਦੀ ਚੋਣ ਲਈ ਆਪਣਾ ਉਮੀਦਵਾਰ ਉਹ ਦਸੰਬਰ ਦੇ ਅੰਤ ਵਿਚ ਨਾਮਜ਼ਦ ਕਰ ਦੇਵੇਗੀ। ਸ਼੍ਰੀ ਪੁਤਿਨ ਨੇ ਆਪਣੇ ਉੱਤਰਾ-ਅਧਿਕਾਰੀ ਦਾ ਨਾਂਅ ਹਾਲੇ ਆਪਣੇ ਮਨ ਵਿਚ ਹੀ ਰੱਖਿਆ ਹੋਇਆ ਹੈ, ਪ੍ਰੰਤੂ ਉਸ ਦੀ ਹਮਾਇਤ ਚੋਣਾਂ ਵਿਚ ਉਸ ਦੀ ਜਿੱਤ ਦੀ ਗਾਰੰਟੀ ਕਰ ਦੇਵੇਗੀ ਅਤੇ ਰਾਏ-ਸ਼ੁਮਾਰੀਆਂ ਵੀ ਇਹੋ ਹੀ ਕਹਿੰਦੀਆਂ ਹਨ। ਜਿਹੜਾ ਕੋਈ ਵੀ ਉਸ ਦੀ ਥਾਂ ਮੱਲੇਗਾ, ਪੁਤਿਨ ਦਾ ਇਸ ਗੱਲ ਉੱਤੇ ਜ਼ੋਰ ਹੋਵੇਗਾ ਕਿ ਉਹ ਉਸ ਵਲੋਂ ਮਿੱਥੇ ਰਾਹ ਤੋਂ ਲਾਂਭੇ ਨਾ ਜਾਵੇ।

ਮਾਹਰ ਇਸ ਗੱਲ ਬਾਰੇ ਸਹਿਮਤ ਹਨ ਕਿ ਆਪਣਾ ਪ੍ਰਭਾਵ ਕਾਇਮ ਰੱਖਣ ਲਈ ਸ਼੍ਰੀ ਪੁਤਿਨ ਲਈ ਸਭ ਤੋਂ ਪ੍ਰਭਾਵਸ਼ਾਲੀ ਰਾਹ ਇਹ ਹੈ ਕਿ ਉਹ ਯੂਨਾਈਟਿਡ ਰਸ਼ੀਆ ਦਾ ਮੁਖੀ ਬਣ ਜਾਵੇ। ਸ਼੍ਰੀ ਪੁਤਿਨ ਨੂੰ ਨਵੀਂ ਡੂਮਾ ਦਾ ਜਾਂ ਤਾਂ ਸਪੀਕਰ ਬਣਨਾ ਚਾਹੀਦਾ ਹੈ, ਜਾਂ ਫਿਰ ਹੁਕਮਰਾਨ ਪਾਰਟੀ ਦਾ ਨੇਤਾ। ਕਿਸੇ ਵੀ ਹਾਲਤ ਵਿਚ ਉਹ ਨਾ ਕੇਵਲ ਨਵੇਂ ਪ੍ਰਸ਼ਾਸਨ ਨੂੰ ਕਾਬੂ ਵਿਚ ਰੱਖਣ ਦੇ ਯੋਗ ਹੋ ਸਕਣਗੇ, ਸਗੋਂ ਆਪਣੇ ਵਿਸ਼ਾਲ ਏਜੰਡੇ, ਬਹੁ-ਪਾਰਟੀ ਜਮਹੂਰੀਅਤ, ਨੂੰ ਅੱਗੇ ਵਧਾਉਣ ਦੇ ਵੀ ਸਮਰੱਥ ਹੋ ਜਾਣਗੇ, ਜੋ ਕਿ ਰੂਸ ਦੀ ਸਭ ਤੋਂ ਵੱਡੀ ਸਮੱਸਿਆ ਦਾ ਹੱਲ ਹੋ ਸਕਦੀ ਹੈ। ਇਹ ਭ੍ਰਿਸ਼ਟ ਅਤੇ ਸਰਬ-ਸ਼ਕਤੀਮਾਨ ਨੌਕਰਸ਼ਾਹੀ ਹੀ ਹੈ, ਜਿਹੜੀ ਕਿ ਆਰਥਿਕ ਵਿਕਾਸ ਵਿਚ ਰੁਕਾਵਟ ਬਣਦੀ ਹੈ।

ਸ਼੍ਰੀ ਪੁਤਿਨ ਦੇ ਅਧੀਨ ਨੌਕਰਸ਼ਾਹੀ ਨੇ ਨਾਟਕੀ ਤੌਰ ਉੱਤੇ ਸ਼ਕਤੀ ਅਤੇ ਸਰਬ-ਸ਼ਕਤੀ ਮਾਨਤਾ ਪ੍ਰਾਪਤ ਕਰ ਲਈ ਹੈ, ਕਿਉਂਕਿ ਉਨ੍ਹਾਂ ਨੇ ਸੰਘੀ ਕੇਂਦਰ ਦਾ ਪ੍ਰਾਂਤਾਂ ਉੱਤੇ ਅਧਿਕਾਰ ਬਹਾਲ ਕਰਨ ਲਈ ਹੰਭਲਾ ਮਾਰਿਆ ਸੀ ਅਤੇ ਵੱਖਵਾਦ ਨੂੰ ਨੱਥ ਪਾਉਣ ਦਾ ਯਤਨ ਕੀਤਾ ਸੀ, ਜਿਹੜਾ ਕਿ ਯੇਲਤਸਿਨ ਵੇਲੇ ਤੇਜ਼ੀ ਨਾਲ ਪ੍ਰਫੁੱਲਤ ਹੋਇਆ ਸੀ। ਦੋ ਸਾਲ ਪਹਿਲਾਂ ਉਨ੍ਹਾਂ ਰਾਸ਼ਟਰ ਦੀ ਸਥਿਤੀ ਬਾਰੇ ਆਪਣੇ ਸੰਬੋਧਨ ਵਿਚ ਬਹੁ-ਪੱਖੀ ਨਾਗਰਿਕ ਸੇਵਾ ਨੂੰ ''ਇਕ ਅਜਿਹੀ ਬੰਦ ਅਤੇ ਘੁਮੰਡੀ ਜਾਤੀ ਕਿਹਾ ਸੀ, ਜਿਹੜੀ ਕਿ ਰਾਜ ਸੇਵਾ ਨੂੰ ਕੇਵਲ ਇਕ ਤਰ੍ਹਾਂ ਦਾ ਕਾਰੋਬਾਰ ਹੀ ਸਮਝਦੀ ਹੈ।''

ਰੂਸੀ ਰਾਸ਼ਟਰਪਤੀ ਨੇ ਇਹ ਵਚਨ ਦਿੱਤਾ ਸੀ, ''ਸਾਡੀ ਇਹ ਕੋਈ ਯੋਜਨਾ ਨਹੀਂ ਹੈ ਕਿ ਅਸੀਂ ਦੇਸ਼ ਦੀ ਵਾਗਡੋਰ ਇਕ ਅਕੁਸ਼ਲ ਅਤੇ ਭ੍ਰਿਸ਼ਟ ਨੌਕਰਸ਼ਾਹੀ ਦੇ ਹਵਾਲੇ ਕਰ ਦੇਈਏ।'' ਵੱਡੀਆਂ ਰਾਜ ਨਿਯੰਤਰਤ ਕਾਰਪੋਰੇਸ਼ਨਾਂ ਦੇ ਆਪਣੇ ਵਿਸ਼ਵਾਸ-ਪਾਤਰਾਂ ਨੂੰ ਇੰਚਾਰਜ ਬਣਾ ਕੇ ਉਨ੍ਹਾਂ ਆਰਥਕ ਆਧੁਨਿਕੀਕਰਨ ਦੇ ਰਸਤੇ ਵਿਚ ਆਉਂਦੀਆਂ ਨੌਕਰਸ਼ਾਹੀ ਰੁਕਾਵਟਾਂ ਉੱਤੇ ਕਾਬੂ ਪਾਉਣ ਦੇ ਯਤਨ ਤਾਂ ਕੀਤੇ ਸਨ, ਪਰ ਇਸ ਨੇ ਕਰੈਮਲਿਨ ਅੰਦਰ ਮੁਕਾਬਲੇ ਦੇ ਸੱਤਾ ਕਬੀਲਿਆਂ ਨੂੰ ਜਨਮ ਦੇ ਦਿੱਤਾ ਸੀ। ਉਨ੍ਹਾਂ ਦੀ ਅਸਾਸਿਆਂ ਅਤੇ ਪ੍ਰਭਾਵ ਦੀ ਲੜਾਈ ਕਰੈਮਲਿਨ ਦੀਆਂ ਦੀਵਾਰਾਂ ਤੋਂ ਬਾਹਰ ਸੁਣਾਈ ਦੇਣ ਲੱਗੀ ਸੀ, ਜਿਸ ਨਾਲ ਸ਼੍ਰੀ ਪੁਤਿਨ ਦੀ ਸੇਵਾ-ਮੁਕਤੀ ਤੋਂ ਬਾਅਦ ਅਸਥਿਰਤਾ ਦਾ ਇੱਕ ਹਕੀਕੀ ਖ਼ਤਰਾ ਪੈਦਾ ਹੋ ਸਕਦਾ ਹੈ। ਇਸ ਨਾਲ ਰਾਸ਼ਟਰਪਤੀ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਜੇ ਇਸ ਮਾਰੂ ਅਮਲ ਨੂੰ ਰੋਕਣਾ ਹੈ ਤਾਂ ਸਿਆਸੀ ਮੁਕਾਬਲੇਬਾਜ਼ੀ ਨੂੰ ਉਤਸ਼ਾਹਤ ਕਰਨਾ ਹੋਵੇਗਾ।

''2008 ਤੋਂ ਬਾਅਦ ਰੂਸ ਉੱਤੇ ਹਕੂਮਤ ਕਿਵੇਂ ਕੀਤੀ ਜਾਵੇ, ਮੈਂ ਇਸ ਬਾਰੇ ਕਾਫ਼ੀ ਸੋਚਦਾ ਰਿਹਾ ਹਾਂ। ਮੈਨੂੰ ਦੇਸ਼ ਦੇ ਸਥਿਰ ਵਿਕਾਸ ਦੀ ਸਮੱਸਿਆ ਦਾ ਹੱਲ ਸਿਵਾਏ ਜਮਹੂਰੀਅਤ ਅਤੇ ਬਹੁਦਲੀ ਪ੍ਰਣਾਲੀ ਤੋਂ ਹੋਰ ਕੋਈ ਨਜ਼ਰ ਨਹੀਂ ਆਉਂਦਾ।'' ਸ਼੍ਰੀ ਪੁਤਿਨ ਨੇ ਅਕਾਦਮੀਸ਼ਨਾਂ ਦੀ ਵਾਲਦਾਈ ਕਲੱਬ ਦੇ ਸਾਹਮਣੇ ਉਪਰੋਕਤ ਗੱਲ ਕਹੀ ਸੀ। ਉਨ੍ਹਾਂ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਦੋ-ਦਲੀ ਪ੍ਰਣਾਲੀ ਦੇ ਹੱਕ ਵਿਚ ਹਨ। ਜੇ ਯੂਨਾਈਟਿਡ ਰਸ਼ੀਆ ਲੋਕਾਂ ਦੀਆਂ ਆਸਾਂ ਉੱਤੇ ਪੂਰਾ ਉਤਰਨ ਵਿਚ ਅਸਫਲ ਸਿੱਧ ਹੁੰਦਾ ਹੈ, ਤਾਂ ਜਸਟ ਰਸ਼ੀਆ ਜਾਂ ਕੋਈ ਹੋਰ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਹਕੂਮਤ ਸੰਭਾਲ ਸਕਦੀ ਹੈ।

ਸੰਸਦੀ ਪ੍ਰਣਾਲੀ ਬਾਰੇ ਸ਼੍ਰੀ ਪੁਤਿਨ ਦਾ ਦੂਰ-ਮੁੱਦਤੀ ਦ੍ਰਿਸ਼ਟੀਕੋਣ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ''ਕੋਈ ਇਕ ਦਹਾਕੇ ਦੇ ਕਰੀਬ ਲੱਗ ਸਕਦਾ ਹੈ ਸਧਾਰਨ ਸਿਆਸੀ ਪਾਰਟੀਆਂ ਨੂੰ ਉੱਭਰਨ ਵਿਚ। ਇਕ ਮੱਧ-ਮੁੱਦਤੀ ਇਤਿਹਾਸ ਪਰਿਪੇਖ ਵਿਚ ਰੂਸ ਨੂੰ ਇਕ ਮਜ਼ਬੂਤ ਰਾਸ਼ਟਰਪਤੀ ਦੀ ਪਦਵੀ ਦੀ ਵੀ ਲੋੜ ਪਵੇਗੀ।''

ਸ਼੍ਰੀ ਪੁਤਿਨ ਅਨੁਸਾਰ ਜੋ ਕੁਝ ਤੁਰੰਤ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ, ਉਹ ਇਹ ਕਿ ਸੱਤਾ ਦਾ ਵਿਕੇਂਦਰੀਕਰਨ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ, ''ਮੇਰੀ ਚਿੰਤਾ ਇਹ ਹੈ ਕਿ ਅੱਜ ਬਹੁਤ ਕੁਝ ਇਕ ਆਦਮੀ (ਰਾਸ਼ਟਰਪਤੀ) ਉੱਤੇ ਹੀ ਨਿਰਭਰ ਹੈ। ਇਸੇ ਲਈ ਮੈਂ ਸੱਤਾ ਦਾ ਵਿਕੇਂਦਰੀਕਰਨ ਕਰਨਾ ਚਾਹੁੰਦਾ ਹਾਂ।'' ਸ਼੍ਰੀ ਪੁਤਿਨ ਦੀ ਯੂਨਾਈਟਿਡ ਰਸ਼ੀਆ ਦੀ ਅਗਵਾਈ ਸੱਤਾ ਨੂੰ ਰਾਸ਼ਟਰਪਤੀ ਤੋਂ ਪਾਰਲੀਮੈਂਟ ਤੱਕ ਮੁੰਤਕਿਲ ਕਰਨ ਵਿਚ ਸਹਾਈ ਹੋ ਸਕਦੀ ਹੈ। ਸੰਵਿਧਾਨ ਸੰਸਦ ਨੂੰ ਕਾਰਜਕਾਰੀ ਨਾਲ ਸੰਤੁਲਨ ਕਾਇਮ ਕਰਨ ਲਈ ਕਾਫ਼ੀ ਸ਼ਕਤੀਆਂ ਪ੍ਰਦਾਨ ਕਰਦਾ ਹੈ। ਰਾਜ ਡੂਮਾ (ਸੰਸਦ) ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੀਆਂ ਨਿਯੁਕਤੀਆਂ ਨੂੰ ਪ੍ਰਵਾਨਗੀ ਦੇਂਦੀ ਹੈ, ਬਜਟ ਸਵੀਕਾਰ ਕਰਦੀ ਹੈ ਅਤੇ ਰਾਸ਼ਟਰਪਤੀ ਉੱਤੇ ਮਹਾਂਦੋਸ਼ ਲਗਾ ਸਕਦੀ ਹੈ।

ਹੁਣ ਤੱਕ ਬਹੁਮਤ ਉੱਪਰ ਕਰੈਮਲਿਨ ਦਾ ਕੰਟਰੋਲ ਹੁੰਦਾ ਸੀ। ਜਿਉਂ ਹੀ ਇਹ ਕੰਟਰੋਲ ਸਾਬਕਾ ਰਾਸ਼ਟਰਪਤੀ ਦੇ ਹੱਥ ਜਾਂਦਾ ਹੈ, ਵਿਧਾਨ ਮੰਡਲ ਸੱਤਾ ਦੀ ਇਕ ਸੁਤੰਤਰ ਇਕਾਈ ਬਣ ਜਾਏਗਾ। ਇਸ ਨਾਲ ਰੂਸ ਦੀ ਸਾਰੀ ਸੱਤਾ-ਬਣਤਰ ਨਵਾਂ ਰੂਪ ਲੈ ਲਵੇਗੀ ਅਤੇ ਹੁਕਮਰਾਨ ਪਾਰਟੀ ਵਿਚ ਪ੍ਰਵਾਨਗੀ ਦੀ ਪਦਵੀ ਸ਼੍ਰੀ ਪੁਤਿਨ ਲਈ ਇਕ ਸੰਪੂਰਨ ਮੰਚ ਹੋਵੇਗੀ।

# ਰਾਮ ਸੇਤੂ ਨੂੰ ਕੌਮੀ ਵਿਰਾਸਤ ਐਲਾਨਣ ਦੀ ਮੰਗ ਉਠੀ

**ਨਵੀਂ ਦਿੱਲੀ :** ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜਨਰਲ ਸਕੱਤਰ ਪ੍ਰਵੀਨ ਤੋਗੜੀਆ ਨੇ ਲੰਘੀ 30 ਦਸੰਬਰ ਨੂੰ ਸਰਕਾਰ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਰਾਮ ਸੇਤੂ ਨੂੰ ਇਤਿਹਾਸਕ ਕੌਮੀ ਵਿਰਾਸਤ ਅਤੇ ਰਮੇਸ਼ਵਰਮ ਨੂੰ ਪਵਿੱਤਰ ਸ਼ਹਿਰ ਨਾ ਐਲਾਨਿਆਂ ਤਾਂ ਦੇਸ਼ ਵਿਆਪੀ ਅੰਦੋਲਨ ਛੇੜਿਆ ਜਾਵੇਗਾ।

ਇਥੇ ਸਵਰਨ ਜਯੰਤੀ ਪਾਰਕ ਵਿਖੇ ਰਮੇਸ਼ਵਰਮ ਰਾਮ ਸੇਤੂ ਰਕਸ਼ਾ ਮਹਾਸੰਮੇਲਨ ਦੌਰਾਨ ਇਕ ਪਾਸ ਕੀਤੇ ਮਤੇ ਵਿਚ ਸਰਕਾਰ ਨੂੰ 16 ਜਨਵਰੀ ਤੱਕ ਮੰਗਾਂ ਦੀ ਪੂਰਤੀ ਲਈ ਅਲਟੀਮੇਟਮ ਦਿੱਤਾ ਗਿਆ । ਮਹਾਂਸੰਮੇਲਨ ਵਿਚ ਦੇਸ਼ ਭਰ ਤੋਂ ਆਏ 6 ਲੱਖ ਤੋਂ ਵੀ ਵਧ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਤੋਗੜੀਆ ਨੇ ਕਿਹਾ ਕਿ ਰਾਮ ਸੇਤੂ ਨੂੰ ਖਤਮ ਕਰਨ ਨਾਲ ਬਾਰਾਸਤਾ ਸ੍ਰੀਲੰਕਾ ਇੰਡੋਨੇਸ਼ੀਆ ਅਤੇ ਮਲੇਸ਼ੀਆ ਤੋਂ ਨਿਪਾਲ ਤੱਕ ਸਰਗਰਮ ਅੱਤਵਾਦੀਆਂ ਦੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ. ਐਸ. ਆਈ. ਨਾਲ ਸੰਪਰਕ ਨੂੰ ਦੇਖਦੇ ਹੋਏ ਸਮੁੱਚੀ ਦੱਖਣੀ ਅਤੇ ਦੱਖਣੀ ਪੂਰਬੀ ਤੱਟੀ ਰੇਖਾ ਰਾਹੀਂ ਦੇਸ਼ ਦੀ ਸੁਰੱਖਿਆ ਨੂੰ ਗੰਭੀਰ ਖਤਰਾ ਪੈਦਾ ਹੋ ਜਾਵੇਗਾ।

ਉਨ੍ਹਾਂ ਯੂ. ਪੀ. ਏ. ਸਰਕਾਰ ਦੇ ਇਸ ਦਾਅਵੇ ਦਾ ਖਿਲੀ ਉਡਾਈ ਕਿ ਇਸ ਪ੍ਰਾਜੈਕਟ ਨਾਲ 10 ਹਜ਼ਾਰ ਨੌਕਰੀਆਂ ਪੈਦਾ ਹੋਣਗੀਆਂ। ਉਨ੍ਹਾਂ ਕਿਹਾ ਕਿ ਅਸਲ ਗੱਲ ਤਾਂ ਇਹ ਹੈ ਕਿ ਇਸ ਪ੍ਰਾਜੈਕਟ ਨਾਲ 10 ਲੱਖ ਮਛੇਰਿਆਂ ਦੀ ਰੋਜ਼ੀ ਰੋਟੀ ਮਰ ਜਾਵੇਗੀ। ਉਨ੍ਹਾਂ ਕਿਹਾ ਕਿ ਸੇਤੂਸਮੁੰਦਰਨ ਸ਼ਿਪਿੰਗ ਕਨਾਲ ਦੀ ਉਸਾਰੀ ਅਸਲ ਵਿਚ ਸਰਕਾਰ ਦੀ ਘੱਟਗਿਣਤੀਆਂ ਨੂੰ ਖ਼ੁਸ਼ ਕਰਕੇ ਵੋਟਾਂ ਵਟੋਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਇਹ ਸੁਨੇਹਾ ਫੈਲਾਉਣ ਵਾਲੇ ਲੋਕਾਂ 'ਚ ਸ਼ਾਮਿਲ ਗਰੁੱਪਾਂ ਦੀ ਅਲੋਚਨਾ ਕੀਤੀ ਕਿ ਹਿੰਦੂ ਵਿਕਾਸ ਦੇ ਵਿਰੁਧ ਹਨ।

ਇਸ ਤਰ੍ਹਾਂ ਦੇ ਗਰੁੱਪਾਂ ਨੇ ਦੂਸਰੇ ਧਾਰਮਿਕ ਢਾਂਚਿਆਂ ਜਾਂ ਮੁੱਦਿਆਂ ਦੇ ਵਿਕਾਸ ਬਾਰੇ ਕਦੇ ਕੋਈ ਸਵਾਲ ਨਹੀਂ ਉਠਾਇਆ। ਉਦਾਹਰਣ ਦੇ ਤੌਰ 'ਤੇ ਕੁਤਬ ਮਿਨਾਰ ਨੂੰ ਬਚਾਉਣ ਲਈ ਮੈਟਰੋ ਰੇਲ ਗੱਡੀ ਦਾ ਰੂਟ ਘੁਮਾਉਣਾ ਪਿਆ ਜਿਸ ਲਈ ਵਾਧੂ ਲਾਗਤ ਆਈ। ਇਸੇ ਤਰ੍ਹਾਂ ਮੁੰਬਈ ਦੇ ਬਾਂਦਰਾ ਇਲਾਕੇ 'ਚ ਹਾਜੀ ਅਲੀ ਨੂੰ ਬਚਾਉਣ ਲਈ ਵਰਲੀ ਸਮੁੰਦਰੀ ਪੁਲ ਦਾ ਰਸਤਾ ਬਦਲਿਆ ਗਿਆ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਨੇ ਸਵਾਲ ਉਠਾਇਆ ਕਿ ਜੇਕਰ ਹਿੰਦੂਵਾਦ ਅਤੇ ਵਿਕਾਸ ਇਕੱਠੇ ਨਹੀਂ ਚੱਲ ਸਕਦੇ ਤਾਂ ਭਾਰਤ ਵਿਚ ਇਸਲਾਮ ਤੋਂ ਪਹਿਲਾਂ ਅਤੇ ਸਾਮਰਾਜਵਾਦੀ ਸ਼ਾਸਨ ਤੋਂ ਪੂਰਵ ਕਿਸੇ ਕਿਸਾਨ ਨੇ ਆਤਮਹੱਤਿਆ ਕਿਉਂ ਨਹੀਂ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਆਰ ਐਸ ਐਸ ਦੇ ਨੇਤਾ ਕੇ ਐਸ ਸੁਦਰਸ਼ਨ ਨੇ ਸਰਕਾਰ ਨੂੰ ਰਾਮਸੇਤੂ ਪ੍ਰਾਜੈਕਟ 'ਤੇ ਅੱਗੇ ਵਧਣ ਤੋਂ ਸਾਵਧਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨਾਲ ਤਾਮਿਲਨਾਡੂ ਅਤੇ ਕੇਰਲਾ ਦੇ ਤੱਟੀ ਇਲਾਕਿਆਂ 'ਚ ਰਹਿ ਰਹੇ ਲੋਕਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ।

ਉਨ੍ਹਾਂ ਦਾਅਵਾ ਕੀਤਾ ਕਿ ਕੇਵਲ ਹਿੰਦੂ ਹੀ ਨਹੀਂ ਮੁਸਲਮਾਨ ਅਤੇ ਇਸਾਈ ਵੀ ਇਸ ਪ੍ਰਾਜੈਕਟ ਦਾ ਵਿਰੋਧ ਕਰ ਰਹੇ ਹਨ। ਆਰ ਐਸ ਐਸ ਦੇ ਮੁਖੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਕਿ ਉਹ ਪ੍ਰਾਜੈਕਟ ਪੂਰਾ ਕਰਨ ਲਈ ਡੀ. ਐਮ. ਕੇ. ਦੇ ਦਬਾਅ ਅੱਗੇ ਗੋਡੇ ਨਾ ਟੇਕੇ। ਰੈਲੀ ਵਿਚ ਭਾਜਪਾ ਪ੍ਰਧਾਨ ਰਾਜਨਾਥ ਸਿੰਘ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਛਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ, ਭਾਜਪਾ ਦੇ ਜਨਰਲ ਸਕੱਤਰ ਅਰੁਨ ਜੇਤਲੀ ਅਤੇ ਸੀਨੀਅਰ ਨੇਤਾ ਸੁਸ਼ਮਾ ਸਵਰਾਜ ਮੌਜੂਦ ਸਨ। ਭਾਜਪਾ ਨੇਤਾ ਅਟਲ ਬਿਹਾਰੀ ਵਾਜਪਾਈ ਨੇ ਰੈਲੀ ਦੀ ਸਫਲਤਾ ਲਈ ਆਯੋਜਕਾਂ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਭੇਜੀਆਂ।

# ਪਾਕਿ ਮੈਰਿਜ ਐਕਟ ਦਿੱਲੀ ਕਮੇਟੀ ਨੇ ਤਿਆਰ ਕੀਤਾ

**ਨਵੀਂ ਦਿੱਲੀ :** ਪਾਕਿਸਤਾਨ 'ਚ ਛੇਤੀ ਹੀ ਲਾਗੂ ਹੋਣ ਜਾ ਰਹੇ ਸਿੱਖ ਮੈਰਿਜ ਐਕਟ ਮੁਤਾਬਕ ਦੂਜੇ ਧਰਮ ਦੇ ਲੜਕੇ ਅਤੇ ਲੜਕੀ ਨੂੰ ਤਦ ਹੀ ਸਵੀਕਾਰਿਆ ਜਾਵੇਗਾ, ਜਦੋਂ ਉਹ ਸਿੱਖ ਧਰਮ ਅਪਣਾ ਲੈਣਗੇ। ਇਸ ਐਕਟ ਨੂੰ ਭਾਰਤ 'ਚ ਤਿਆਰ ਕੀਤਾ ਗਿਆ ਹੈ। ਇਸ ਨੂੰ ਤਿਆਰ ਕਰਨ 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਈ ਸਿੱਖ ਵਿਦਵਾਨਾਂ, ਸਾਬਕਾ ਜੱਜਾਂ ਅਤੇ ਵਕੀਲਾਂ ਨੇ ਖ਼ਾਸ ਭੂਮਿਕਾ ਨਿਭਾਈ ਹੈ। ਦਿੱਲੀ

## ਸਰਨੇ ਦੀਆਂ ਫੜ੍ਹਾਂ

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੋਸ਼ਿਸ਼ ਇਹ ਹੈ ਕਿ ਇਸ ਨੂੰ ਹੁਣ ਇੱਥੇ ਵੀ ਲਾਗੂ ਕਰ ਦਿੱਤਾ ਜਾਵੇ।

ਪਾਕਿਸਤਾਨ ਤੋਂ ਵਾਪਸ ਪਰਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦੱਸਿਆ ਕਿ ਦਰਅਸਲ ਪਾਕਿਸਤਾਨ ਦੀ ਸਰਕਾਰ ਨੇ ਉਥੋਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਤਰ੍ਹਾਂ ਦਾ ਐਕਟ ਤਿਆਰ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਐਕਟ ਬਣਾਉਣ ਦੀ ਬੇਨਤੀ ਕੀਤੀ। ਪਾਕਿਸਤਾਨ ਦੇ ਕਾਨੂੰਨ ਮੰਤਰੀ ਸਈਅਦ ਅਫ਼ਜ਼ਲ ਅਲੀ ਨੇ ਸਰਨਾ ਨੂੰ ਦੱਸਿਆ ਕਿ ਪਾਕਿਸਤਾਨ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀ ਰਸਮੀਂ ਮਨਜ਼ੂਰੀ ਤੋਂ ਬਾਅਦ ਇਹ ਐਕਟ ਉੱਥੇ ਲਾਗੂ ਹੋ ਜਾਵੇਗਾ। ਨਵੇਂ ਐਕਟ ਬਾਰੇ ਸਰਨਾ ਨੇ ਦੱਸਿਆ ਕਿ 1909 'ਚ ਬਣੇ ਇਕ ਪੇਜ ਦੇ ਆਨੰਦ ਮੈਰਿਜ ਐਕਟ 'ਚ ਸਿਰਫ਼ ਸਿੱਖ ਵਿਆਹ ਦੇ ਰਸਮਾਂ ਦੀ ਗੱਲ ਹੀ ਕਹੀ ਗਈ ਸੀ। ਲੇਕਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਸਤਾਵਿਤ 24 ਪੇਜ ਦੇ ਐਕਟ 'ਚ ਸਾਰੀਆਂ ਗੱਲਾਂ ਦੀ ਰੂਪ ਰੇਖਾ ਵਿਸਥਾਰ 'ਚ ਦੱਸੀ ਗਈ ਸੀ। ਇਸ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ 'ਚ ਸਿੱਖ ਦੀ ਪਰਿਭਾਸ਼ਾ ਨੂੰ ਸਾਫ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਿੱਖ ਪਰਿਵਾਰਾਂ ਦੁਆਰਾ ਬੱਚਾ ਗੋਦ ਲੈਣਾ, ਉਤਰਾਧਿਕਾਰ, ਵਿਰਾਸਤ ਅਤੇ ਤਲਾਕ ਦੇ ਮਾਮਲਿਆਂ 'ਚ ਕੀ ਵਿਵਸਥਾ ਹੋਵੇ, ਇਸ ਦਾ ਜ਼ਿਕਰ ਵੀ ਕੀਤਾ ਗਿਆ ਹੈ। ਸਰਨਾ ਮੁਤਾਬਕ ਪ੍ਰਸਤਾਵਿਤ ਐਕਟ 'ਚ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਦੂਜੇ ਧਰਮ ਦੇ ਲੜਕੇ ਅਤੇ ਲੜਕੀ ਨੂੰ ਤਦ ਹੀ ਸਵੀਕਾਰਿਆ ਜਾਵੇਗਾ, ਜੇਕਰ ਉਹ ਸਿੱਖ ਧਰਮ ਅਪਣਾ ਲੈਣਗੇ।



ਪ੍ਰਮਜੀਤ ਸਿੰਘ ਸਰਨਾ

ਇਸ ਬਾਰੇ ਸੀਨੀਅਰ ਐਡਵੋਕੇਟ ਜਨਰਲ ਐਚ ਐਸ ਫੂਲਕਾ ਨੇ ਦੱਸਿਆ ਕਿ ਬ੍ਰਿਟਿਸ਼ ਸ਼ਾਸਨ ਦੌਰਾਨ ਅਨੰਦ ਮੈਰਿਜ ਐਕਟ ਨੂੰ ਨਾਭਾ ਦੇ ਮਹਾਰਾਜਾ ਰਿਪਦੁਮਨ ਸਿੰਘ ਦੀ ਕੋਸ਼ਿਸ਼ ਸਦਕਾ ਤਿਆਰ ਕੀਤਾ ਗਿਆ ਸੀ। ਇਸ ਵਿਚ ਕੇਵਲ ਪੰਜ ਧਾਰਾਵਾਂ ਹੀ ਹਨ, ਲੇਕਿਨ ਪ੍ਰਸਤਾਵਿਤ ਮੈਰਿਜ ਐਕਟ 'ਚ ਹਰੇਕ ਗੱਲ ਦਾ ਵਿਸਤਾਰ ਨਾਲ ਜ਼ਿਕਰ ਕੀਤਾ ਗਿਆ ਹੈ। ਨਵੇਂ ਐਕਟ ਦੀ ਰੂਪ ਰੇਖਾ ਤਿਆਰ ਕਰਨ ਵਾਲਿਆਂ ਬਾਰੇ ਜਾਣਕਾਰੀ ਦਿੰਦਿਆਂ ਸਰਨਾ ਨੇ ਦੱਸਿਆ ਕਿ ਇਸ ਐਕਟ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਮੁਖੀ, ਸਾਬਕਾ ਆਈ ਏ ਐਸ ਗੁਰਤੇਗ ਸਿੰਘ ਅਤੇ ਚੰਡੀਗੜ੍ਹ ਦੇ ਸੀਨੀਅਰ ਵਕੀਲ ਮਨਜੀਤ ਸਿੰਘ ਖੇੜਾ ਦੀ ਟੀਮ ਨੇ ਮਿਲ ਕੇ ਤਿਆਰ ਕੀਤਾ ਹੈ।

ਸੀਨੀਅਰ ਵਕੀਲ ਕੇ ਟੀ ਐਸ ਤੁਲਸੀ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਕੁਲਦੀਪ ਸਿੰਘ ਸਮੇਤ ਇਸ ਐਕਟ 'ਤੇ ਸਿੱਖ ਭਾਈਚਾਰੇ ਨਾਲ ਜੁੜੇ ਤਮਾਮ ਕਾਨੂੰਨੀ ਮਾਹਿਰਾਂ ਅਤੇ ਸਾਬਕਾ ਜੱਜਾਂ ਦੀ ਰਾਏ ਲੈਣ ਤੋਂ ਬਾਅਦ ਹੀ ਇਸ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਡੀ ਐਸ ਜੀ ਸੀ ਦੇ ਜਨਰਲ ਸਕੱਤਰ ਬਲਬੀਰ ਸਿੰਘ ਵਿਵੇਕ ਬਿਹਾਰ ਦਾ ਕਹਿਣਾ ਹੈ ਕਿ ਇਸ ਐਕਟ ਨਾਲ ਸਿੱਖ ਭਾਈਚਾਰੇ ਨੂੰ ਉਸੇ ਤਰ੍ਹਾਂ ਫਾਇਦਾ ਹੋਵੇਗਾ, ਜਿਸ ਤਰ੍ਹਾਂ ਪਿਛਲੇ ਦਿਨਾਂ 'ਚ ਵਿਆਹ ਕਰਾਉਣ ਦਾ ਕਾਨੂੰਨ ਲਾਗੂ ਹੋਣ ਨਾਲ ਹੋਇਆ ਹੈ।

# ਨਵੀਂ ਹਲਕਾਬੰਦੀ ਤੋਂ ਸਾਰੇ ਸਿਆਸਤਦਾਨ ਨਾਖੁਸ਼ : ਜਸਟਿਸ ਕੁਲਦੀਪ ਸਿੰਘ

**ਨਵੀਂ ਦਿੱਲੀ :** ਅਗਲੀਆਂ ਲੋਕ ਸਭਾ ਚੋਣਾਂ ਨਵੀਂ ਹਲਕਾਬੰਦੀ ਮੁਤਾਬਕ ਕਰਾਈਆਂ ਜਾਣਗੀਆਂ। ਉਂਜ ਇਸ ਕਵਾਇਦ ਤੋਂ ਬਹੁਤ ਸਾਰੇ ਸਿਆਸਤਦਾਨਾਂ ਦੇ ਮੂੰਹ ਪਹਿਲਾਂ ਹੀ ਮੋਟੇ ਹੋ ਗਏ ਹਨ।

ਹਲਕਾਬੰਦੀ ਕਮਿਸ਼ਨ ਦੇ ਮੁਖੀ ਜਸਟਿਸ ਕੁਲਦੀਪ ਸਿੰਘ ਨੇ ਮੰਨਿਆ ਕਿ ਉਨ੍ਹਾਂ ਲਗਭਗ ਤਿੰਨ ਸਾਲ ਅਣਥੱਕ ਕੰਮ ਕਰ ਕੇ ਹਲਕੇ ਮੁੜ ਨਿਰਧਾਰਤ ਕਰਨ ਬਾਰੇ ਰਿਪੋਰਟ ਤਿਆਰ ਕੀਤੀ ਸੀ। ਉਨ੍ਹਾਂ ਕਿਹਾ ਕਿ ਹਲਕਿਆਂ 'ਚ ਰੱਦੋਬਦਲ ਹੋਣ ਨਾਲ ਕੁਝ ਸਿਆਸਤਦਾਨ ਨਾਖੁਸ਼ ਹੋ ਸਕਦੇ ਹਨ।

ਪਰ ਕੁੱਲ ਮਿਲਾ ਕੇ ਬਹੁਤੀਆਂ ਸਿਆਸੀ ਪਾਰਟੀਆਂ ਨੇ ਇਸ ਕਵਾਇਦ ਦਾ ਵਿਰੋਧ ਨਹੀਂ ਕੀਤਾ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਨੇ ਕਿਹਾ, ''ਜੇ ਸਰਕਾਰ ਜਨਵਰੀ ਦੇ ਅਖੀਰ ਜਾਂ ਫਰਵਰੀ ਦੇ ਸ਼ੁਰੂ ਵਿਚ ਨੋਟੀਫਾਈ ਕਰ ਦੇਵੇ ਤਾਂ ਹਰੇਕ ਚੋਣ ਨਵੀਂ ਹਲਕਾਬੰਦੀ ਤਹਿਤ ਹੀ ਹੋਵੇਗੀ।'' ਜਦੋਂ ਉਨ੍ਹਾਂ ਤੋਂ ਇਹ ਪੁੱਛਿਆ ਗਿਆ ਕਿ ਜੇ ਆਮ ਚੋਣਾਂ ਅਗੇਤੀਆਂ ਹੋ ਗਈਆਂ ਤਾਂ ਵੀ ਕੀ ਨਵੀਂ ਹਲਕਾਬੰਦੀ ਅਮਲ 'ਚ ਲਿਆਂਦੀ ਜਾ ਸਕਦੀ ਹੈ ਤਾਂ ਉਨ੍ਹਾਂ ਕਿਹਾ ਕਿ ਸਭ ਕੁਝ ਸਰਕਾਰ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਵਲੋਂ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਚੋਣ ਕਮਿਸ਼ਨ ਨੂੰ ਵੋਟਰ ਸੂਚੀਆਂ ਤਿਆਰ ਕਰਨੀਆਂ ਪੈਣਗੀਆਂ ਅਤੇ ਇਸ ਕਵਾਇਦ ਲਈ ਤਿੰਨ ਤੋਂ ਚਾਰ ਮਹੀਨੇ ਲੱਗ ਸਕਦੇ ਹਨ। ''ਚੋਣ ਕਮਿਸ਼ਨ ਬੜਾ ਕੁਸ਼ਲ ਹੈ। ਇਹ ਕਰ ਲਵੇਗਾ।''

# ਸਹੁਰੇ ਨੂੰ ਮਾਰਨ ਲਈ ਭੇਜਿਆ ਕਾਤਲ ਕਾਬੂ

**ਲੁਧਿਆਣਾ :** ਲੁਧਿਆਣਾ ਪੁਲਿਸ ਨੇ ਕੈਨੇਡੀਅਨ ਜੁਆਈ ਵਲੋਂ ਲੁਧਿਆਣਾ ਰਹਿੰਦੇ ਸਹੁਰੇ ਨੂੰ ਜਾਨੋਂ ਮਰਵਾਉਣ ਲਈ ਭੇਜੇ ਉਸਦੇ ਕੈਨੇਡੀਅਨ ਮਿੱਤਰ ਤੇ ਭਾੜੇ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ 'ਚ ਲੰਘੀ 28 ਦਸੰਬਰ ਨੂੰ ਸਫਲਤਾ ਹਾਸਲ ਕਰ ਲਈ।

ਪੁਲਸ ਕੋਲ ਇਸ ਭਾੜੇ 'ਤੇ ਕਰਵਾਏ ਜਾਣ ਵਾਲੇ ਕਤਲ ਦਾ ਭੇਤ, ਜਮਾਲਪੁਰ ਸਥਿਤ ਇਕ ਢਾਬੇ 'ਤੇ ਉਨ੍ਹਾਂ ਦੀਆਂ ਗੱਲਾਂ ਸੁਣਨ ਵਾਲੇ ਪਿੰਡ ਮੁੰਡੀਆਂ ਦੇ ਗੁਰਦੀਪ ਸਿੰਘ ਨੇ ਖੋਲ੍ਹਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਰਣਫੂਲ ਸਿੰਘ ਜੋ ਪੰਜਾਬ ਰੋਡਵੇਜ਼ ਦੇ ਲੁਧਿਆਣਾ ਦਫਤਰ 'ਚ ਕਲਰਕ ਹੈ, ਦੀ ਧੀ ਪਵਨਜੋਤ ਕੌਰ ਦਾ ਵਿਆਹ ਸਾਲ 2004 'ਚ ਛਪਾਰ ਨੇੜਲੇ ਦਹਿਲੀਜ਼ ਖੁਰਦ ਦੇ ਕੈਨੇਡੀਅਨ ਲਾੜੇ ਵੀਰ ਹਰਿੰਦਰ ਸਿੰਘ ਨਾਲ ਹੋਇਆ ਸੀ। ਕਰੀਬ ਪੰਜ ਮਹੀਨੇ ਪਹਿਲਾਂ ਆਪਣੇ ਪਤੀ ਕੋਲ ਸਰੀ ਗਈ ਪਵਨਜੋਤ ਨੂੰ ਉੱਥੇ ਮੰਗਵਾਉਣ ਤੋਂ ਪਹਿਲਾਂ ਉਸਦੇ ਪਤੀ ਨੇ ਸਹੁਰੇ ਪਰਿਵਾਰ ਅੱਗੇ 30 ਲੱਖ ਰੁਪਏ ਨਗਦ ਦੇਣ ਦੀ ਸ਼ਰਤ ਰੱਖ ਦਿੱਤੀ ਸੀ।

ਪਰਿਵਾਰ ਵਲੋਂ ਉਸ ਮੌਕੇ ਪੈਸੇ ਬਾਅਦ 'ਚ ਦੇਣ ਦਾ ਲਾਰਾ ਲਾ ਕੇ ਕੁੜੀ ਨੂੰ ਕੈਨੇਡਾ ਤੋਰ ਦਿੱਤਾ ਗਿਆ ਸੀ। ਉੱਥੇ ਪੁੱਜਣ 'ਤੇ ਜਦੋਂ ਪੈਸਿਆਂ ਦੀ ਫਿਰ ਮੰਗ ਹੋਣ ਲੱਗੀ ਤਾਂ ਤੰਗ ਹੋ ਕੇ ਕੁੜੀ ਐਡਮਿੰਟਨ ਸਥਿਤ ਆਪਣੇ ਦਾਦੇ ਗੁਰਦਿਆਲ ਸਿੰਘ ਤੇ ਚਾਚੇ ਰਣਫੂਲ ਸਿੰਘ ਕੋਲ ਰਹਿਣ ਲੱਗ ਪਈ। ਕੈਨੇਡੀਅਨ ਜੁਆਈ ਨੇ ਹੱਥੋਂ ਪਤਨੀ ਵੀ ਜਾਣ ਤੇ ਪੈਸੇ ਵੀ ਨਾ ਮਿਲਣ 'ਤੇ ਲੁਧਿਆਣਾ ਲਾਗੇ ਮੁੰਡੀਆਂ 'ਚ ਰਹਿੰਦੇ ਸਹੁਰੇ ਨੂੰ ਹੀ ਪਾਰ ਬੁਲਾਉਣ ਦਾ ਮਤਾ ਪਕਾ ਲਿਆ।


**Business Commercial & Residential Properties**

ਕੀ ਤੁਸੀਂ ਬਿਜਨਸ ਵੇਚਣਾ ਚਾਹੁੰਦੇ ਹੋ ਜਾਂ ਫਿਰ ਇਕ ਹੋਰ ਬਿਜ਼ਨਸ ਖਰੀਦਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ।

**Gas Station**
- Available for sale in Northern California

**Liquor Stores**
- Available for sale in Northern California

**Conveninent Stores**
- Available for sale in Northern California

**Residential Properties**
- Available for sale in Northern California

*For More Information call :*
*Krishma or Jaswant*

*530-902-9571 or 530-701-2633*

**GNSK Consulting Inc.**


**PDA Loan Consulting Inc.**

ਅਸੀਂ ਵਿਸਕਾਨਸਿਨ, ਇਲੀਨਾਏ, ਇੰਡੀਆਨਾ, ਮਿਸ਼ੀਗਨ, ਆਇਓਆ, ਮਿਨੀਸੋਟਾ, ਕੈਨਟਕੀ ਵਿਚ ਗੈਸ ਸਟੇਸ਼ਨ, ਲਿਕਰ ਸਟੋਰ ਅਤੇ ਮੋਟਲ ਖਰੀਦਣ ਜਾਂ ਵੇਚਣ ਵਿਚ ਤੁਹਾਡੀ ਮਦਦ ਕਰ ਸਕਦੇ ਹਾਂ




No Credit? Bad Credit?? No Problem

Difficult Loans? No Problem



ਅਸੀਂ ਮੁਸ਼ਕਲ ਤੋਂ ਮੁਸ਼ਕਲ ਲੋਨ ਕਰਵਾ ਸਕਦੇ ਹਾਂ।

ਕਾਲ ਕਰੋ

ਹੈਪੀ ਸਿੰਘ ਹੀਰ : 630-205-6575

ਦੀਪਕ ਸ਼ਾਹ : 847-650-0104

E-mail : happyheer71@yahoo.com, deepak_shah@yahoo.com

# ਕਦੇ ਨਾ ਬੁੱਝੇ ਜਾਣ ਵਾਲੇ ਰਹੱਸ 'ਚ ਗੁਆਚ ਰਿਹੈ ਬੇਨਜ਼ੀਰ ਦਾ ਕਤਲ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

***ਇਸਲਾਮਾਬਾਦ* :** ਪਾਕਿਸਤਾਨ ਵਿਚ ਫੌਜੀ ਤਾਨਾਸ਼ਾਹੀ ਤੋਂ ਜਮਹੂਰੀਅਤ ਵਲ ਤਬਾਦਲੇ ਦਾ ਦੂਤ ਸਮਝੀ ਜਾ ਰਹੀ ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਬੀਬੀ ਬੇਨਜ਼ੀਰ ਭੁੱਟੋ ਦੀ ਹੱਤਿਆ ਦਾ ਰਹੱਸ ਹਰ ਆਏ ਦਿਨ ਹੋਰ ਡੂੰਘਾ ਹੁੰਦਾ ਵਿਖਾਈ ਦੇ ਰਿਹਾ ਹੈ। ਬੇਨਜ਼ੀਰ ਦੀ ਹੱਤਿਆ ਦੇ ਮਾਮਲੇ ਨੂੰ ਲੈ ਕੇ ਪਾਕਿਸਤਾਨੀ ਸਰਕਾਰ ਵਲੋਂ ਹਰ ਅਗਲੇ ਦਿਨ ਆਪਣੇ ਬਿਆਨ ਬਦਲੇ ਜਾ ਰਹੇ ਹਨ। ਇਕ ਦਿਨ ਬਿਆਨ ਆਉਂਦਾ ਹੈ ਕਿ ਉਸ ਦੀ ਹੱਤਿਆ ਕਾਤਿਲ ਵਲੋਂ ਨੇੜੇ ਤੋਂ ਗੋਲੀ ਚਲਾਉਣ ਨਾਲ ਹੋਈ। ਅਗਲੇ ਦਿਨ ਇਹ ਆਖ ਦਿੱਤਾ ਜਾਂਦਾ ਹੈ ਕਿ ਬੰਬ ਧਮਾਕੇ ਕਾਰਨ ਬੇਨਜ਼ੀਰ ਭੁੱਟੋ ਦਾ ਸਿਰ ਸਨਰੂਫ ਦੇ ਲੀਵਰ ਵਿਚ ਵੱਜਾ ਜਿਸ ਕਾਰਨ ਉਸ ਦੇ ਸਿਰ ਵਿਚ ਗੰਭੀਰ ਸੱਟ ਵਜਣ ਦੇ ਸਿੱਟੇ ਵਜੋਂ ਮੌਤ ਹੋਈ। ਅਗਲੇ ਦਿਨਾਂ ਵਿਚ ਫਿਰ ਟੈਲੀਵਿਜ਼ਨ ਚੈਨਲਾਂ ਦੀਆਂ ਕੁਝ ਵੀਡੀਓ ਫੁਟੇਜ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਵਿਚ ਇਹ ਦਰਸਾਇਆ ਜਾਂਦਾ ਹੈ ਕਿ ਬੇਨਜ਼ੀਰ ਭੁੱਟੋ ਦੀ ਹੱਤਿਆ ਅਸਲ ਵਿਚ ਗੋਲੀ ਲੱਗਣ ਨਾਲ ਹੀ ਹੋਈ ਹੈ, ਨਾ ਕਿ ਜਿਵੇਂ ਸਰਕਾਰ ਆਖ ਰਹੀ ਹੈ ਸਨਰੂਫ ਦੇ ਲੀਵਰ ਨਾਲ ਸਿਰ ਟਕਰਾਉਣ ਕਰਕੇ।

*ਯਾਦ ਰਹੇ ਰਾਵਲਪਿੰਡੀ ਦੇ ਲਿਆਕਤ ਬਾਗ ਵਿਚ ਹੋਈ ਪਾਕਿਸਤਾਨ ਪੀਪਲਜ਼ ਪਾਰਟੀ ਦੀ ਚੋਣ ਰੈਲੀ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਰਟੀ ਪ੍ਰਧਾਨ ਬੇਨਜ਼ੀਰ ਭੁੱਟੋ ਨੂੰ 4 ਮੋਟਰਸਾਈਕਲ ਸਵਾਰ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਅਤੇ ਰੈਲੀ ਵਾਲੀ ਥਾਂ 'ਤੇ ਹੋਏ ਆਤਮਘਾਤੀ ਧਮਾਕੇ ਕਾਰਨ 25 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਅਨੇਕਾਂ ਹੋਰ ਜ਼ਖ਼ਮੀ ਹੋ ਗਏ। ਇਸੇ ਦੌਰਾਨ ਪਾਕਿਸਤਾਨ ਦੇ ਦੂਸਰੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਕਾਫਲੇ 'ਤੇ ਕੀਤੀ ਗਈ ਅੰਧਾਧੁੰਦ ਗੋਲਾਬਾਰੀ ਕਾਰਨ 5 ਵਿਅਕਤੀ ਮਾਰੇ ਗਏ ਜਦੋਂ ਕਿ ਨਵਾਜ਼ ਸ਼ਰੀਫ ਵਾਲ-ਵਾਲ ਬਚ ਗਏ। ਬੇਨਜ਼ੀਰ ਦੀ ਹੱਤਿਆ ਦੇ ਮੱਦੇਨਜ਼ਰ ਦੇਸ਼ ਭਰ ਵਿਚ ਹਿੰਸਾ ਤੇ ਸਾੜਫੂਕ ਕੀਤੇ ਜਾਣ ਦੀ ਖ਼ਬਰ ਹੈ।*

ਇਥੇ ਜ਼ਿਕਰਯੋਗ ਹੈ ਕਿ ਬੇਨਜ਼ੀਰ ਭੁੱਟੋ ਦੀ ਹੱਤਿਆ ਤੋਂ ਬਾਅਦ ਪਾਕਿਸਤਾਨ ਦੀ ਇੰਟੀਰੀਅਰ ਮਨਿਸਟਰੀ ਦੇ ਬੁਲਾਰੇ ਬਰਗੇਡੀਅਰ ਜਾਵੇਦ ਇਕਬਾਲ ਚੀਮਾ ਨੇ ਆਪਣੇ ਇਕ ਬਿਆਨ ਵਿਚ ਕਿਹਾ ਸੀ ਕਿ ਸ੍ਰੀਮਤੀ ਬੇਨਜ਼ੀਰ ਭੁੱਟੋ ਦਾ ਸਿਰ ਬੰਬ ਧਮਾਕੇ ਕਾਰਨ ਉਸ ਦੀ ਗੱਡੀ ਦੇ ਸਨਰੂਫ ਦੇ ਖੱਬੇ ਲੀਵਰ ਨਾਲ ਜਾ ਵੱਜਾ ਸੀ, ਜਿਸ ਕਾਰਨ ਸਿਰ ਵਿਚ ਸੱਟ ਲੱਗਣ ਦੇ ਸਿੱਟੇ ਵਜੋਂ ਉਸ ਦੀ ਮੌਤ ਹੋਈ। ਪਰ ਉਸ ਨੇ ਨਾਲ ਹੀ ਕਿਹਾ ਕਿ ਸੱਟ ਬੇਨਜ਼ੀਰ ਦੇ ਸੱਜੀ ਪੁੜਪੁੜੀ ਵਿਚ ਲੱਗੀ। ਸਵਾਲ ਪੈਦਾ ਹੁੰਦਾ ਹੈ ਕਿ ਖੱਬੇ ਲੀਵਰ ਨਾਲ ਸੱਜੀ ਪੁੜਪੁੜੀ ਵਿਚ ਸੱਟ ਕਿਸ ਤਰ੍ਹਾਂ ਲੱਗ ਗਈ?

ਜਾਵੇਦ ਚੀਮਾ ਨੇ ਆਪਣੇ ਬਿਆਨ ਵਿਚ ਇਹ ਵੀ ਆਖਿਆ ਸੀ ਕਿ ਬੇਨਜ਼ੀਰ ਉੱਪਰ ਚਲਾਈਆਂ ਗਈਆਂ ਗੋਲੀਆਂ ਉਸ ਦੇ ਨਹੀਂ ਸਨ ਲੱਗੀਆਂ। ਪਰ ਬੇਨਜ਼ੀਰ ਭੁੱਟੋ ਦੀ ਬੁਲਾਰੀ ਅਤੇ ਉਸ ਦੀ ਸਭ ਤੋਂ ਨਜ਼ਦੀਕੀ ਸਾਥੀ ਸ਼ੈਰੀ ਰਹਿਮਾਨ ਨੇ ਆਪਣੇ ਇਕ ਬਿਆਨ ਵਿਚ ਕਿਹਾ ਕਿ ਜਦੋਂ ਉਸ ਨੇ ਬੇਨਜ਼ੀਰ ਦੇ ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਵਾਉਣ ਵਿਚ ਮਦਦ ਕੀਤੀ ਸੀ ਤਾਂ ਉਸ ਨੇ ਉਸ ਦੇ ਸਰੀਰ ਉੱਪਰ ਗੋਲੀਆਂ ਦੇ ਨਿਸ਼ਾਨ ਵੇਖੇ ਸਨ।



ਬੇਨਜ਼ੀਰ ਭੁੱਟੋ ਦੀ ਅੰਤਿਮ ਯਾਤਰਾ ਮੌਕੇ ਪਾਕਿਸਤਾਨ ਦੇ ਵਿਸ਼ਾਲ ਜਨ-ਸਮੂਹ ਦਾ ਦ੍ਰਿਸ਼

ਯਾਦ ਰਹੇ ਬੇਨਜ਼ੀਰ ਦੀ ਲਾਸ਼ ਦਾ ਪੋਸਟਮਾਰਟਮ ਵੀ ਨਹੀਂ ਕੀਤਾ ਗਿਆ। ਸ਼ੈਰੀ ਦਾ ਇਹ ਵੀ ਕਹਿਣਾ ਹੈ ਕਿ ਬੇਨਜ਼ੀਰ ਭੁੱਟੋ ਦੀ ਲਾਸ਼ ਦਾ ਪੋਸਟਮਾਰਟਮ ਕਿਸ ਨੇ ਰੁਕਵਾਇਆ?

ਇਹ ਸਵਾਲ ਵੀ ਉਠਾਇਆ ਜਾ ਰਿਹਾ ਹੈ ਕਿ ਬੇਨਜ਼ੀਰ ਭੁੱਟੋ ਦੀ ਗੱਡੀ ਚਲਾ ਰਹੇ ਡਰਾਈਵਰ ਦਾ ਕੀ ਬਣਿਆ? ਬੇਨਜ਼ੀਰ ਨੂੰ ਗੋਲੀ ਮਾਰਨ ਤੋਂ ਪਹਿਲਾਂ ਜਿਹੜਾ ਆਤਮਘਾਤੀ ਬੰਬ ਫਟਿਆ ਉਸ ਨਾਲ ਉਸ ਗੱਡੀ ਦਾ ਕੋਈ ਨੁਕਸਾਨ ਨਹੀਂ ਹੋਇਆ ਜਿਸ ਵਿਚ ਬੇਨਜ਼ੀਰ ਸਵਾਰ ਸੀ।

ਇਹ ਸਵਾਲ ਉਠਦਾ ਹੈ ਕਿ ਬੰਬ ਧਮਾਕੇ ਤੋਂ ਬਾਅਦ ਡਰਾਈਵਰ ਨੇ ਤੇਜ਼ੀ ਨਾਲ ਗੱਡੀ ਦੌੜਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ਜਦੋਂ ਕਿ ਖ਼ਤਰਿਆਂ ਦਾ ਸਾਹਮਣਾ ਕਰ ਰਹੇ ਵੱਡੇ ਲੀਡਰਾਂ ਦੇ ਡਰਾਈਵਰਾਂ ਨੂੰ ਤੇਜ਼ੀ ਨਾਲ ਅਜਿਹੇ ਕਦਮ ਚੁੱਕਣ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਕੁਝ ਅਖ਼ਬਾਰਾਂ ਨੇ ਇਸ ਕਿਸਮ ਦੇ ਸਵਾਲ ਵੀ ਉਠਾਏ ਹਨ ਕਿ ਸਰਕਾਰ ਨੇ ਭੁੱਟੋ ਦੇ ਆਖਰੀ ਪਲਾਂ ਸੰਬੰਧੀ ਵੀਡੀਓ ਕਿੱਥੋਂ ਹਾਸਲ ਕੀਤੇ? ਸਰਕਾਰ ਉਨ੍ਹਾਂ ਸੋਮਿਆਂ ਦਾ ਖ਼ੁਲਾਸਾ ਕਿਉਂ ਨਹੀਂ ਕਰ ਰਹੀ, ਜਿਨ੍ਹਾਂ ਤੋਂ ਇਹ ਵੀਡੀਓ ਹਾਸਲ ਕੀਤੇ ਗਏ? ਜਿਸ ਦਿਨ ਬੇਨਜ਼ੀਰ ਭੁੱਟੋ ਦੀ ਹੱਤਿਆ ਹੋਈ ਤਕਰੀਬਨ ਸਾਰੇ ਟੈਲੀਵਿਜ਼ਨ ਚੈਨਲਾਂ ਨੇ ਉਸ ਦੀ ਜਿਉਂਦੀ ਜਾਗਦੀ ਅਤੇ ਲਿਆਕਤ ਬਾਗ ਵਿਚੋਂ ਬਾਹਰ ਆਉਂਦੀ ਦੇ ਵੀਡੀਓ ਵਿਖਾਏ। ਇਸ ਤੋਂ ਬਾਅਦ ਜੋ ਵੀਡੀਓ ਵਿਖਾਏ ਗਏ ਉਸ ਵਿਚ ਬਹੁਤ ਹੀ ਘੱਟ ਨੁਕਸਾਨਿਆ ਗਿਆ ਵਾਹਨ ਅਤੇ ਇਸ ਦੇ ਦੁਆਲੇ ਪਸਰੀਆਂ ਲਾਸ਼ਾਂ ਸਨ।

ਇਹ ਸਵਾਲ ਵੀ ਉੱਠੇ ਕਿ ਇੰਟੀਰੀਅਰ ਮੰਤਰਾਲੇ ਨੇ ਹੱਤਿਆ ਤੋਂ 24 ਘੰਟੇ ਦੇ ਅੰਦਰ ਅੰਦਰ ਵੀਡੀਓ ਕਿੱਥੋਂ ਹਾਸਲ ਕੀਤੇ। ਅਕਸਰ ਹੀ ਇਹ ਹੁੰਦਾ ਹੈ ਕਿ ਆਧੁਨਿਕ ਰੂਪ ਵਿਚ ਜਥੇਬੰਦ ਖਾੜਕੂ ਜਥੇਬੰਦੀਆਂ ਆਪਣੇ ਕੇਡਰ ਵਲੋਂ ਕੀਤੀਆਂ ਹੱਤਿਆਵਾਂ ਦੇ ਅਮਲ ਨੂੰ ਵੀਡੀਓ ਟੇਪ ਵਿਚ ਕੈਦ ਕਰ ਲੈਂਦੀਆਂ ਹਨ। ਪਰ ਅੱਤਵਾਦੀ ਜਥੇਬੰਦੀਆਂ ਵਲੋਂ ਇਹ ਵੀਡੀਓ ਟੇਪ ਪਾਕਿਸਤਾਨੀ ਸਰਕਾਰ ਨੂੰ ਭਲਾਂ ਕਿਸ ਲਈ ਦਿੱਤੀ ਜਾਣੀ ਚਾਹੀਦੀ ਹੈ? 31 ਦਸੰਬਰ ਨੂੰ ਜਾਰੀ ਹੋਈ ਇਕ ਨਵੀਂ ਵੀਡੀਓ ਵਿਚ ਇਹ ਤੱਥ ਬਿਲਕੁਲ ਰੱਦ ਹੋ ਗਿਆ ਕਿ ਜਿਵੇਂ ਪਾਕਿਸਤਾਨ ਸਰਕਾਰ ਆਖ ਰਹੀ ਹੈ ਬੇਨਜ਼ੀਰ ਦੀ ਹੱਤਿਆ ਸਨਰੂਫ ਦੇ ਲੀਵਰ ਨਾਲ ਸਿਰ ਵੱਜਣ ਕਾਰਨ ਹੋਈ ਇਸ ਨੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਇਸ ਦਾਅਵੇ ਨੂੰ ਮਜ਼ਬੂਤ ਕਰ ਦਿੱਤਾ ਕਿ ਭੁੱਟੋ ਦੀ ਹੱਤਿਆ ਗੋਲੀ ਲੱਗਣ ਨਾਲ ਹੋਈ। ਬਰਤਾਨੀਆ ਦੇ ਚੈਨਲ ਚਾਰ ਅਤੇ ਇਸ ਦੇ ਨਾਲ ਹੀ ਕਈ ਪਾਕਿਸਤਾਨੀ ਚੈਨਲਾਂ ਉੱਪਰ ਪ੍ਰਸਾਰਿਤ ਕੀਤੀ ਗਈ ਫੁਟੇਜ ਵਿਚ ਵਿਖਾਇਆ ਗਿਆ ਕਿ ਬੇਨਜ਼ੀਰ ਭੁੱਟੋ ਬੁਲੇਟ ਪਰੂਫ ਗੱਡੀ ਦੀ ਛੱਤ ਦੀ ਖਿੜਕੀ (ਸਨਰੂਫ) ਵਿਚੋਂ ਖੜੀ ਦਿੱਸ ਰਹੀ ਹੈ ਗੋਲੀ ਲੱਗਣ ਤੋਂ ਬਾਅਦ ਕਾਰ ਵਿਚ ਡਿੱਗ ਪਈ ਅਤੇ ਇਸ ਤੋਂ ਬਾਅਦ ਆਤਮਘਾਤੀ ਬੰਬ ਨੇ ਆਪਣੇ ਆਪ ਨੂੰ ਉਡਾ ਲਿਆ। ਇਹ ਸਾਰਾ ਕੁਝ ਸਰਕਾਰ ਦੇ ਉਸ ਬਿਆਨ ਤੋਂ ਉਲਟ ਹੈ ਜਿਹੜਾ ਜਾਵੇਦ ਚੀਮੇ ਨੇ ਦਿੱਤਾ ਸੀ। ਇਸ ਤੋਂ ਪਹਿਲੀ ਵੀਡੀਓ ਵਿਚ ਗੋਲੀ ਮਾਰਨ ਵਾਲੇ ਵਿਅਕਤੀ ਦਾ ਵੀ ਫੁਟੇਜ ਵਿਖਾਇਆ ਗਿਆ ਸੀ।

ਫੁਟੇਜ ਵਿਚ ਦਿਖਾਇਆ ਗਿਆ ਹੈ ਕਿ ਹੱਤਿਆਰਾ ਇਕ ਕਲੀਨ ਸ਼ੇਵ ਨੌਜਵਾਨ ਸੀ, ਜਿਸ ਨੇ ਚਿੱਟੀ ਕਮੀਜ਼, ਕਾਲੇ ਰੰਗ ਦਾ ਲੰਮਾ ਕੋਟ ਅਤੇ ਕਾਲੀਆਂ ਐਨਕਾਂ ਲਗਾਈਆਂ ਹੋਈਆਂ ਸਨ। ਉਸ ਵਲੋਂ ਗੋਲੀ ਚਲਾਉਣ ਤੋਂ ਬਾਅਦ ਭੁੱਟੋ ਦੇ ਵਾਲ ਅਤੇ ਸਕਾਰਫ ਗੱਡੀ 'ਚ ਡਿੱਗਣ ਤੋਂ ਪਹਿਲਾ ਹਵਾ ਵਿਚ ਉਡਦੇ ਦਿਖਾਈ ਦਿੱਤੇ। ਹੱਤਿਆਰਾ ਭੁੱਟੋ ਤੋਂ ਕੁਝ ਮੀਟਰ ਦੂਰ ਖੜਾ ਸੀ, ਜਦੋਂ ਉਸ ਨੇ ਉਨ੍ਹਾਂ ਦੇ ਵਾਹਨ ਦੇ ਖੱਬੇ ਪਾਸਿਓਂ ਗੋਲੀਆਂ ਚਲਾਈਆਂ ਅਤੇ ਇਸ ਤੋਂ ਬਾਅਦ ਧਮਾਕਾ ਹੋਇਆ।

ਇਸ ਤੋਂ ਪਹਿਲਾਂ ਵੀਡੀਓ ਵਿਚ ਹੱਤਿਆਰੇ ਨੂੰ ਇਕ ਹੋਰ ਵਿਅਕਤੀ ਨਾਲ ਦਿਖਾਇਆ ਗਿਆ ਸੀ, ਜਿਸ ਵਿਚ ਉਸ ਨੇ ਚਿੱਟੇ ਕੱਪੜੇ ਨਾਲ ਆਪਣਾ ਚਿਹਰਾ ਲੁਕਾਇਆ ਹੋਇਆ ਸੀ ਅਤੇ ਜਿਸ 'ਤੇ ਆਤਮਘਾਤੀ ਬੰਬ ਹੋਣ ਦਾ ਸ਼ੱਕ ਕੀਤਾ ਜਾ ਰਿਹਾ ਹੈ।

ਇੱਕ ਚਸ਼ਮਦੀਦ ਗਵਾਹ ਅਕਬਰ ਹੁਸੈਨ ਨੇ ਕਿਹਾ, ''ਮੈਂ ਦੇਖਿਆ ਹੈ ਕਿ ਬੇਨਜ਼ੀਰ ਨੂੰ ਗੋਲੀ ਮਾਰੀ ਗਈ ਸੀ। ਮੈਨੂੰ 100 ਫੀਸਦੀ ਯਕੀਨ ਹੈ ਕਿ ਬੇਨਜ਼ੀਰ ਦੀ ਮੌਤ ਗੋਲੀ ਲੱਗਣ ਨਾਲ ਹੋਈ ਹੈ।' ਅਸਲਾ ਮਾਹਰਾਂ ਨੇ 'ਚੈਨਲ -4' ਨੂੰ ਦੱਸਿਆ ਹੈ ਕਿ ਨਵੇਂ ਵੀਡੀਓ ਵਿਚ ਉਹ ਪਲ ਦਿਖਾਇਆ ਗਿਆ ਹੈ, ਜਦੋਂ ਭੁੱਟੋ ਨੂੰ ਗੋਲੀ ਲੱਗੀ। ਮਾਹਰਾਂ ਨੇ ਕਿਹਾ ਕਿ ਜੇਕਰ ਭੁੱਟੋ ਕਾਰ ਦੀ ਛੱਤ ਦੀ ਖਿੜਕੀ 'ਚੋਂ ਬਾਹਰ ਨਾ ਨਿਕਲਦੀ, ਤਾਂ ਉਨ੍ਹਾਂ ਦਾ ਧਮਾਕੇ ਤੋਂ ਬਚਾਅ ਹੋ ਜਾਣਾ ਸੀ, ਕਿਉਂਕਿ ਕਾਰ ਦੇ ਅੰਦਰੂਨੀ ਹਿੱਸੇ ਵਿਚ ਧਮਾਕੇ ਨਾਲ ਕੋਈ ਨੁਕਸਾਨ ਨਹੀਂ ਹੋਇਆ ਅਤੇ ਕਾਰ ਵਿਚ ਸਵਾਰ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ।




ਰਾਵਲਪਿੰਡੀ ਵਿਖੇ ਆਪਣੀ ਆਖਰੀ ਰੈਲੀ ਦੌਰਾਨ ਮੋਹਤਰਮਾ ਬੇਨਜ਼ੀਰ ਭੁੱਟੋ

ਪਾਕਿਸਤਾਨ ਦੇ ਇੰਟੀਰੀਅਰ ਮੰਤਰਾਲੇ ਦੇ ਬੁਲਾਰੇ ਸ੍ਰੀ ਜਾਵੇਦ ਚੀਮਾ ਨੇ ਹੱਤਿਆ ਤੋਂ ਇਕਦਮ ਬਾਅਦ ਇਹ ਦਾਅਵਾ ਵੀ ਕੀਤਾ ਸੀ ਕਿ ਪਾਕਿਸਤਾਨ ਸਰਕਾਰ ਨੇ ਅਲਕਾਇਦਾ ਪਾਕਿਸਤਾਨ ਦੇ ਮੁਖੀ ਬੈਤੁੱਲਾ ਮਹਿਸੂਦ ਦੀ ਇਕ ਫੋਨ ਉੱਪਰ ਗੱਲਬਾਤ ਟੇਪ ਕੀਤੀ ਹੈ ਜਿਸ ਵਿਚ ਉਸ ਨੇ ਬੇਨਜ਼ੀਰ ਭੁੱਟੋ ਦੀ ਹੱਤਿਆ ਉੱਪਰ ਆਪਣੇ ਕਿਸੇ ਸਾਥੀ ਨੂੰ ਵਧਾਈ ਦਿੱਤੀ ਹੈ। ਪਰ ਬਾਅਦ ਵਿਚ ਬੈਤੁੱਲਾ ਨੇ ਇਸ ਖਬਰ ਦਾ ਖੰਡਨ ਕਰ ਦਿੱਤਾ ਅਤੇ ਕਿਹਾ ਬੇਨਜ਼ੀਰ ਦੀ ਹੱਤਿਆ ਨਾਲ ਸਾਡਾ ਕੋਈ ਸੰਬੰਧ ਨਹੀਂ ਹੈ ਅਤੇ ਅਸੀਂ ਔਰਤਾਂ ਦੀਆਂ ਹੱਤਿਆਵਾਂ ਕਰਨ ਵਿਚ ਕੋਈ ਵਿਸ਼ਵਾਸ ਨਹੀਂ ਰੱਖਦੇ।

ਲੱਗਦਾ ਇੰਝ ਹੈ ਕਿ ਹੱਤਿਆ ਤੋਂ ਬਾਅਦ ਪਾਕਿਸਤਾਨੀ ਸਰਕਾਰ ਇਕ ਢੰਗ ਨਾਲ ਬੌਂਦਲੀ ਵਿਖਾਈ ਦੇ ਰਹੀ ਹੈ। ਸਰਕਾਰ ਉੱਤੇ ਇਹ ਦੋਸ਼ ਤਾਂ ਆਮ ਹੀ ਲੱਗ ਰਹੇ ਹਨ ਕਿ ਉਸ ਨੇ ਬੇਨਜ਼ੀਰ ਭੁੱਟੋ ਦੀ ਸੁਰੱਖਿਆ ਵਿਚ ਅਣਗਹਿਲੀ ਕੀਤੀ ਪਰ ਸਰਕਾਰ ਦੇ ਤਿੱਖੇ ਵਿਰੋਧੀ ਸਿੱਧੇ ਤੌਰ 'ਤੇ ਮੁਸ਼ੱਰਫ ਉੱਤੇ ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਦੋਸ਼ ਲਾ ਰਹੇ ਹਨ। ਬੇਨਜ਼ੀਰ ਦੇ ਪਤੀ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਆਪਣੀ ਹੱਤਿਆ ਤੋਂ ਕੁਝ ਦਿਨ ਪਹਿਲਾਂ ਬੇਨਜ਼ੀਰ ਭੁੱਟੋ ਨੇ ਬਰਤਾਨੀਆ ਵਿਚ ਆਪਣੇ ਦੋਸਤ ਨੂੰ ਕੀਤੀ ਈ-ਮੇਲ ਵਿਚ ਕਿਹਾ ਸੀ ਕਿ ਜੇ ਮੇਰੀ ਹੱਤਿਆ ਹੁੰਦੀ ਹੈ ਤਾਂ ਇਹਦੇ ਲਈ ਜਨਰਲ ਪ੍ਰਵੇਜ਼ ਮੁਸ਼ੱਰਫ ਜ਼ਿੰਮੇਵਾਰ ਹੋਵੇਗਾ। ਪਰ ਸਰਕਾਰ ਨੇ ਇਸ ਦੋਸ਼ ਨੂੰ ਇਕ ਤਰ੍ਹਾਂ ਦਾ ਮਖੌਲ ਕਰਾਰ ਦਿੱਤਾ ਹੈ।

ਬੇਨਜ਼ੀਰ ਭੁੱਟੋ ਦੇ ਸਿਆਸੀ ਦ੍ਰਿਸ਼ ਤੋਂ ਲਾਂਭੇ ਹੋ ਜਾਣ ਤੋਂ ਬਾਅਦ ਉਨ੍ਹਾਂ ਦੇ ਬੇਟੇ ਬਿਲਾਵਲ ਨੂੰ ਪਾਰਟੀ ਦਾ ਮੁਖੀ ਬਣਾਇਆ ਗਿਆ ਹੈ। ਪਾਰਟੀ ਨੇ ਪਾਕਿਸਤਾਨ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਬੇਨਜ਼ੀਰ ਦੀ ਹੱਤਿਆ ਦੇ ਪ੍ਰਤੀਕਰਮ ਵਜੋਂ ਹਿੰਸਕ ਪ੍ਰਤੀਕਰਮ ਨਾ ਕੀਤੇ ਜਾਣ ਅਤੇ ਦੇਸ਼ ਦੀ ਜਾਇਦਾਦ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ, ਸਗੋਂ ਇਸ ਦਾ ਪ੍ਰਤੀਕਰਮ ਆ ਰਹੀਆਂ ਚੋਣਾਂ ਵਿਚ ਪੀਪਲਜ਼ ਪਾਰਟੀ ਨੂੰ ਵੋਟ ਦੇ ਕੇ ਕੀਤਾ ਜਾਵੇ। ਉਧਰ ਨਵਾਜ਼ ਸ਼ਰੀਫ ਨੇ ਵੀ ਚੋਣਾਂ ਲੜਨ ਦਾ ਫੈਸਲਾ ਕਰ ਲਿਆ ਹੈ। ਯਾਦ ਰਹੇ ਪਹਿਲਾਂ ਨਵਾਜ਼ ਸ਼ਰੀਫ ਨੇ ਆ ਰਹੀਆਂ ਚੋਣਾਂ ਵਿਚ ਧੋਖਾਧੜੀ ਦੇ ਮੱਦੇਨਜ਼ਰ ਚੋਣਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਆਮ ਚੋਣਾਂ ਜਿਹੜੀਆਂ ਪਹਿਲਾਂ 8 ਜਨਵਰੀ ਨੂੰ ਹੋਣੀਆਂ ਸਨ ਹੁਣ ਫਰਵਰੀ ਤੱਕ ਅੱਗੇ ਪਾ ਦਿੱਤੀਆਂ ਗਈਆਂ ਹਨ।

ਇਸ ਸੰਬੰਧ ਵਿਚ ਫੈਸਲਾ ਪਾਕਿਸਤਾਨ ਦੇ ਚੋਣ ਕਮਿਸ਼ਨ ਵਲੋਂ ਸਿੰਧ, ਬਲੋਚਿਸਤਾਨ, ਸਰਹੱਦੀ ਸੂਬਾ ਅਤੇ ਪੰਜਾਬ ਤੋਂ ਹਾਸਿਲ ਕੀਤੀਆਂ ਗਈਆਂ ਰਿਪੋਰਟਾਂ ਤੋਂ ਬਾਅਦ ਲਿਆ ਗਿਆ ਹੈ। ਯਾਦ ਰਹੇ ਬੇਨਜ਼ੀਰ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿਚ ਖਾਸ ਕਰਕੇ ਸਿੰਧ ਅਤੇ ਪੰਜਾਬ ਸੂਬੇ ਵਿਚ ਵੱਡੀ ਪੱਧਰ 'ਤੇ ਹਿੰਸਾ, ਸਾੜ-ਫੂਕ ਅਤੇ ਕਤਲ ਹੋਏ ਹਨ। ਇਨ੍ਹਾਂ ਘਟਨਾਵਾਂ ਵਿਚ 50 ਦੇ ਕਰੀਬ ਲੋਕ ਮਾਰੇ ਗਏ ਹਨ ਅਤੇ ਸੈਂਕੜੇ ਜ਼ਖ਼ਮੀ ਹੋਏ ਹਨ। ਇਸ ਤੋਂ ਇਲਾਵਾ ਵਾਹਨਾਂ ਅਤੇ ਦੁਕਾਨਾਂ ਵਗੈਰਾ ਨੂੰ ਵੱਡੀ ਪੱਧਰ 'ਤੇ ਅੱਗਾਂ ਲੱਗੀਆਂ।

**ਦੁਨੀਆ ਭਰ ਦੇ ਨੇਤਾਵਾਂ ਵਲੋਂ ਨਿਖੇਧੀ :** ਦੁਨੀਆਂ ਭਰ ਦੇ ਨੇਤਾਵਾਂ ਨੇ ਪਾਕਿਸਤਾਨ 'ਚ ਵਿਰੋਧੀ ਧਿਰ ਦੀ ਆਗੂ ਬੇਨਜ਼ੀਰ ਭੁੱਟੋ ਦੀ ਹੱਤਿਆ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਅਤੇ ਪ੍ਰਮਾਣੂ ਹਥਿਆਰਾਂ ਨਾਲ ਲੈਸ ਮੁਲਕ ਦੀ ਬਦਤਰ ਹਾਲਤ ਅਤੇ ਭਵਿੱਖ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ, ਬਰਤਾਨੀਆ ਦੇ ਪ੍ਰਧਾਨ ਮੰਤਰੀ ਗੋਰਡਨ ਬਰਾਊਨ, ਯੂਰਪੀਅਨ ਯੂਨੀਅਨ ਦੇ ਮੁਖੀ ਜੋਸ ਮੈਨੂਏਲ ਬੈਰੋਸੋ, ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼, ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ, ਰੂਸ ਸਮੇਤ ਹੋਰਨਾਂ ਮੁਲਕਾਂ ਨੇ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਦਹਿਸ਼ਤਗਰਦਾਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਹਾਲਾਤਾਂ ਨੂੰ ਲੈ ਕੇ ਪੂਰੀ ਦੁਨੀਆਂ ਫਿਕਰਮੰਦ ਹੈ।

**ਜੱਦੀ ਪਿੰਡ ਵਿਚ ਕੀਤਾ ਸੁਪਰਦ-ਏ-ਖਾਕ :** ਬੇਨਜ਼ੀਰ ਭੁੱਟੋ ਦੀ ਮ੍ਰਿਤਕ ਦੇਹ ਨੂੰ 28 ਦਸੰਬਰ ਲੜਕਾਨਾ ਜ਼ਿਲ੍ਹੇ 'ਚ ਸਥਿਤ ਗੜ੍ਹੀ ਖੁਦਾ ਬਖ਼ਸ਼ ਪਰਿਵਾਰਕ ਕਬਰਸਤਾਨ ਵਿਖੇ ਸਪੁਰਦ-ਏ ਖ਼ਾਕ ਕਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੇ ਪਤੀ ਆਸਿਫ ਅਲੀ ਜ਼ਰਦਾਰੀ ਤੇ ਤਿੰਨੇ ਬੱਚੇ ਬਿਲਾਵਲ, ਬਖ਼ਤਾਵਰ ਤੇ ਅਸੀਫਾ ਵੀ ਹਾਜ਼ਰ ਸਨ। 28 ਦਸੰਬਰ ਨੂੰ ਜਦੋਂ ਸਵਰਗੀ ਬੇਨਜ਼ੀਰ ਦਾ ਤਾਬੂਤ ਲੜਕਾਣਾ ਪੁੱਜਾ ਤਾਂ ਹਜ਼ਾਰਾਂ ਦੀ ਗਿਣਤੀ 'ਚ ਉਨ੍ਹਾਂ ਦੇ ਸਮੱਰਥਕ ਧਾਹਾਂ ਮਾਰ-ਮਾਰ ਕੇ ਰੋਂਦੇ ਰਹੇ।

## ਹੱਤਿਆ ਤੋਂ ਬਾਅਦ ਵਿਆਪਕ ਹਿੰਸਾ

ਬੇਨਜ਼ੀਰ ਦੀ ਹੱਤਿਆ ਉਪਰੰਤ ਫੈਲੀ ਹਿੰਸਾ ਕਾਰਨ ਪੰਜਾਬ ਤੇ ਸਿੰਧ ਸੂਬਾ ਅਤੇ ਹੈਦਰਾਬਾਦ, ਕਰਾਚੀ ਆਦਿ ਸ਼ਹਿਰਾਂ 'ਚ ਫ਼ੌਜ ਤਾਇਨਾਤ ਕਰ ਦਿੱਤੀ ਗਈ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਵਰਕਰਾਂ ਤੇ ਹਮਾਇਤੀਆਂ ਨੇ ਜਗ੍ਹਾ-ਜਗ੍ਹਾ ਵਾਹਨਾਂ ਤੇ ਸਰਕਾਰੀ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਹਿੰਸਕ ਘਟਨਾਵਾਂ ਨਾਲ ਦੇਸ਼ ਭਰ ਵਿਚ 50 ਦੇ ਕਰੀਬ ਮੌਤਾਂ ਹੋਈਆਂ।

ਕਰਾਚੀ ਹਵਾਈ ਅੱਡਾ ਬੰਦ ਕਰ ਦਿੱਤਾ ਗਿਆ ਹੈ। ਰੋਹ ਵਿਚ ਆਏ ਬੇਨਜ਼ੀਰ ਹਮਾਇਤੀਆਂ ਨੇ ਕਈ ਬੈਂਕਾਂ ਤੇ ਫੈਕਟਰੀਆਂ ਨੂੰ ਅੱਗ ਲਾ ਦਿੱਤੀ। ਬੈਂਕਾਂ ਤੇ ਦੁਕਾਨਾਂ ਵਿਚ ਲੁੱਟ ਮਾਰ ਵੀ ਕੀਤੀ ਗਈ। ਸਵਾਤ ਘਾਟੀ 'ਚ ਹੋਏ ਧਮਾਕੇ ਵਿਚ ਪਾਕਿਸਤਾਨ ਮੁਸਲਿਮ ਲੀਗ (ਕਿਊ) ਦੇ ਆਗੂ ਅਸਫੰਦਯਾਰ ਅਮੀਰ ਜ਼ੈਬ ਸਮੇਤ 9 ਲੋਕ ਮਾਰੇ ਗਏ।

ਬੇਨਜ਼ੀਰ ਦਾ ਰਾਜਸੀ ਗੜ੍ਹ ਸਿੰਧ ਦਾ ਦੱਖਣੀ ਇਲਾਕਾ ਦੰਗਿਆਂ ਦਾ ਮੁੱਖ ਕੇਂਦਰ ਰਿਹਾ, ਜਿੱਥੇ 23 ਮੌਤਾਂ ਹੋਣ ਦੀ ਖ਼ਬਰ ਹੈ। ਇਸੇ ਇਲਾਕੇ ਵਿਚ ਛੇ ਰੇਲਗੱਡੀਆਂ ਨੂੰ ਅੱਗ ਲਗਾ ਦਿੱਤੀ ਗਈ। ਦੇਸ਼ ਭਰ ਵਿਚ ਕੋਈ 200 ਬੈਂਕਾਂ ਨੂੰ ਅੱਗ ਲਾ ਦਿੱਤੀ ਗਈ ਹੈ ਜਾਂ ਭੰਨਤੋੜ ਕੀਤੀ ਗਈ ਹੈ। ਸਿੰਧ ਵਿਚ ਘੋਟਕੀ ਦੇ ਸਮੁੱਚੇ ਗਹਿਣਿਆਂ ਦੇ ਬਾਜ਼ਾਰ ਨੂੰ ਲੁੱਟ ਲਿਆ ਗਿਆ ਅਤੇ ਪ੍ਰਦਰਸ਼ਨਕਾਰੀਆਂ ਵਲੋਂ ਤਿੰਨ ਵੱਖ-ਵੱਖ ਜੇਲ੍ਹਾਂ ਵਿਚ ਕੀਤੀ ਗਈ ਭੰਨਤੋੜ ਦੌਰਾਨ ਕੋਈ 300 ਕੈਦੀ ਫਰਾਰ ਹੋ ਗਏ। ਪੀਪਲਜ਼ ਪਾਰਟੀ ਦੇ ਹਜ਼ਾਰਾਂ ਸਮਰਥਕਾਂ ਨੇ ਸਿੰਧ ਦੀ ਰਾਜਧਾਨੀ ਕਰਾਚੀ ਦੀਆਂ ਸੜਕਾਂ ਉਪਰ ਪੁਲਿਸ 'ਤੇ ਪਥਰਾਅ ਕੀਤਾ। ਪੂਰਾ ਕਰਾਚੀ ਸ਼ਹਿਰ ਹਿੰਸਾ ਦੀ ਲਪੇਟ ਵਿਚ ਹੈ।

ਇਕੱਲੇ ਕਰਾਚੀ ਸ਼ਹਿਰ ਵਿਚ ਬੱਸਾਂ, ਕਾਰਾਂ ਅਤੇ ਮੋਟਰਸਾਈਕਲਾਂ ਸਮੇਤ 400 ਗੱਡੀਆਂ ਨੂੰ ਅੱਗ ਲਾ ਦਿੱਤੀ ਗਈ ਹੈ। ਬੈਂਕਾਂ ਅਤੇ ਪਟਰੋਲ ਪੰਪਾਂ ਨੂੰ ਵੀ ਅੱਗ ਲਾਈ ਗਈ। ਪੁਲਿਸ ਨੂੰ ਫਾਇਰਿੰਗ ਕਰਨੀ ਪਈ ਜਿਸ ਦੌਰਾਨ 7 ਵਿਅਕਤੀ ਜ਼ਖ਼ਮੀ ਹੋ ਗਏ।

ਬਲੋਚਿਸਤਾਨ ਵਿਚ ਪ੍ਰਦਰਸ਼ਨਕਾਰੀਆਂ ਉਪਰ ਪੁਲਿਸ ਵਲੋਂ ਚਲਾਈ ਗੋਲੀ ਨਾਲ 3 ਪ੍ਰਦਰਸ਼ਨਕਾਰੀ ਮਾਰੇ ਗਏ। ਇਹ ਘਟਨਾ ਚੂਹਾਰ ਜੈਮਲੀ ਵਿਖੇ ਵਾਪਰੀ। ਲਾਹੌਰ, ਮੁਲਤਾਨ ਤੇ ਰਾਵਲਪਿੰਡੀ ਸਮੇਤ ਰਾਜਸੀ ਤੌਰ 'ਤੇ ਅਹਿਮ ਪੰਜਾਬ ਰਾਜ ਦੇ ਅਨੇਕਾਂ ਹਿੱਸਿਆਂ ਵਿਚ ਵਿਖਾਵੇ ਹੋਏ ਤੇ ਰਾਜ ਵਿਚ ਬਾਜ਼ਾਰ, ਵਿੱਤੀ ਤੇ ਸਿਖਿਆ ਸੰਸਥਾਵਾਂ ਬੰਦ ਰਹੀਆਂ।

# ਬੇਨਜ਼ੀਰ ਭੁੱਟੋ ਦਾ ਕਤਲ, ਅਮਰੀਕਾ ਲਈ ਵੱਡਾ ਧੱਕਾ ਸਾਬਤ ਹੋਵੇਗਾ

–ਡਾ. ਸਵਰਾਜ ਸਿੰਘ

ਹੁਣੇ ਹੁਣੇ ਹੋਇਆ ਬੇਨਜ਼ੀਰ ਦਾ ਕਤਲ ਅਮਰੀਕਨ ਨੀਤੀਆਂ ਲਈ ਬਹੁਤ ਵੱਡਾ ਧੱਕਾ ਸਾਬਤ ਹੋਵੇਗਾ, ਬੇਨਜ਼ੀਰ ਭੁੱਟੋ ਅਮਰੀਕਾ ਦੀ ਇਸਲਾਮਿਕ ਸੰਸਾਰ ਨਾਲ ਰਿਸ਼ਤਾ ਸੁਧਾਰਣ ਦੀ ਆਖਰੀ ਉਮੀਦ ਸੀ। ਪਾਕਿਸਤਾਨ ਦਹਿਸ਼ਤਵਾਦ ਵਿਰੁਧ ਅਮਰੀਕਾ ਦੀ ਲੜਾਈ ਵਿਚ ਉਸ ਦਾ ਸਭ ਤੋਂ ਮਹੱਤਵਪੂਰਨ ਸਾਥੀ ਰਿਹਾ ਹੈ, ਭੁਟੋ ਦਾ ਕਤਲ ਪਾਕਿਸਤਾਨ ਨੂੰ ਘੜਮੱਸ ਅਤੇ ਅਸਥਿਰਤਾ ਵਲ ਧੱਕ ਕੇ ਇਸਲਾਮਿਕ ਮੂਲਵਾਦ ਨੂੰ ਹੋਰ ਤਕੜਾ ਕਰ ਦੇਣਾ ਹੈ, ਪਾਕਿਸਤਾਨ ਵਿਚ ਹੁਣ ਕੋਈ ਅਜਿਹਾ ਨੇਤਾ ਨਹੀਂ ਰਿਹਾ। ਜਿਸਦਾ ਪ੍ਰਭਾਵ, ਰਸੂਖ ਤੇ ਕੱਦ ਭੁੱਟੋ ਜਿੰਨਾ ਹੋਵੇ। ਸਿਰਫ ਦੋ ਹੀ ਨੇਤਾ ਹਨ ਜੋ ਕਾਫੀ ਜਾਣੇ ਪਹਿਚਾਣੇ ਹਨ। ਮੁਸ਼ੱਰਫ ਅਤੇ ਨਵਾਜ਼ ਸ਼ਰੀਫ।

ਮੁਸ਼ੱਰਫ ਕਾਫੀ ਕਮਜ਼ੋਰ ਹੋ ਚੁੱਕਿਆ ਹੈ ਅਤੇ ਉਸ ਦੀ ਭਰੋਸੇਯੋਗਤਾ ਬਹੁਤ ਘੱਟ ਚੁੱਕੀ ਹੈ, ਪਾਕਿਸਤਾਨੀ ਫੌਜ ਦਾ ਹੌਸਲਾ ਡਿੱਗ ਚੁੱਕਾ ਹੈ ਅਤੇ ਪਾਕਿਸਤਾਨੀ ਫੌਜ ਦਾ ਲੋਕਾਂ ਵਿਚ ਦਬਦਬਾ ਬਹੁਤ ਘਟ ਗਿਆ ਹੈ। ਇਸ ਦਾ ਮੁੱਖ ਕਾਰਨ ਪਾਕਿਸਤਾਨੀ ਫੌਜ ਦੀ ਇਸਲਾਮਿਕ ਮੂਲਵਾਦੀਆਂ ਨੂੰ ਕਾਬੂ ਵਿਚ ਰੱਖਣ ਵਿਚ ਅਸਫਲਤਾ ਹੈ, ਖਾਸ ਕਰਕੇ ਉੱਤਰ ਪੱਛਮੀ ਸਰਹੱਦੀ (ਨਾਰਥ ਵੈਸਟ ਫਰੰਟੀਅਰ) ਇਲਾਕੇ ਦੇ ਪਸ਼ਤੂਨ ਕਬਾਇਲੀ ਲੋਕਾਂ ਵਿਚ। ਫੌਜ ਵਿਚ ਡੂੰਘੀ ਵੰਡ ਪੈ ਚੁੱਕੀ ਹੈ। ਉਪਰਲੇ ਰੈਂਕ (ਰੁਤਬੇ) ਦੇ ਅਫਸਰ ਪੱਛਮਪ੍ਰਸਤ ਹਨ। ਪ੍ਰੰਤੂ ਹੇਠਲੇ ਪੱਧਰ ਦੇ ਫੌਜੀਆਂ ਵਿਚ ਆਮ ਤੌਰ ’ਤੇ ਇਸਲਾਮਵਾਦੀਆਂ ਨਾਲ ਹਮਦਰਦੀ ਅਤੇ ਪੱਛਮ ਵਿਰੁਧ ਭਾਵਨਾਵਾਂ ਹਨ।

ਭੁੱਟੋ ਪੱਛਮ ਪੱਖੀ ਸ਼ਰੇਸ਼ਠ ਵਰਗ ਦੀ ਪ੍ਰਤੀਨਿਧ ਸੀ ਜਿਸ ਨੇ ਕਿ ਪਿਛਲੇ 60 ਸਾਲਾਂ ਤੋਂ ਭਾਰਤੀ ਉਪ ਮਹਾਂਦੀਪ ਤੇ ਆਪਣੀ ਪ੍ਰਬਲਤਾ ਬਣਾਈ ਰੱਖੀ ਹੈ, ਉਸਦਾ ਕਤਲ ਨਾ ਸਿਰਫ ਪਾਕਿਸਤਾਨ ਤੇ ਇਸ ਜਮਾਤ ਦਾ ਗਲਬਾ ਕਮਜ਼ੋਰ ਕਰੇਗਾ ਸਗੋਂ ਸਮੁੱਚੇ ਤੌਰ ਤੇ ਭਾਰਤੀ ਉਪ ਮਹਾਂਦੀਪ ਵਿਚ ਇਨ੍ਹਾਂ ਸ਼ਕਤੀਆਂ ਦੀ ਤਾਕਤ ਘਟਾਏਗਾ।

ਇਸਲਾਮਿਕ ਮੂਲਵਾਦ ਦਾ ਉਭਾਰ ਉਪਮਹਾਂਦੀਪ ਵਿਚ ਖਾੜਕੂ ਰੁਝਾਨਾਂ ਅਤੇ ਧਰੁਵੀਕਰਨ ਦੀ ਪ੍ਰਕਿਰਿਆ ਨੂੰ ਬੜਾਵਾ ਦਏਗਾ। ਭਾਵੇਂ ਭੁੱਟੋ ਦਾ ਕਤਲ ਹੋਵੇ ਤੇ ਭਾਵੇਂ ਹਿੰਦੂ ਮੂਲਵਾਦੀ ਮੋਦੀ ਦੀ ਗੁਜਰਾਤ ਵਿਚ ਜਿੱਤ ਹੋਵੇ, ਦੋਨਾਂ ਪ੍ਰਸਥਿਤੀਆਂ ਵਿਚ ਹੀ ਉਪ ਮਹਾਂਦੀਪ ਇਨ੍ਹਾਂ ਰੁਝਾਨਾਂ ਵਲ ਧੱਕਿਆ ਜਾਏਗਾ। ਪ੍ਰੰਤੂ ਹਿੰਦੂ ਅਤੇ ਇਸਲਾਮਿਕ ਮੂਲਵਾਦ ਵਿਚ ਬੁਨਿਆਦੀ ਅੰਤਰ ਹੈ। ਹਿੰਦੂ ਮੂਲਵਾਦੀ ਸੱਜੇ ਪੱਖੀ ਹਨ ਅਤੇ ਉਨ੍ਹਾਂ ਦਾ ਉਭਾਰ ਪੱਛਮੀ ਸਾਮਰਾਜ ਵਲ ਹੈ। ਇਸ ਦੇ ਉਲਟ ਇਸਲਾਮਿਕ ਮੂਲਵਾਦੀ ਪੱਛਮੀ ਪ੍ਰਬਲਤਾ ਨੂੰ ਵੱਡੀ ਚੁਣੌਤੀ ਦੇ ਰਹੇ ਹਨ ਅਤੇ ਅਜਿਹਾ ਕਰਕੇ ਪੱਛਮੀ ਸਾਮਰਾਜ ਨਾਲ ਟੱਕਰ ਲੈ ਰਹੇ ਹਨ। ਇਸ ਲਈ ਖੱਬੇਪੱਖੀ ਖਾੜਕੂਆਂ ਦਾ ਇਸਲਾਮਿਕ ਮੂਲਵਾਦੀਆਂ ਨਾਲ ਕਿਸੇ ਵੇਲੇ ਗੱਠਜੋੜ ਵੀ ਸੰਭਵ ਹੋ ਸਕਦਾ ਹੈ ਕਿਉਂਕਿ ਮਾਓ ਨੇ ਕਿਹਾ ਸੀ ਕਿ ਦੁਸ਼ਮਣ ਦਾ ਦੁਸ਼ਮਣ ਮੇਰਾ ਦੋਸਤ ਹੈ। ਦੂਜੇ ਪਾਸੇ ਹਿੰਦੂ ਮੂਲਵਾਦੀਆਂ ਦੀ ਪੱਛਮੀ ਸਾਮਰਾਜੀਆਂ ਨਾਲ ਸਾਂਝ ਹੈ ਕਿ ਦੋਨੋ ਇਸਲਾਮਵਾਦੀਆਂ ਨੂੰ ਨਫਰਤ ਕਰਦੇ ਹਨ।

ਭਾਵੇਂ ਹਿੰਦੂ ਮੂਲਵਾਦੀਆਂ ਦੀ ਪੱਛਮ ਨਾਲ ਇਸ ਮੁੱਦੇ ’ਤੇ ਸਾਂਝ ਹੈ ਪ੍ਰੰਤੂ ਫਿਰ ਵੀ ਅੰਤ ਵਿਚ ਹਿੰਦੂ ਮੂਲਵਾਦ ਵੀ ਪੱਛਮ ਦੇ ਬੁਨਿਆਦੀ ਹਿੱਤਾਂ ਦੇ ਵਿਰੁਧ ਹੀ ਜਾਂਦਾ ਹੈ ਕਿਉਂਕਿ ਇਹ ਪੱਛਮੀ ਧਰਮ ਨਿਰਪੱਖਤਾ ਅਤੇ ਉਦਾਰਵਾਦ ਦੇ ਸਿਧਾਂਤਾਂ ਨਾਲ ਸਹਿਮਤ ਨਹੀਂ ਹਨ। ਹਿੰਦੂ ਮੂਲਵਾਦ ਦਾ ਉਭਾਰ ਇਸ ਦੇ ਪ੍ਰਤੀਕਰਮ ਵਜੋਂ ਭਾਰਤੀ ਉਪ ਮਹਾਂਦੀਪ ਵਿਚ ਇਸਲਾਮਿਕ ਮੂਲਵਾਦ ਨੂੰ ਹੀ ਉਤਸ਼ਾਹਿਤ ਕਰੇਗਾ।

ਪਾਕਿਸਤਾਨ ਨੇ ਹੀ ਸੋਵੀਅਤ ਯੂਨੀਅਨ ਨੂੰ ਡੇਗਣ ਵਿਚ ਫੈਸਲਾਕੁੰਨ ਭੂਮਿਕਾ ਨਿਭਾਈ ਸੀ। ਪ੍ਰੰਤੂ ਕਿੰਨੀ ਵਿਅੰਗਮਈ ਗੱਲ ਹੈ ਕਿ ਹੁਣ ਪਾਕਿਸਤਾਨ ਹੀ ਪੱਛਮੀ ਪ੍ਰਬਲਤਾ ਨੂੰ ਹਰਾਉਣ ਵਿਚ ਅਤੇ ਇਸ ਨੂੰ ਅਫਗਾਨਿਸਤਾਨ ਵਿਚ ਹੀ ਆਖਰੀ ਝਟਕਾ ਦੇਣ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਣ ਜਾ ਰਿਹਾ ਹੈ। ਇਕ ਕਮਜ਼ੋਰ ਅਤੇ ਅਸਥਿਰ ਪਾਕਿਸਤਾਨ ਤਾਲਿਬਾਨਾਂ ਅਤੇ ਅਲਕਾਇਦਾ ਲਈ ਬਹੁਤ ਲਾਹੇਵੰਦ ਸਾਬਤ ਹੋ ਸਕਦਾ ਹੈ।

ਸੋਵੀਅਤ ਯੂਨੀਅਨ ਵਾਂਗੂੰ ਹੀ ਪੱਛਮੀ ਪ੍ਰਬਲਤਾ ਦੇ ਅੰਤ ਦੀਆਂ ਸੰਭਾਵਨਾਵਾਂ ਵੀ ਅਫਗਾਨਿਸਤਾਨ ਵਿਚ ਹੀ ਹਨ। ਅੱਜ ਪੱਛਮ ਨੂੰ ਤਿੰਨ ਪਾਸਿਓਂ ਵੱਡੀਆਂ ਚੁਣੌਤੀਆਂ ਮਿਲ ਰਹੀਆਂ ਹਨ। ਮੁੜ ਕੇ ਉੱਠਿਆ ਰੂਸ ਜਿਸ ਵਿਚ ਕੇ ਪੱਛਮ ਵਿਰੁਧ ਨਫਰਤ ਸਿਖਰਾਂ ’ਤੇ ਪਹੁੰਚ ਚੁੱਕੀ ਹੈ, ਫੌਜੀ ਫਰੰਟ ਤੇ ਪੱਛਮ ਨੂੰ ਚੁਣੌਤੀ ਦੇ ਰਿਹਾ ਹੈ। ਚੀਨ ਆਰਥਿਕ ਫਰੰਟ ਤੇ ਪੱਛਮ ਨੂੰ ਸਖ਼ਤ ਚੁਣੌਤੀ ਦੇ ਰਿਹਾ ਹੈ ਅਤੇ ਇਸਲਾਮ ਪੱਛਮੀ ਸਭਿਆਚਾਰ ਨੂੰ ਮੁਕੰਮਲ ਤੌਰ ’ਤੇ ਨਕਾਰ ਕੇ ਪੱਛਮ ਨੂੰ ਚੁਣੌਤੀ ਦੇ ਰਿਹਾ ਹੈ, ਪੱਛਮੀ ਪ੍ਰਬਲਤਾ ਤਿੰਨ ਪੱਖੀ ਚੁਣੌਤੀ ਦਾ ਸਾਹਮਣਾ ਨਹੀਂ ਕਰ ਸਕਦੀ।

ਬੇਨਜ਼ੀਰ ਭੁੱਟੋ ਦਾ ਕਤਲ ਪਾਕਿਸਤਾਨ ਵਿਚ ਇਕ ਅਜਿਹਾ ਸਿਆਸੀ ਖਲਾਅ ਛੱਡ ਗਿਆ ਹੈ ਜਿਸ ਨੂੰ ਪੂਰਾ ਕਰਨਾ ਅਮਰੀਕਾ ਲਈ ਭਾਵੇਂ ਅਸੰਭਵ ਨਾ ਹੀ ਹੋਵੇ ਪ੍ਰੰਤੂ ਬਹੁਤ ਹੀ ਮੁਸ਼ਕਿਲ ਜ਼ਰੂਰ ਹੈ। ਨਵਾਜ਼ ਸ਼ਰੀਫ ਵੀ ਇਕੋ ਇਕ ਅਜਿਹੇ ਨੇਤਾ ਹਨ ਜਿਨ੍ਹਾਂ ਦਾ ਕੱਦ ਬਾਕੀਆਂ ਨਾਲੋਂ ਕਾਫੀ ਉੱਚਾ ਹੈ। ਉਹ ਇਸਲਾਮਵਾਦੀਆਂ ਨੂੰ ਵੀ ਕਬੂਲ ਹੋ ਸਕਦੇ ਹਨ।

ਪ੍ਰੰਤੂ ਅਮਰੀਕਾ ਉਨ੍ਹਾਂ ’ਤੇ ਪੂਰਾ ਭਰੋਸਾ ਨਹੀਂ ਕਰਦਾ ਜਿਵੇਂ ਕਿ ਉਨ੍ਹਾਂ ਨੂੰ ਮੁਸ਼ੱਰਫ ਅਤੇ ਭੁੱਟੋ ਉਤੇ ਸੀ। ਹੁਣ ਬੇਨਜ਼ੀਰ ਭੁੱਟੋ ਸਾਡੇ ਵਿਚ ਨਹੀਂ ਰਹੇ ਅਤੇ ਮੁਸ਼ੱਰਫ ਸਾਹਿਬ ਭਾਵੇਂ ਜਿਸਮਾਨੀ ਤੌਰ ’ਤੇ ਕਾਇਮ ਹਨ ਪ੍ਰੰਤੂ ਸਿਆਸੀ ਤੌਰ ’ਤੇ ਪਾਕਿਸਤਾਨੀ ਲੋਕਾਂ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ। ਕੀ ਨਵਾਜ਼ ਸ਼ਰੀਫ ਤੋਂ ਬਿਨਾਂ ਅਮਰੀਕਾ ਤੇ ਪੱਛਮ ਕੋਲ ਕੋਈ ਹੋਰ ਚੋਣ ਹੈ? ਭਾਵੇਂ ਮੋਹਤਰਮਾ ਬੇਨਜ਼ੀਰ ਭੁੱਟੋ ਨਾਲ ਕੋਈ ਸਿਆਸੀ ਤੌਰ ’ਤੇ ਸਹਿਮਤ ਨਾ ਵੀ ਹੋਵੇ ਪ੍ਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੋ ਰੁਤਬਾ ਉਨ੍ਹਾਂ ਨੇ ਕੌਮਾਂਤਰੀ ਪੱਧਰ ’ਤੇ ਹਾਸਲ ਕੀਤਾ ਪਾਕਿਸਤਾਨ ਦਾ ਕੋਈ ਵੀ ਨੇਤਾ ਹਾਸਲ ਨਹੀਂ ਕਰ ਸਕੇਗਾ।

> ***ਬੇਨਜ਼ੀਰ ਭੁੱਟੋ ਦਾ ਕਤਲ ਪਾਕਿਸਤਾਨ ਵਿਚ ਇਕ ਅਜਿਹਾ ਸਿਆਸੀ ਖਲਾਅ ਛੱਡ ਗਿਆ ਹੈ ਜਿਸ ਨੂੰ ਪੂਰਾ ਕਰਨਾ ਅਮਰੀਕਾ ਲਈ ਭਾਵੇਂ ਅਸੰਭਵ ਨਾ ਹੀ ਹੋਵੇ ਪ੍ਰੰਤੂ ਬਹੁਤ ਹੀ ਮੁਸ਼ਕਿਲ ਜ਼ਰੂਰ ਹੈ। ਨਵਾਜ਼ ਸ਼ਰੀਫ ਵੀ ਇਕੋ ਇਕ ਅਜਿਹੇ ਨੇਤਾ ਹਨ ਜਿਨ੍ਹਾਂ ਦਾ ਕੱਦ ਬਾਕੀਆਂ ਨਾਲੋਂ ਕਾਫੀ ਉੱਚਾ ਹੈ। ਉਹ ਇਸਲਾਮਵਾਦੀਆਂ ਨੂੰ ਵੀ ਕਬੂਲ ਹੋ ਸਕਦੇ ਹਨ। ਪ੍ਰੰਤੂ ਅਮਰੀਕਾ ਉਨ੍ਹਾਂ ’ਤੇ ਪੂਰਾ ਭਰੋਸਾ ਨਹੀਂ ਕਰਦਾ ਜਿਵੇਂ ਕਿ ਉਨ੍ਹਾਂ ਨੂੰ ਮੁਸ਼ੱਰਫ ਅਤੇ ਭੁੱਟੋ ਉਤੇ ਸੀ। ਹੁਣ ਬੇਨਜ਼ੀਰ ਭੁੱਟੋ ਸਾਡੇ ਵਿਚ ਨਹੀਂ ਰਹੇ ਅਤੇ ਮੁਸ਼ੱਰਫ ਸਾਹਿਬ ਭਾਵੇਂ ਜਿਸਮਾਨੀ ਤੌਰ ’ਤੇ ਕਾਇਮ ਹਨ ਪ੍ਰੰਤੂ ਸਿਆਸੀ ਤੌਰ ’ਤੇ ਪਾਕਿਸਤਾਨੀ ਲੋਕਾਂ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਹੈ। ਕੀ ਨਵਾਜ਼ ਸ਼ਰੀਫ ਤੋਂ ਬਿਨਾਂ ਅਮਰੀਕਾ ਤੇ ਪੱਛਮ ਕੋਲ ਕੋਈ ਹੋਰ ਚੋਣ ਹੈ? ਭਾਵੇਂ ਮੋਹਤਰਮਾ ਬੇਨਜ਼ੀਰ ਭੁੱਟੋ ਨਾਲ ਕੋਈ ਸਿਆਸੀ ਤੌਰ ’ਤੇ ਸਹਿਮਤ ਨਾ ਵੀ ਹੋਵੇ ਪ੍ਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੋ ਰੁਤਬਾ ਉਨ੍ਹਾਂ ਨੇ ਕੌਮਾਂਤਰੀ ਪੱਧਰ ’ਤੇ ਹਾਸਲ ਕੀਤਾ ਪਾਕਿਸਤਾਨ ਦਾ ਕੋਈ ਵੀ ਨੇਤਾ ਹਾਸਲ ਨਹੀਂ ਕਰ ਸਕੇਗਾ।***



ਅਲਵਿਦਾ ਪਾਕਿਸਤਾਨ .......

## ਬੇਨਜ਼ੀਰ ਭੁੱਟੋ ਦਾ ਜੀਵਨ ਵੇਰਵਾ

**21 ਜੂਨ, 1953 :** ਬੇਨਜ਼ੀਰ ਭੁੱਟੋ ਦਾ ਜਨਮ ਕਰਾਚੀ, ਪਾਕਿਸਤਾਨ ’ਚ ਹੋਇਆ।
**1969 :** ਅਮਰੀਕਾ ’ਚ ਹਾਰਵਰਡ ਤੋਂ ਡਿਗਰੀ ਪ੍ਰਾਪਤ ਕੀਤੀ।
**1973 :** ਉਨ੍ਹਾਂ ਦੇ ਪਿਤਾ ਜੁਲਿਫਕਾਰ ਅਲੀ ਭੁੱਟੋ ਪਾਕਿਸਤਾਨ ਪੀਪਲਜ਼ ਪਾਰਟੀ (ਪੀ. ਪੀ. ਪੀ.) ਦੇ ਬਾਨੀ, ਪ੍ਰਧਾਨ ਮੰਤਰੀ ਬਣੇ।
**1977 :** ਆਕਸਫੋਰਡ ਯੂਨੀਵਰਸਿਟੀ ਇੰਗਲੈਂਡ ਵਿਖੇ ਦੂਜੀ ਡਿਗਰੀ ਪ੍ਰਦਾਨ। ਪਾਕਿਸਤਾਨ ਪਰਤਣ ਤੋਂ ਕੁਝ ਦਿਨ ਮਗਰੋਂ ਜਨਰਲ ਜ਼ੀਆ-ਉਲ-ਹੱਕ ਵਲੋਂ ਉਨ੍ਹਾਂ ਦੇ ਪਿਤਾ ਦਾ ਤਖ਼ਤਾ ਪਲਟ ਕੇ ਸੱਤਾ ’ਤੇ ਕਬਜ਼ਾ।
**1979 :** ਜ਼ੀਆ ਦੀ ਫੌਜੀ ਸਰਕਾਰ ਵਲੋਂ ਜੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ।
**1979–84 :** ਜ਼ੀਆ ਵਿਰੋਧੀ ਮੁਜ਼ਾਹਰਿਆਂ ਕਾਰਨ ਕਈ ਵਾਰ ਗ੍ਰਿਫ਼ਤਾਰ, ਤਿੰਨ ਸਾਲਾਂ ਲਈ ਘਰ ਅੰਦਰ ਨਜ਼ਰਬੰਦ।
**1984 :** ਲੰਡਨ ਵਾਪਸੀ ਦੀ ਆਗਿਆ ਉਹ ਪੀ. ਪੀ. ਪੀ. ਦੇ ਜਲਾਵਤਨੀ ਨੇਤਾ ਬਣ ਗਏ। ਜ਼ੀਆ ਦੀ ਤਾਨਾਸ਼ਾਹੀ ਵਿਰੁਧ ਮੁਹਿੰਮ।
**1985 :** ਪਾਕਿਸਤਾਨ ਵਿਚ ਮਾਰਸ਼ਲ ਲਾਅ ਖ਼ਤਮ।
**1986 :** ਪਾਕਿਸਤਾਨ ਵਾਪਸੀ ’ਤੇ ਭੁੱਟੋ ਦਾ ਹਜ਼ਾਰਾਂ ਲੋਕਾਂ ਵਲੋਂ ਸਵਾਗਤ, ਆਪਣੀ ਮਾਂ ਦੇ ਨਾਲ ਪੀ. ਪੀ. ਪੀ. ਦੀ ਸਹਿ-ਪ੍ਰਧਾਨ ਚੁਣੇ ਗਏ, ਜਿਹੜੀ ਪਾਕਿਸਤਾਨ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਹੈ।
**1988 :** ਇਕ ਇਸਲਾਮੀ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਚੁਣੀ ਗਈ।
**1990 :** ਭ੍ਰਿਸ਼ਟਾਚਾਰ ਦੇ ਦੋਸ਼ਾਂ ਲਈ ਅਹੁਦੇ ਤੋਂ ਬਰਖਾਸਤ।
**1993 :** ਪ੍ਰਧਾਨ ਮੰਤਰੀ ਵਜੋਂ ਮੁੜ ਚੁਣੇ ਗਏ ਪਰ ਇਸਲਾਮੀ ਗਰੁੱਪਾਂ ਵਲੋਂ ਤਿੱਖਾ ਵਿਰੋਧ। ਉਨ੍ਹਾਂ ਦੇ ਪਤੀ ਆਸਿਫ ਜਰਦਾਰੀ ਉਪਰ ਭ੍ਰਿਸ਼ਟਾਚਾਰ ਦੇ ਦੋਸ਼।
**1996 :** ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਅਹੁਦੇ ਤੋਂ ਬਰਖਾਸਤ।
**1997 :** ਪਤੀ ਕੈਦ, ਭੁੱਟੋ ਸਵੈ-ਜਲਾਵਤਨੀ ਵਿਚ ਯੂ. ਕੇ. ਵਾਪਸ।
**1999 :** ਸੈਨਾ ਮੁਖੀ ਜਨਰਲ ਪ੍ਰਵੇਜ਼ ਮੁਸ਼ੱਰਫ ਵਲੋਂ ਹਿੰਸਾ ਰਹਿਤ ਰਾਜ ਪਲਟੇ ਰਾਹੀਂ ਸੱਤਾ ’ਤੇ ਕਬਜ਼ਾ।
**2001 :** ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਪੇਸ਼ ਨਾ ਹੋਣ ਲਈ ਭੁੱਟੋ ਨੂੰ ਪਾਕਿਸਤਾਨ ਅਦਾਲਤ ਵਲੋਂ ਤਿੰਨ ਸਾਲਾਂ ਦੀ ਕੈਦ।
**2004 :** ਸਵਿਸ ਅਦਾਲਤ ਵਲੋਂ ਭੁੱਟੋ ਤੇ ਉਸ ਦੇ ਪਤੀ ਨੂੰ ਧਨ-ਢੁਆਈ ਲਈ ਛੇ ਮਹੀਨੇ ਕੈਦ ਦੀ ਸਜ਼ਾ ਮੁਅੱਤਲ।
**ਅਕਤੂਬਰ 2007 :** ਚੋਣਾਂ ਤੋਂ ਪਹਿਲਾਂ ਭੁੱਟੋ ਦੀ ਪਾਕਿਸਤਾਨ ਵਾਪਸੀ, ਰਾਸ਼ਟਰਪਤੀ ਮੁਸ਼ੱਰਫ ਵਲੋਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਆਫੀ ਪ੍ਰਦਾਨ।
**19 ਅਕਤੂਬਰ :** ਕਰਾਚੀ ਦੇ ਦੱਖਣੀ ਸ਼ਹਿਰ ਵਿਚ ਜਾਨਲੇਵਾ ਹਮਲੇ ਵਿਚ ਵਾਲ-ਵਾਲ ਬਚਾਅ, ਜਦੋਂ ਆਤਮਘਾਤੀ ਬੰਬਾਰ ਨੇ ਕਰੀਬ 150 ਲੋਕਾਂ ਦੀ ਜਾਨ ਲੈ ਲਈ।
**27 ਦਸੰਬਰ :** ਰਾਵਲਪਿੰਡੀ ਸ਼ਹਿਰ ਵਿਚ ਚੋਣ ਰੈਲੀ ਤੋਂ ਬਾਹਰ ਆਉਂਦੇ ਸਮੇਂ ਬੰਦੂਕ ਅਤੇ ਆਤਮਘਾਤੀ ਬੰਬ ਹਮਲੇ ਵਿਚ ਬੇਨਜ਼ੀਰ ਭੁੱਟੋ ਸ਼ਹੀਦ।

## ਪੂਰਬ ਦੀ ਬੇਟੀ



ਪੂਰਬ ਦੀ ਬੇਟੀ ਦੀ ਹੱਤਿਆ
ਜਦ ਮੈਂ ਸੁਣਿਆ ਹੋਈ
ਗੜ੍ਹੀ ਖੁਦਾ ਬਖਸ਼ ਦੀ ਧਰਤੀ
ਦੂਜੀ ਵਾਰੀ ਰੋਈ

ਪਹਿਲਾਂ ਵੀ ਤਾਂ ਦੈਂਤ ਗੋਰੇ ਨੇ
ਲਹੂ ਨਾਲ ਧਰਤੀ ਧੋਤੀ
ਹੁਣ ‘ਬਿਲਾਵਲ’ ਰਾਗ ਦੇ ਅੱਗੇ
ਕਾਲੀ ਕੰਧ ਖਲੋਤੀ

ਦੈਂਤ ਪੱਛਮ ਦਾ ਕਰ ਜਾਂਦਾ ਹੈ
ਨਿੱਤ ਪੂਰਬ ਦੀ ਹੇਠੀ
ਹੋਈ ਸਪੁਰਦੇ ਖਾਕ ਵੇਖ ਲਓ
ਫਿਰ ਪੂਰਬ ਦੀ ਬੇਟੀ

ਗੜ੍ਹੀ ਖੁਦਾਬਖਸ਼ ਦੇ ਰਾਹੇ
ਤੁਰਿਆ-ਤੁਰਿਆ ਜਾਵਾਂ
ਪੂਰਬ ਦੀ ਬੇਟੀ ਦਾ ਸੋਗੀ
ਗੀਤ ਪਿਆ ਹੁਣ ਗਾਵਾਂ

ਮੋਰ ਮਰੇ ਖਾਬਾਂ ਵਿਚ ਮੇਰੇ
ਬੁਲਬੁਲ ਗੁੰਗੀ ਹੋਈ
ਮਸਜਿਦ ਦੇ ਮੀਨਾਰਾਂ ਨੇੜੇ
ਫੇਰ ਨਿਮਾਜਣ ਰੋਈ

ਸੰਗੀਨਾਂ ਦੀ ਖੇਡ ਖੇਡ ਵਿਚ
ਸੰਗੀਨ ਹੈ ਪੁੱਗ ਖਲੋਈ
ਸੱਤਾ ਦੇ ਰਿਸ਼ੀਆਂ ਦੇ ਹੱਥੋਂ
ਪੱਥਰ ਅਹੱਲਿਆ ਹੋਈ

ਲੱਕ ਪੂਰਬ ਦਾ ਕੁੱਬਾ ਹੋਇਆ
ਧੀ ਪੂਰਬ ਦੀ ਮੋਈ
ਦੈਂਤ ਪੱਛਮ ਦਾ ਜ਼ਰ ਨਾ ਸਕਦਾ
ਪੂਰਬ ਦੀ ਖੁਸ਼ਬੋਈ

ਸਿੰਧ ਦਰਿਆ ਦੀਆਂ ਲਹਿਰਾਂ ਵਿਚੋਂ
ਲੋਕਧਾਰਾ ਲਹਿਰਾਈ
ਸਿਰ ਦੇ ਉੱਤੇ ਓੜ੍ਹ ਦੁਪੱਟਾ
ਵਿਚ ਪੰਜਾਬ ਦੇ ਛਾਈ

ਬੇਨਜ਼ੀਰ ਨੂੰ ਕਤਲ ਹੈ ਕਰਦਾ
ਕਦੇ ਹੁਸੈਨ ਸੂਲੀ ਹੈ ਚੜ੍ਹਦਾ
ਪੂਰਬ ਦੀ ਸਰਘੀ ਦੇ ਅੱਗੇ
ਗੋਰਾ ਦੈਂਤ ਹਨ੍ਹੇਰਾ ਕਰਦਾ

ਫਿਰ ਕੋਈ ਕੈਦੋਂ ਘਰ ਦਾ ਭੇਤੀ
ਖੇੜਿਆਂ ਤਾਈਂ ਬੁਲਾਏ
ਫਿਰ ਨਵਾਂ ਕੋਈ ਪਾਜੀ ਆਵੇ
ਹੀਰ ਨੂੰ ਜ਼ਹਿਰ ਖੁਆਏ

ਸਾਡੇ ਫੇਰ ਸਿਰਾਂ ਦੇ ਉੱਤੇ
ਚੜ੍ਹ ਕੇ ਰਾਖਸ਼ ਆਇਆ
ਪੂਰਬ ਦੀ ਲਾਲੀ ’ਤੇ ਛਿੱਟਾ
ਮਜ਼ਲੂਮ ਲਹੂ ਦਾ ਪਾਇਆ

ਫਿਰ ਇਸਲਾਮ ਦੀ ਧਰਤੀ ਉੱਤੇ
ਕਾਫਿਰ ਕਿਧਰੋਂ ਆਏ
ਬੁੱਲ੍ਹੇਸ਼ਾਹ ਦੀਆਂ ਪੈੜ੍ਹਾਂ ਮਿੱਧਣ
ਦੈਂਤ ਫਿਰਨ ਚਮਲ੍ਹਾਏ
ਬੱਕਰੀਆਂ ਦੀ ਹੱਤਿਆ ਕਰਕੇ
ਈਦ ਮਨਾਵਣ ਕੈਸੀ
‘ਈਦ-ਉਲ-ਜੁਹਾ’ ਦੇ ਜਿਨ੍ਹਾਂ ਨੇ
ਭੇਤ ਅਜੇ ਨਾ ਪਾਏ

–ਸੰਤ ਸੰਧੂ

ਫੇਰ ਫਸਲ ਨੂੰ ਖਾਵਣ ਲੱਗੀਆਂ
ਏਸ ਫਸਲ ਦੀਆਂ ਵਾੜਾਂ
ਗੜ੍ਹੀ ਖੁਦਾ ਬਖਸ਼ ਨੂੰ ਵੇਖੋ
ਬਖਸ਼ਿਆ ਨਹੀਂ ਬਘਿਆੜਾਂ

ਸਿੰਧ ਦਰਿਆ ਨੂੰ ਘੇਰ ਲਿਆ ਹੈ
ਫਿਰ ਜਿਵੇਂ ਐਡਵਾਇਰਾਂ
ਵਹਿਸ਼ੀ ਬੂਟ ਲਿਤਾੜ ਰਹੇ ਨੇ
ਸਿੰਧ ਦਰਿਆ ਦੀਆਂ ਲਹਿਰਾਂ


ਸਿੰਧ ਦੇ ਵਾਰਿਸ ਜਾਗ ਪੈਣ ਤਾਂ
ਸਾਂਭ ਲੈਣ ਖੁਸ਼ਬੋਈ
ਸਿੰਧ ਦੀਆਂ ਸਭ ਲਹਿਰਾਂ ਅੱਗੇ
ਕਰਦਾ ਹਾਂ ਅਰਜ਼ੋਈ

ਦੈਂਤ ਜਿਹੜੇ ਹੰਕਾਰੀ ਫਿਰਦੇ
ਮੂੰਹ ਨਾ ਕਦੀ ਲਗਾਵਾਂ
ਗੜ੍ਹੀ ਖੁਦਾ ਬਖਸ਼ ਦੀਆਂ ਮਾਵਾਂ
ਨੂੰ ਮੈਂ ਸੀਸ ਝੁਕਾਵਾਂ

ਗੜ੍ਹੀ ਖੁਦਾ ਬਖਸ਼ ਦੇ ਜਣਿਓ
ਰਲ ਕੇ ਬਣਤ ਬਣਾਈਏ
ਗੜ੍ਹੀ ਖੁਦਾ ਬਖਸ਼ ਦੇ ਕੋਲੇ
ਗੜ੍ਹੀ ਚਮਕੌਰ ਲਿਆਈ ਏ

# ਅਗਸਤ 1947 ਬਾਅਦ ਪਾਕਿਸਤਾਨ ਦਾ ਰਾਜਨੀਤਿਕ ਇਤਿਹਾਸ

**– 14 ਅਗਸਤ, 1947 :** ਪਾਕਿਸਤਾਨ ਨੇ ਆਜ਼ਾਦੀ ਹਾਸਲ ਕੀਤੀ।



ਜੀਆ ਉੱਲ ਹੱਕ

**– 11 ਸਤੰਬਰ 1948 :** ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਉਰਫ ਕਾਇਦੇ ਆਜ਼ਮ ਦੀ ਮੌਤ ਹੋਈ।

**– 17 ਅਕਤੂਬਰ 1951 :** ਪ੍ਰਧਾਨ ਮੰਤਰੀ ਲਿਆਕਤ ਅਲੀ ਖਾਨ ਨੂੰ ਰਾਵਲਪਿੰਡੀ ਵਿਖੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

**– 23 ਮਾਰਚ 1956 :** ਸੰਵਿਧਾਨਕ ਅਸੰਬਲੀ ਨੇ ਇਸਲਾਮਿਕ ਰੀਪਬਲਿਕ ਆਫ ਪਾਕਿਸਤਾਨ ਅਤੇ ਪਹਿਲੇ ਸੰਵਿਧਾਨ ਨੂੰ ਸਵੀਕਾਰ ਕੀਤਾ।

**– 7 ਅਕਤੂਬਰ, 1958 :** ਗਵਰਨਰ ਜਨਰਲ ਇਸਕੰਦਰ ਮਿਰਜ਼ਾ ਨੇ ਸੰਵਿਧਾਨ ਨੂੰ ਮੁਅੱਤਲ ਕਰਦਿਆਂ ਮਾਰਸ਼ਲ ਲਾਅ ਲਾਉਣ ਦਾ ਐਲਾਨ ਕੀਤਾ ਅਤੇ ਜਨਰਲ ਅਯੂਬ ਖਾਂ ਨੂੰ ਮੁੱਖ ਮਾਰਸ਼ਲ ਲਾਅ ਐਡਮਨਿਸਟਰੇਟਰ ਨਿਯੁਕਤ ਕਰ ਦਿੱਤਾ ਅਤੇ ਰਾਜਨੀਤਿਕ ਪਾਰਟੀਆਂ ਉੱਪਰ ਪਾਬੰਦੀ ਲਾ ਦਿੱਤੀ ਗਈ।

**– 24 ਅਕਤੂਬਰ 1958 :** ਅਯੂਬ ਖਾਂ ਪ੍ਰਧਾਨ ਮੰਤਰੀ ਬਣਿਆ।

**– 17 ਫਰਵਰੀ 1960 :** ਅਯੂਬ ਖਾਂ ਪਹਿਲੇ ਚੁਣੇ ਹੋਏ ਪ੍ਰਧਾਨ ਮੰਤਰੀ ਬਣੇ।

**– 28 ਅਪ੍ਰੈਲ 1962 :** ਕੌਮੀ ਅਸੰਬਲੀ ਦੀਆਂ ਚੋਣਾਂ ਕਰਵਾਈਆਂ ਗਈਆਂ ਅਤੇ ਜਮਹੂਰੀਅਤ ਦਾ ਤੋਰਾ ਤੁਰਿਆ।

**– 26 ਮਾਰਚ, 1969 :** ਜਨਰਲ ਯਹੀਆ ਖਾਨ ਨੇ ਪਾਕਿਸਤਾਨ ਵਿਚ ਮੁੜ ਮਾਰਸ਼ਲ ਲਾਅ ਦਿੱਤਾ, ਇਸ ਤੋਂ ਬਾਅਦ ਕੌਮੀ ਅਤੇ ਰਾਜਕੀ ਅਸੰਬਲੀਆਂ ਭੰਗ ਕਰ ਦਿੱਤੀਆਂ ਗਈਆਂ।

**– 3 ਤੋਂ 17 ਦਸੰਬਰ 1971** ਤੱਕ ਭਾਰਤ ਅਤੇ ਪਾਕਿਸਤਾਨ ਨੇ ਬੰਗਲਾਦੇਸ਼ ਦੀ ਆਜ਼ਾਦੀ ਦੇ ਮਸਲੇ 'ਤੇ ਜੰਗ ਲੜੀ ਅਤੇ ਇਸ ਦੌਰਾਨ 90 ਹਜ਼ਾਰ ਪਾਕਿਸਤਾਨੀ ਫੌਜਾਂ ਨੇ ਭਾਰਤੀ ਫੌਜਾਂ ਅੱਗੇ ਆਤਮ-ਸਮਰਪਣ ਕੀਤਾ। ਜਿਸ ਦੇ ਸਿੱਟੇ ਵਜੋਂ ਬੰਗਲਾਦੇਸ਼ ਹੋਂਦ ਵਿਚ ਆਇਆ।

**– 20 ਅਪ੍ਰੈਲ, 1972 :** ਫਿਰ ਮਾਰਸ਼ਲ ਲਾਅ ਹਟਾ ਲਿਆ ਗਿਆ ਅਤੇ ਅੰਤਰਿਮ ਅਸੰਬਲੀ ਕਾਇਮ ਕਰ ਦਿੱਤੀ ਗਈ।

**– 10 ਅਪ੍ਰੈਲ, 1973 :** ਨਵਾਂ ਸੰਵਿਧਾਨ ਲਾਗੂ ਕੀਤਾ ਗਿਆ।

**– 4 ਜੁਲਾਈ, 1977 :** ਫੌਜ ਦੇ ਮੁਖੀ ਜਨਰਲ ਮੁਹੰਮਦ ਜੀਆ ਉੱਲ ਹੱਕ ਨੇ ਪਾਕਿਸਤਾਨ ਦੀ ਸੱਤਾ ਉੱਤੇ ਕਬਜ਼ਾ ਕਰ ਲਿਆ। ਜ਼ੁਲਫਿਕਾਰ ਅਲੀ ਭੁੱਟੋ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਮਾਰਸ਼ਲ ਲਾਅ ਐਲਾਨ ਦਿੱਤਾ ਗਿਆ।



ਪ੍ਰਵੇਜ਼ ਮੁਸ਼ੱਰਫ

**– 4 ਅਪ੍ਰੈਲ, 1979 :** ਇਕ ਰਾਜਨੀਤਿਕ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਲਗਾ ਦਿੱਤਾ ਗਿਆ।

**– 25 ਫਰਵਰੀ, 1985 :** ਜੀਆ ਨੇ ਗੈਰ ਪਾਰਟੀ ਚੋਣਾਂ ਕਰਵਾਈਆਂ ਅਤੇ ਮੁਹੰਮਦ ਖਾਨ ਜੁਨੇਜੋ ਨੂੰ ਪ੍ਰਧਾਨ ਮੰਤਰੀ ਐਲਾਨ ਦਿੱਤਾ।

**– 30 ਦਸੰਬਰ, 1985 :** ਮਾਰਸ਼ਲ ਲਾਅ ਹਟਾ ਲਿਆ ਗਿਆ।

**– 17 ਅਗਸਤ, 1988 :** ਜੀਆ ਸਮੇਤ ਕਈ ਸੀਨੀਅਰ ਫੌਜੀ ਅਫਸਰ ਬਹਾਵਲਪੁਰ ਨਜ਼ਦੀਕ ਇਕ ਹਵਾਈ ਹਾਦਸੇ ਵਿਚ ਮਾਰੇ ਗਏ।

**– 16 ਨਵੰਬਰ, 1988 :** ਬੇਨਜ਼ੀਰ ਅਤੇ ਉਸ ਦੀ ਪਾਕਿਸਤਾਨ ਪੀਪਲਜ਼ ਪਾਰਟੀ ਨੇ 39 ਫੀਸਦੀ ਵੋਟਾਂ ਨਾਲ ਚੋਣ ਜਿੱਤ ਲਈ।

**– 6 ਅਗਸਤ, 1990 :** ਰਾਸ਼ਟਰਪਤੀ ਗੁਲਾਮ ਈਸ਼ਾਕ ਖ਼ਾਨ ਨੇ ਭੁੱਟੋ ਦੀ ਸਰਕਾਰ ਨੂੰ ਤੋੜ ਦਿੱਤਾ। ਗੁਲਾਮ ਮੁਸਤਫਾ ਜੈਤੋਈ ਨੂੰ ਕੰਮ ਚਲਾਊ ਪ੍ਰਧਾਨ ਮੰਤਰੀ ਐਲਾਨਿਆ ਗਿਆ। ਉਹ ਅਕਤੂਬਰ 1990 ਦੀਆਂ ਚੋਣਾਂ ਤੱਕ ਪ੍ਰਧਾਨ ਮੰਤਰੀ ਰਹੇ।

**– 6 ਨਵੰਬਰ 1990 :** ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣੇ।

**– 18 ਅਪ੍ਰੈਲ, 1993 :** ਰਾਸ਼ਟਰਪਤੀ ਈਸ਼ਾਕ ਖ਼ਾਨ ਨੇ ਸ਼ਰੀਫ ਸਰਕਾਰ ਨੂੰ ਭੰਗ ਕਰ ਦਿੱਤਾ।

**– 19 ਅਕਤੂਬਰ, 1993 :** ਬੇਨਜ਼ੀਰ ਭੁੱਟੋ ਆਮ ਚੋਣਾਂ ਜਿੱਤ ਕੇ ਦੂਜੀ ਵਾਰ ਪ੍ਰਧਾਨ ਮੰਤਰੀ ਬਣੀ।

**– 5 ਨਵੰਬਰ, 1996 :** ਰਾਸ਼ਟਰਪਤੀ ਫਰੂਕ ਲੰਗੇਰੀ ਨੇ ਭੁੱਟੋ ਦੀ ਸਰਕਾਰ ਤੋੜ ਦਿੱਤੀ ਅਤੇ ਪਾਰਲੀਮੈਂਟ ਭੰਗ ਕਰ ਦਿੱਤੀ।

**– 3 ਫਰਵਰੀ, 1997 :** ਅਗਲੀਆਂ ਆਮ ਚੋਣਾਂ ਹੋਈਆਂ। ਨਵਾਜ਼ ਸ਼ਰੀਫ ਦੀ ਅਗਵਾਈ ਵਾਲੀ ਪਾਕਿਸਤਾਨ ਮੁਸਲਿਮ ਲੀਗ ਆਮ ਚੋਣਾਂ ਵਿਚ ਵੱਡੇ ਫਰਕ ਨਾਲ ਜਿੱਤੀ।

**– 17 ਫਰਵਰੀ, 1997 :** ਨਵਾਜ਼ ਸ਼ਰੀਫ ਦੂਜੀ ਵਾਰ ਪ੍ਰਧਾਨ ਮੰਤਰੀ ਬਣੇ।

**– 2 ਦਸੰਬਰ, 1997 :** ਰਾਸ਼ਟਰਪਤੀ ਫਰੂਕ ਲੰਗੇਰੀ ਨੇ ਸ਼ਰੀਫ ਸਰਕਾਰ ਨਾਲ ਛੇ ਮਹੀਨੇ ਤਾਕਤ ਦੀ ਦੁਰਵਰਤੋਂ ਦੇ ਸੰਬੰਧ ਵਿਚ ਕਾਨੂੰਨੀ ਲੜਾਈ ਤੋਂ ਬਾਅਦ ਅਸਤੀਫਾ ਦੇ ਦਿੱਤਾ।

**– 28 ਮਈ, 1998 :** ਪਾਕਿਸਤਾਨ ਨੇ ਪੰਜ ਪ੍ਰਮਾਣੂ ਪ੍ਰੀਖਣ ਕੀਤੇ।

**– 18 ਅਕਤੂਬਰ, 1998 :** ਪਾਕਿਸਤਾਨ ਅਤੇ ਭਾਰਤ ਨੇ ਅਗਲੇ ਸਾਲ ਫਰਵਰੀ ਵਿਚ ਨਵੀਂ ਦਿੱਲੀ ਵਿਖੇ ਮਿਲਣ ਦੇ ਵਾਅਦੇ ਨਾਲ ਆਪਣੀ ਪਹਿਲੀ ਅਮਨ ਵਾਰਤਾ ਖ਼ਤਮ ਕੀਤੀ।


**– 15 ਅਪ੍ਰੈਲ, 1999 :** ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਅਤੇ ਉਨ੍ਹਾਂ ਦੇ ਪਤੀ ਨੂੰ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਪੰਜ ਸਾਲ ਦੀ ਸਜ਼ਾ ਸੁਣਾਈ ਗਈ।

**– 12 ਅਕਤੂਬਰ, 1999 :** ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੈਨਾ ਮੁੱਖੀ ਪ੍ਰਵੇਜ਼ ਮੁਸ਼ੱਰਫ ਨੇ ਗੱਦੀਓਂ ਲਾਹ ਦਿੱਤਾ, ਸੰਵਿਧਾਨ ਬਰਖਾਸਤ ਕਰ ਦਿੱਤਾ ਗਿਆ ਅਤੇ ਮੁਸ਼ੱਰਫ ਪਾਕਿਸਤਾਨ ਦੇ ਚੀਫ ਐਗਜ਼ੈਕਟਿਵ ਬਣ ਗਏ।

**– 20 ਜੂਨ, 2001 :** ਜਨਰਲ ਪ੍ਰਵੇਜ਼ ਮੁਸ਼ੱਰਫ ਨੇ ਆਪਣੇ ਆਪ ਨੂੰ ਰਾਸ਼ਟਰਪਤੀ ਐਲਾਨ ਦਿੱਤਾ।

**– 30 ਅਪ੍ਰੈਲ, 2002 :** ਜਨਰਲ ਮੁਸ਼ੱਰਫ ਹੋਰ ਪੰਜ ਸਾਲਾਂ ਲਈ ਇਕ ਰਿਫਰੈਂਡਮ ਦੇ ਜ਼ਰੀਏ ਰਾਸ਼ਟਰਪਤੀ ਬਣੇ। ਪਰ ਇਸ ਅਮਲ ਨੂੰ ਗੈਰ-ਸੰਵਿਧਾਨਕ ਆਖਿਆ ਗਿਆ।

**– 24 ਅਗਸਤ, 2002 :** ਰਾਸ਼ਟਰਪਤੀ ਮੁਸ਼ੱਰਫ ਨੇ ਆਪਣੇ ਆਪ ਨੂੰ ਨਵੀਆਂ ਤਾਕਤਾਂ ਨਾਲ ਲੈਸ ਕੀਤਾ, ਇਥੋਂ ਤੱਕ ਕਿ ਉਹ ਚੁਣੀ ਹੋਈ ਪਾਰਲੀਮੈਂਟ ਨੂੰ ਭੰਗ ਕਰਨ ਦੇ ਵੀ ਕਾਬਲ ਹੋ ਗਿਆ।




ਇਫਤਿਖਾਰ ਚੌਧਰੀ

**– 23 ਨਵੰਬਰ, 2002 :** ਜਾਫਰ-ਉੱਲਾ-ਜਮਾਲੀ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ।

**– 23 ਅਗਸਤ, 2004 :** ਸ਼ੌਕਤ ਅਜ਼ੀਜ਼ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ।

**– 9 ਮਾਰਚ 2007 :** ਮੁਸ਼ੱਰਫ ਨੇ ਚੀਫ ਜਸਟਿਸ ਇਫਤਿਖਾਰ ਮੁਹੰਮਦ ਚੌਧਰੀ ਨੂੰ ਬਰਖਾਸਤ ਕਰ ਦਿੱਤਾ। ਜਿਸ ਕਾਰਨ ਪੂਰੇ ਦੇਸ਼ ਵਿਚ ਪ੍ਰਦਰਸ਼ਨ ਹੋਏ।



ਜ਼ੁਲਫਿਕਾਰ ਅਲੀ ਭੁੱਟੋ

**– 20 ਜੁਲਾਈ, 2007 :** ਸੁਪਰੀਮ ਕੋਰਟ ਨੇ ਇਫਤਿਖਾਰ ਚੌਧਰੀ ਨੂੰ ਮੁੜ ਚੀਫ ਜਸਟਿਸ ਨਿਯੁਕਤ ਕਰ ਦਿੱਤਾ।

**– 10 ਸਤੰਬਰ 2007 :** ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਮੁੜ ਸਾਊਦੀ ਅਰਬ ਨੂੰ ਡਿਪੋਰਟ ਕਰ ਦਿੱਤਾ ਗਿਆ।

**– 18 ਅਕਤੂਬਰ 2007 :** ਬੇਨਜ਼ੀਰ ਭੁੱਟੋ ਪਾਕਿਸਤਾਨ ਪਰਤੀ। ਇਸੇ ਦਿਨ ਬੇਨਜ਼ੀਰ ਭੁੱਟੋ ਨੂੰ ਜੀ ਆਇਆਂ ਕਹਿਣ ਲਈ ਇਕੱਤਰ ਹੋਈ ਭੀੜ ਵਿਚ ਮਨੁੱਖੀ ਬੰਬ ਨਾਲ ਹੋਏ ਧਮਾਕੇ ਦੇ ਸਿੱਟੇ ਵਜੋਂ 143 ਲੋਕ ਮਾਰੇ ਗਏ ਅਤੇ 550 ਦੇ ਕਰੀਬ ਜ਼ਖ਼ਮੀ ਹੋਏ।

**– 3 ਨਵੰਬਰ, 2007 :** ਜਨਰਲ ਮੁਸ਼ੱਰਫ ਨੇ ਐਮਰਜੈਂਸੀ ਐਲਾਨ ਦਿੱਤੀ ਅਤੇ ਸੰਵਿਧਾਨ ਮੁਅੱਤਲ ਕਰ ਦਿੱਤਾ।

**– 25 ਨਵੰਬਰ, 2007 :** ਸਾਬਕਾ ਪ੍ਰਧਾਨ ਮੰਤਰੀ 8 ਸਾਲ ਦੀ ਜਲਾਵਤਨੀ ਤੋਂ ਬਾਅਦ ਪਾਕਿਸਤਾਨ ਪਰਤੇ।

**– 28 ਨਵੰਬਰ, 2007 :** ਮੁਸ਼ੱਰਫ ਨੇ ਫੌਜੀ ਵਰਦੀ ਤਿਆਗੀ।

**– 15 ਦਸੰਬਰ, 2007 :** ਮੁਸ਼ੱਰਫ ਨੇ 6 ਹਫਤੇ ਬਾਅਦ ਹੀ ਐਮਰਜੈਂਸੀ ਚੁੱਕ ਲਈ।

# ਦੋ ਭਾਰਤ ਉਭਰ ਰਹੇ ਨੇ, ਇਕ ਖਾਲੀ ਹੱਥ ਇਕ ਭਾਰੀ ਗੋਗੜਾਂ ਵਾਲਾ

**–ਰਤਨ ਮਣੀ ਲਾਲ**

ਸਾਲ 2007 ਇਤਿਹਾਸ ਦਾ ਹਿੱਸਾ ਬਣ ਗਿਆ ਹੈ। ਕੁਝ ਨਵਾਂ ਆਉਣ ਅਤੇ ਕੁਝ ਪੁਰਾਣਿਆਂ ਦੇ ਵਿਛੋੜੇ ਵਿਚ ਅਸੀਂ ਇਕ ਨਵੇਂ ਕਾਲਖੰਡ ਵਲ ਵਧ ਗਏ ਹਾਂ। ਸਾਡੇ ਮੋਬਾਈਲ ਫੋਨ, ਕੰਪਿਊਟਰ ਅਤੇ ਡਿਜ਼ਿਟਲ ਘੜੀਆਂ ਦੀ ਤਰੀਖ ਇਕ ਪਾਇਦਾਨ ਉੱਪਰ ਖਿਸਕ ਗਈ ਹੈ ਅਤੇ ਇਹ ਸਾਰਾ ਕੁਝ ਉਸ ਸਮੇਂ ਹੋ ਰਿਹਾ ਹੈ। ਅਸੀਂ ਪਹਿਲਾਂ ਤੋਂ ਜ਼ਿਆਦਾ ਸਮ੍ਰਿਧ ਹੋਏ ਹਾਂ। ਚਾਹੇ ਅਸੀਂ ਕਿਸੇ ਵੀ ਖੇਤਰ ਵਿਚ ਕਿਉਂ ਨਾ ਹੋਈਏ। ਅਸੀਂ ਲਗਭਗ ਹਰੇਕ ਖੇਤਰ ਵਿਚ ਸਫਲਤਾ ਹਾਸਲ ਕੀਤੀ ਹੈ ਅਤੇ ਬੜੀ ਜਲਦੀ ਅਸੀਂ ਚੰਦ 'ਤੇ ਵੀ ਜਾਣ ਵਾਲੇ ਹਾਂ। ਇਕ ਲਿਹਾਜ਼ ਨਾਲ ਭਾਰਤ ਵਿਚ ਰਹਿਣ ਲਈ ਇਹ ਸਮਾਂ ਸਭ ਤੋਂ ਜ਼ਿਆਦਾ ਲਾਭਕਾਰੀ ਹੈ।

ਲੇਕਿਨ ਇਹ ਅਜਿਹਾ ਵੀ ਸਾਲ ਸੀ ਜਿਹੜਾ ਇਕ ਸੰਸਾਰਕ ਮਹਾਸ਼ਕਤੀ ਅਤੇ ਉਸ ਦੀ ਮੁਦਰਾ ਦੇ ਕਮਜ਼ੋਰ ਹੋਣ ਦਾ ਸਾਖਸ਼ੀ ਬਣਿਆ ਅਤੇ ਇਕ ਅਜਿਹੀ ਟੀਮ ਨੇ ਟਵੰਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਿਆ, ਜਿਸ ਦੀ ਸਫਲਤਾ ਦੀ ਉਮੀਦ ਸਾਨੂੰ ਦੂਰ-ਦੂਰ ਤਕ ਨਹੀਂ ਸੀ। ਸੱਚ ਤਾਂ ਇਹ ਵੀ ਹੈ ਕਿ ਦੁਨੀਆਂ ਆਪਣੇ ਇਕ ਮਾਤਰ ਹਿੰਦੂ ਰਾਸ਼ਟਰ ਨੂੰ ਗਵਾਉਣ ਜਾ ਰਹੀ ਹੈ। ਅਜਿਹੇ ਵਿਚ ਆਪਣੇ ਗੁਆਂਢੀ ਦੇਸ਼ਾਂ ਵਿਚ ਚਲ ਰਹੀ ਉਥਲ-ਪੁਥਲ ਦੇ ਵਿਚ ਇਕ ਮਾਤਰ ਨਿਰਵਾਚਿਤ ਲੋਕਤੰਤਰ ਹੋਣਾ ਵੀ ਭਾਰਤ ਲਈ ਇਕ ਦੁਰਲਭ ਗੱਲ ਮੰਨੀ ਜਾਵੇਗੀ।

ਕੁਝ ਸਾਲ ਪਹਿਲਾਂ ਤਕ ਬੀਤੇ ਸਾਲ ਨੂੰ ਦੇਖਣਾ ਇਕ ਸਾਧਾਰਨ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਵਰਗਾ ਹੁੰਦਾ ਸੀ। ਉਸ ਸਮੇਂ ਦੁਨੀਆਂ ਅੱਜ ਦੀ ਤਰ੍ਹਾਂ ਨੈਟਵਰਕ ਨਾਲ ਜੁੜੀ ਹੋਈ ਨਹੀਂ ਸੀ। ਸਮਾਚਾਰਾਂ ਅਤੇ ਸੂਚਨਾਵਾਂ ਦਾ ਆਦਾਨ-ਪ੍ਰਦਾਨ ਵੀ ਤੇਜ਼ ਨਹੀਂ ਸੀ। ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹੋਣ ਵਾਲੀ ਉਪਲਬਧੀਆਂ ਜਾਂ ਦੁਰਘਟਨਾਵਾਂ ਹੀ ਯਾਦ ਕਰਨ ਲਾਇਕ ਹੁੰਦੀਆਂ ਸਨ। ਨਤੀਜੇ ਵਜੋਂ ਸਾਲ ਅੰਦਰ ਹੋਈ ਕੋਈ ਵੱਡੀ ਜਹਾਜ਼ ਦੁਰਘਟਨਾ, ਵਿਸ਼ਾਲ ਬੰਨ੍ਹ ਦਾ ਨਿਰਮਾਣ ਜਾਂ ਕਿਸੇ ਵਿਦੇਸ਼ੀ ਰਾਜਨੀਤੀਵਾਨ ਦੀ ਯਾਤਰਾ ਹੀ ਸਾਲ ਦੇ ਅਖੀਰ ਵਿਚ ਯਾਦ ਅਤੇ ਚਰਚਾ ਕਰਨ ਲਾਇਕ ਹੁੰਦੀ ਸੀ।

ਹੁਣ ਅਜਿਹਾ ਨਹੀਂ ਹੈ। ਅਸੀਂ ਹਰ ਰੋਜ਼ ਬਹੁਤ ਸਾਰੀਆਂ ਘਟਨਾਵਾਂ ਦੇ ਰੂ-ਬ-ਰੂ ਹੁੰਦੇ ਹਾਂ। ਹਰ ਘੰਟੇ ਇਨਾ ਕੁਝ ਵਾਪਰਦਾ ਹੈ ਕਿ ਸਾਲ ਦੇ ਅੰਤ ਵਿਚ ਕੀ ਯਾਦ ਰੱਖਣਾ ਹੈ, ਕੀ ਨਹੀਂ, ਇਹ ਵਰਗੀਕਰਣ ਕਰਨਾ ਖਾਸਾ ਮੁਸ਼ਕਿਲ ਹੈ। ਪਿਛਲੇ ਕੁਝ ਸਾਲਾਂ ਤੋਂ ਤਾਂ ਪੂਰੀ ਦੁਨੀਆਂ ਹੀ ਇਕ ਧਰੁਵੀ ਹੋ ਗਈ ਹੈ, ਲੇਕਿਨ ਅਮਰੀਕਾ ਅਤੇ ਉਸ ਦੇ ਰਾਸ਼ਟਰਪਤੀ ਦੀ ਲੋਕਪ੍ਰਿਯਤਾ ਤਾਂ ਘੱਟ ਹੋਈ ਹੀ ਹੈ, ਡਾਲਰ ਦਾ ਰੁਤਬਾ ਵੀ ਘਟਿਆ ਹੈ। ਸਾਨੂੰ ਨਿਰਯਾਤ ਅਤੇ ਆਈ ਟੀ ਉਦਯੋਗ ਵਿਚ ਜ਼ਬਰਦਸਤ ਨੁਕਸਾਨ ਤਾਂ ਝੱਲਣਾ ਹੀ ਪਿਆ, ਹੁਣ ਤਾਂ ਸਟਾਰ ਅਤੇ ਧੰਨ ਕੁਬੇਰਾਂ ਨੇ ਵੀ ਯੂਰੋ ਨੂੰ ਸੰਸਾਰ ਮੁਦਰਾ ਦੇ ਰੂਪ ਵਿਚ ਸਵੀਕਾਰਨਾ ਸ਼ੁਰੂ ਕਰ ਦਿੱਤਾ ਹੈ। ਅਜਿਹੇ ਵਿਚ ਕੁਝ ਸਮਾਂ ਪਹਿਲਾਂ ਤੱਕ ਜਿਸ ਚੀਜ਼ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ, ਹੁਣ ਉਹ ਸਾਕਾਰ ਹੋ ਰਹੀ ਹੈ।

ਅੱਜ ਅਸੀਂ ਸਾਰੇ ਸਾਲ 2007 ਦੀਆਂ ਘਟਨਾਵਾਂ ਨੂੰ ਯਾਦ ਕਰ ਰਹੇ ਹਾਂ। ਖੇਡ ਦੇ ਮੈਦਾਨ, ਸਪੇਸ, ਰਾਜਨੀਤੀ ਅਤੇ ਸਟਾਕ ਮਾਰਕਿਟ ਵਿਚ ਉਪਲਬਧੀਆਂ ਨਾਲ ਭਰੇ ਪਲ ਸਾਹਮਣੇ ਆ ਰਹੇ ਹਨ। ਨਾਲ ਹੀ ਅਸੀਂ ਘਰ-ਪਰਿਵਾਰ ਜਾਂ ਸਮਾਜ ਵਿਚ ਵਾਪਰੀਆਂ ਉਨ੍ਹਾਂ ਘਟਨਾਵਾਂ ਨੂੰ ਵੀ ਯਾਦ ਕਰਨ ਨੂੰ ਮਜਬੂਰ ਹਾਂ, ਜਿਥੇ ਅਣਮਨੁੱਖੀ ਹੱਥਾਂ ਨੇ ਮਾਨਵਤਾ ਦਾ ਗਲਾ ਘੁੱਟਿਆ। ਸਿਰਫ ਪੈਸਾ ਕਮਾਉਣਾ ਇਸ ਤੇਜ਼ੀ ਨਾਲ ਜੀਵਨ ਦਾ ਮਹੱਤਵਪੂਰਣ ਨਿਸ਼ਾਨਾ ਬਣਿਆ ਕਿ ਰਿਸ਼ਤੇ-ਨਾਤੇ ਅਤੇ ਸੰਵੇਦਨਸ਼ੀਲਤਾ ਅਲੱਗ-ਥਲੱਗ ਪੈ ਗਈ। ਆਲਮ ਇਹ ਆ ਪਹੁੰਚਿਆ ਕਿ ਅਸੁਵਿਧਾ ਹੋਣ 'ਤੇ ਅਸੀਂ ਆਪਣੇ ਮੋਬਾਈਲ ਅਤੇ ਕੰਪਿਊਟਰ ਵਿਚ ਹੀ ਸਹਾਰਾ ਲੱਭਣ ਲੱਗੇ। ਰੁਪਏ ਦੀ ਗਰਮਾਹਟ ਨੇ ਕਿਸੇ ਨੂੰ ਨਹੀਂ ਬਖ਼ਸ਼ਿਆ। ਇਥੋਂ ਤੱਕ ਕਿ ਪੜ੍ਹਨਾ-ਲਿਖਣਾ ਪਰਸਪਰ ਹਾਸਾ-ਮਜ਼ਾਕ ਕਰਨ ਅਤੇ ਕਿੱਸਾਗੋਈ ਨਾਲ ਜੀਵਨ ਨੂੰ ਮਿਲਣ ਵਾਲੀ ਗਰਮਾਹਟ ਵੀ ਗੁਆਚਣ ਲੱਗੀ। ਹੁਣ ਇਸ ਦਾ ਸਥਾਨ ਚੁਟਕਲੇ ਪਰੋਸਦੇ ਐਸ ਐਮ ਐਸ ਨੇ ਲੈ ਲਿਆ ਹੈ। ਮੰਨਣਾ ਪਵੇਗਾ ਕਿ ਅਸੀਂ ਹਾਈਟੈਕ ਹੋ ਗਏ ਹਾਂ।

ਅੱਜ ਭਲਾ ਹੀ ਅਸੀਂ ਵਿਦਿਆਰਥੀ ਹਾਂ, ਪ੍ਰੋਫੈਸ਼ਨਲ ਹੋਈਏ ਜਾਂ ਫਿਰ ਸਾਧਾਰਨ ਹੋਮ ਮੇਕਰ, ਮੁਸ਼ਕਿਲ ਮਿਹਨਤ ਅਤੇ ਸਪੱਸ਼ਟ ਨਿਸ਼ਾਨੇ ਨੂੰ ਹੀ ਨਾਲ ਲੈ ਕੇ ਅੱਗੇ ਵਧਿਆ ਜਾ ਸਕਦਾ ਹੈ। ਸਫਲਤਾ ਪ੍ਰਾਪਤ ਕਰਨ ਵਿਚ ਸਾਨੂੰ ਜ਼ਰਾ ਜਿਹਾ ਵੀ ਸ਼ੱਕ ਨਹੀਂ ਹੈ, ਕਿਉਂਕਿ ਅਨੁਭਵ ਨੇ ਸਾਨੂੰ ਸਹੀ ਚਾਲਾਂ ਸਿਖਾ ਦਿੱਤੀਆਂ ਹਨ। ਸਾਡੇ ਨੌਜਵਾਨ ਸਾਡੇ ਤੋਂ ਕਿਤੇ ਜ਼ਿਆਦਾ ਆਤਮਵਿਸ਼ਵਾਸ ਨਾਲ ਭਰੇ ਹਨ। ਉਹ ਜੋ ਚਾਹੁੰਦੇ ਹਨ ਉਸ ਨੂੰ ਹਾਸਿਲ ਕਰਕੇ ਰਹਿਣਗੇ, ਕਿਉਂਕਿ ਸਾਲ 2007 ਦੇ ਭਾਰਤ ਨੇ ਹੁਣ ਸਾਰਾ ਸੰਭਵ ਕਰ ਦਿਖਾਇਆ ਹੈ। ਅੱਜ ਆਰਥਿਕ ਉਦਾਰੀਕਰਨ ਅਤੇ ਪ੍ਰਤੀਸਪਰਧਾ ਨਾਲ ਨਾ ਸਿਰਫ ਪੈਸੇ ਦਾ ਮੁੱਲ, ਬਲਕਿ ਚੋਣ ਦੇ ਤਰੀਕੇ ਵੀ ਵਧ ਗਏ ਹਨ, ਜਿਹੜੇ ਪਹਿਲਾਂ ਉਪਲਬਧ ਨਹੀਂ ਸਨ। ਕੁਝ ਅਜਿਹੇ ਪਹਿਲੂ ਵੀ ਹਨ, ਜਿਹੜੇ ਬਦ ਤੋਂ ਬਦਤਰ ਜਾਂ ਉਨ੍ਹਾਂ ਨੂੰ ਜਿੰਨਾ ਚੰਗਾ ਹੋਣਾ ਚਾਹੀਦਾ ਸੀ ਨਹੀਂ ਹੋ ਸਕੇ। ਜਿੰਦਾਂ ਮਹਿਲਾ ਅਤੇ ਬਾਲ ਕਲਿਆਣ, ਖੇਤੀ, ਸਿੱਖਿਆ, ਵਾਤਾਵਰਣ, ਪ੍ਰਾਥਮਿਕ ਸਿਹਤ ਸੇਵਾਵਾਂ, ਵਿੱਤੀ ਅਨੁਸ਼ਾਸਨ, ਮਨੁੱਖੀ ਅਧਿਕਾਰ, ਗਰੀਬੀ ਹਟਾਉਣਾ ਅਤੇ ਸਾਰਵਜਨਿਕ ਜੀਵਨ ਵਿਚ ਪਾਰਦਰਸ਼ਿਤਾ। ਇਨ੍ਹਾਂ ਖੇਤਰਾਂ ਵਿਚ ਸੰਘਰਸ਼ ਅਤੇ ਨਿਰਾਸ਼ਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਫਿਰ ਆਉਂਦੇ ਹਨ, ਦੋ ਭਾਰਤ, ਇਕ ਸੰਪੂਰਨ ਅਤੇ ਦੂਜਾ ਵੰਚਿਤਾਂ ਲਈ। ਬਹਿਸ ਦਾ ਇਕ ਵੱਡਾ ਮੁੱਦਾ ਤਾਂ ਇਹੀ ਹੈ ਕਿ ਕੀ ਇਨ੍ਹਾਂ ਵਿਚੋਂ ਇਕ ਭਾਰਤ ਦੂਜੇ 'ਤੇ ਹਾਵੀ ਹੋ ਰਿਹਾ ਹੈ। ਆਰਥਿਕ ਵਿਕਾਸ ਦਰ ਅਤੇ ਉਸ ਦੇ ਲਾਭ ਦੇ ਅਲੋਕ ਵਿਚ ਜਿਥੇ ਇਹ ਦੇਖਣਾ ਆਸਾਨ ਹੈ ਕਿ ਹੌਲੀ-ਹੌਲੀ ਵਾਂਝਾ ਭਾਰਤ ਇਕ ਦਿਨ ਖ਼ਤਮ ਹੋ ਜਾਵੇਗਾ। ਉਥੇ ਕੁਝ ਲੋਕਾਂ ਦਾ ਮੰਨਣਾ ਹੈ ਕਿ ਵਿਦਮਾਨ ਅਸਮਾਨਤਾਵਾਂ ਨਿਸ਼ਚਿਤ ਤੌਰ 'ਤੇ ਕਿਸੇ ਨਾ ਕਿਸੇ ਤਰ੍ਹਾਂ ਦੇ ਸੰਘਰਸ਼ ਨੂੰ ਜਨਮ ਦੇਣਗੀਆਂ।

*ਫਿਰ ਆਉਂਦੇ ਹਨ, ਦੋ ਭਾਰਤ, ਇਕ ਸੰਪੂਰਨ ਅਤੇ ਦੂਜਾ ਵੰਚਿਤਾਂ ਲਈ। ਬਹਿਸ ਦਾ ਇਕ ਵੱਡਾ ਮੁੱਦਾ ਤਾਂ ਇਹੀ ਹੈ ਕਿ ਕੀ ਇਨ੍ਹਾਂ ਵਿਚੋਂ ਇਕ ਭਾਰਤ ਦੂਜੇ 'ਤੇ ਹਾਵੀ ਹੋ ਰਿਹਾ ਹੈ। ਆਰਥਿਕ ਵਿਕਾਸ ਦਰ ਅਤੇ ਉਸ ਦੇ ਲਾਭ ਦੇ ਅਲੋਕ ਵਿਚ ਜਿਥੇ ਇਹ ਦੇਖਣਾ ਆਸਾਨ ਹੈ ਕਿ ਹੌਲੀ-ਹੌਲੀ ਵਾਂਝਾ ਭਾਰਤ ਇਕ ਦਿਨ ਖ਼ਤਮ ਹੋ ਜਾਵੇਗਾ। ਉਥੇ ਕੁਝ ਲੋਕਾਂ ਦਾ ਮੰਨਣਾ ਹੈ ਕਿ ਵਿਦਮਾਨ ਅਸਮਾਨਤਾਵਾਂ ਨਿਸ਼ਚਿਤ ਤੌਰ 'ਤੇ ਕਿਸੇ ਨਾ ਕਿਸੇ ਤਰ੍ਹਾਂ ਦੇ ਸੰਘਰਸ਼ ਨੂੰ ਜਨਮ ਦੇਣਗੀਆਂ।*

ਸਮਝਣ ਦੀ ਜ਼ਰੂਰਤ ਇਹ ਹੈ ਕਿ ਇਹ ਦੋਵੇਂ ਭਾਰਤ ਹੀ ਸਚਾਈਆਂ ਹਨ। ਇਸ ਨੂੰ ਦੇਖਦੇ ਹੋਏ ਸਾਨੂੰ ਅਜਿਹੇ ਵਿਕਲਪ ਚੁਣਨੇ ਪੈਣਗੇ, ਜਿਸ ਦੀ ਮਦਦ ਨਾਲ ਭਾਰਤ ਦੀ ਮਿਲੀ-ਜੁਲੀ ਕਹਾਣੀ ਲਿਖੀ ਜਾ ਸਕੇ। ਇਸ ਲਈ ਸਾਨੂੰ ਛੋਟੇ ਪਰ ਸਹੀ ਵਿਕਲਪ ਚੁਣਨੇ ਪੈਣਗੇ ਅਤੇ ਇਕ ਵਾਰ ਜਦੋਂ ਅਸੀਂ ਇਸ ਦੀ ਸ਼ੁਰੂਆਤ ਕਰ ਦੇਵਾਂਗੇ ਤਾਂ ਅਸੀਂ ਜ਼ਿਆਦਾ ਵਿਸ਼ਵਾਸ ਨਾਲ ਪਰਿਪੂਰਣ ਅਤੇ ਸਫਲ ਮਹਿਸੂਸ ਕਰਾਂਗੇ। ਸਹੀ ਸ਼ਖ਼ਸ ਨੂੰ ਸਹਿਯੋਗ ਦੇਣਾ, ਬਗੈਰ ਡਰ ਦੇ ਸੱਚ ਦਾ ਸਾਥ ਦੇਣਾ, ਸਾਕਾਰਾਤਮਕ ਵਿਵਹਾਰ ਕਰਨ ਲਈ ਸੂਚਨਾਵਾਂ ਦੇ ਅਦਾਨ-ਪ੍ਰਦਾਨ ਦਾ ਨੈਟਵਰਕ ਤਿਆਰ ਕਰਨਾ, ਵਰਗੀਆਂ ਛੋਟੀਆਂ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ। ਇਨ੍ਹਾਂ ਛੋਟੀਆਂ ਕੋਸ਼ਿਸ਼ਾਂ ਨਾਲ ਸਾਡੀਆਂ ਇੱਛਾਵਾਂ ਕਿਤੇ ਮਜ਼ਬੂਤੀ ਨਾਲ ਪਰਿਲਖਤ ਹੋਣਗੀਆਂ। ਇਹ ਕੰਮ ਕਿਸੇ ਵੱਡੇ ਕਦਮ ਨੂੰ ਚੁੱਕਣ ਨਾਲੋਂ ਕਿਤੇ ਮਹੱਤਵਪੂਰਨ ਸਾਬਿਤ ਹੋਣਗੇ। ਦੇਸ਼ ਭਰ ਦੇ ਹਰੇਕ ਖੇਤਰ ਨਾਲ ਜੁੜੀਆਂ ਉਦਮਸ਼ੀਲਤਾ ਅਤੇ ਪ੍ਰਯੋਗਧਰਮਿਤਾ ਦੀਆਂ ਕਹਾਣੀਆਂ ਨਿਤ ਨਵੇਂ ਸਮਾਜਿਕ ਅਤੇ ਆਰਥਿਕ ਪੁਰਸਕਾਰ ਦੇ ਕੇ ਜਾਣਗੀਆਂ। ਸਾਡੀ ਸਫਲਤਾ ਦੀ ਕਹਾਣੀ ਇਕ ਦਿਨ ਜਾਂ ਰਾਤ ਭਰ ਵਿਚ ਪੂਰੀ ਨਹੀਂ ਹੋ ਜਾਵੇਗੀ। ਇਸ ਨੂੰ ਪੂਰਾ ਕਰਨ ਲਈ ਸਾਨੂੰ ਬੁਰੇ ਸਮੇਂ ਜਾਂ ਤੇਜ਼ੀ ਨਾਲ ਬੀਤਦੇ ਸਮੇਂ ਲਈ ਰੁੱਕ ਕੇ ਉਸ 'ਤੇ ਪ੍ਰਤੀਕਰਮ ਬੰਦ ਕਰਨ ਦੀ ਲੋੜ ਪਵੇਗੀ। ਸਮਾਂ ਤਾਂ ਤੇਜ਼ੀ ਨਾਲ ਬੀਤਦਾ ਹੀ ਰਹੇਗਾ। ਇਹ ਤਾਂ ਸਾਡੇ 'ਤੇ ਹੀ ਨਿਰਭਰ ਕਰੇਗਾ ਕਿ ਅਸੀਂ ਆਉਣ ਵਾਲੇ 365 ਦਿਨਾਂ ਵਿਚ ਕਿਹੜਾ ਰੰਗ ਭਰਦੇ ਹਾਂ, ਜਿਹੜੇ ਉਸ ਦੀ ਸੀਰਤ ਬਦਲ ਦੇਣਗੇ। ਧਿਆਨ ਰੱਖੋ, ਅਸੀਂ ਸਾਰੇ ਸੀਮਤ ਓਵਰ ਵਾਲਾ ਮੈਚ ਖੇਡ ਰਹੇ ਹਾਂ। ਚੌਕੇ-ਛੱਕਿਆਂ ਦੀ ਮਦਦ ਨਾਲ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਰਨ ਬਟੋਰਨੇ ਹੋਣਗੇ, ਕਿਉਂਕਿ ਜੀਵਨ ਦਾ ਸਮਾਂ ਤਾਂ ਤੈਅ ਹੈ। ਅੰਤ ਨੂੰ ਸਾਡਾ ਪ੍ਰਦਰਸ਼ਨ ਹੀ ਯਾਦ ਰਹਿ ਜਾਵੇਗਾ।

ੴ ਸਤਿਗੁਰ ਪ੍ਰਸਾਦਿ

## ਗਿੱਲ ਇੰਸ਼ੁਰੈਂਸ ਦੇ ਮਾਲਕਾਂ ਹੈਰੀ ਗਿੱਲ ਅਤੇ ਅਵਤਾਰ ਗਿੱਲ ਵਲੋਂ
## ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵਾਂ ਸਾਲ 2008 ਮੁਬਾਰਕ

## ਅਤੇ ਸਰਬੰਸਦਾਨੀ, ਨੀਲੇ ਘੋੜੇ ਦੇ ਅਸਵਾਰ ਕਲਗੀਧਰ ਦਸਮੇਸ਼ ਪਿਤਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

# ਬਹੁਤ ਬਹੁਤ ਵਧਾਈ ਹੋਵੇ



ਹੈਰੀ ਗਿੱਲ



ਅਵਤਾਰ ਗਿੱਲ

ਹੁਣ ਅਮਰੀਕਾ ਦੀਆਂ ਚਾਰ ਸਟੇਟਾਂ – ਕੈਲੇਫੋਰਨੀਆ, ਨੇਵਾਡਾ, ਐਰੀਜੋਨਾ, ਟੈਕਸਸ ਵਿਚ ਲਾਈਸੈਂਸਸ਼ੁਦਾ

ਹਰ ਤਰ੍ਹਾਂ ਦੀ ਕਮਰਸ਼ੀਅਲ ਇੰਸ਼ੋਰੈਂਸ– ਗੈਸ ਸਟੇਸ਼ਨ, ਹੋਟਲ–ਮੋਟਲ, ਲਿਕਰ ਸਟੋਰ, ਰੈਸਟੋਰੈਂਟ ਅਤੇ ਵਰਕਮੈਨ ਕੌਂਪ।

**For All Your Insurance Needs Please Call**

# Gill Insurance & Properties

**2452 W Tahoe, PO Box 67 Caruthers, CA 93609**
**Ph: 559-864-8800 or 1-800-348-Crop (2767)Cell: 559-352-9222**
**Fax: 559-864-8688**

ਖਾਲਸਾ ਪੰਥ

# ਗੁਰੂ ਗੋਬਿੰਦ ਸਿੰਘ ਨੇ ਸਿੱਖੀ ਨੂੰ ਸੰਪੂਰਨਤਾ ਬਖਸ਼ੀ

ਜੇਕਰ ਸੰਸਾਰ ਦੇ ਇਤਿਹਾਸ ਵਿਚੋਂ ਸਿੱਖੀ ਦਾ ਜਾਂ ਸਿੱਖ ਗੁਰੂਆਂ ਦਾ ਇਤਿਹਾਸ ਕੱਢ ਦਿੱਤਾ ਜਾਵੇ ਤਾਂ ਇਤਿਹਾਸ ਉਹ ਨਾ ਰਹੇ ਜੋ ਅੱਜ ਹੈ। ਪਰ ਫਿਰ ਵੀ ਇੰਨੀ ਦ੍ਰਿੜ੍ਹਤਾ ਅਤੇ ਸੰਘਰਸ਼ ਦੀ ਮਾਲਕ ਕੌਮ ਅੱਜ ਰਸਾਤਲ ਦੀ ਖੱਡ ਵਿਚ ਡਿੱਗ ਚੁੱਕੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਦ੍ਰਿੜ੍ਹਤਾ ਦੀ ਮਾਲਕ

**ਸ. ਅਮਰਿੰਦਰ ਸਿੰਘ ਪੱਟੀ**

ਕੌਮ ਨੂੰ ਰਸਾਤਲ ਦੀ ਖੱਡ ਵਿਚੋਂ ਕੱਢੀਏ। ਪਰ ਇਹ ਤਾਂ ਹੀ ਹੋ ਸਕੇਗਾ ਜੇਕਰ ਅਸੀਂ ਆਪਣੇ ਗੁਰੂਆਂ ਤੋਂ, ਆਪਣੇ ਸ਼ਹੀਦਾਂ ਤੋਂ ਸੇਧ ਲੈ ਲਈਏ। ਆਉ! ਆਪਣੇ ਗੁਰੂਆਂ ਦੇ ਨਕਸ਼ੇ-ਕਦਮ 'ਤੇ ਚੱਲੀਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਧਰਤੀ 'ਤੇ ਜ਼ੁਲਮ ਦਾ ਨਾਸ਼ ਕਰਨ ਲਈ ਉਸ ਅਕਾਲ ਪੁਰਖ ਵਾਹਿਗੁਰੂ ਵਲੋਂ ਭੇਜਿਆ ਗਿਆ। ਸਤਿਗੁਰੂ ਪਾਤਸ਼ਾਹ ਲਈ, ਇਸ ਧਰਤੀ 'ਤੇ ਜਿਸ ਧਰਮ ਦੀ ਨੀਂਹ ਗੁਰੂ ਨਾਨਕ ਪਾਤਸ਼ਾਹ ਨੇ ਰੱਖੀ, ਉਸ ਨੀਂਹ ਨੂੰ ਪੱਕਿਆਂ ਕਰਨ ਲਈ ਖਾਲਸਾ ਪੰਥ ਦੀ ਰਚਨਾ ਜ਼ਰੂਰੀ ਸੀ। ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜਦੋਂ ਆਸਾਮ ਦੇਸ਼ ਨੂੰ ਚਲੇ ਗਏ ਉਸ ਤੋਂ ਬਾਅਦ 7 ਪੋਹ ਸੰਨ 1666 ਨੂੰ ਗੁਰੂ ਜੀ ਦੇ ਗ੍ਰਹਿ ਵਿਖੇ ਮਾਤਾ ਗੁਜਰੀ ਜੀ ਦੀ ਕੁੱਖੋਂ ਗੁਰੂ ਜੀ ਦਾ ਪ੍ਰਕਾਸ਼ ਹੋਇਆ।

ਸਾਹਿਬਜ਼ਾਦੇ ਦਾ ਨਾਮ 'ਗੋਬਿੰਦ ਰਾਏ' ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਸ ਸਮੇਂ ਹੀ ਰੱਖ ਕੇ ਮਾਤਾ ਜੀ ਨੂੰ ਲਿਖ ਭੇਜਿਆ ਸੀ ਜਦੋਂ ਸਾਹਿਬਜ਼ਾਦੇ ਦੇ ਜਨਮ ਦੀ ਖਬਰ ਇਕ ਸਿੱਖ ਲੈ ਕੇ ਆਪ ਜੀ ਕੋਲ ਧੁਬਰੀ ਗਿਆ ਸੀ। ਇਨ੍ਹਾਂ ਦਾ ਨਾਮ 'ਗੋਬਿੰਦ' ਇਸ ਕਰਕੇ ਰੱਖਿਆ ਗਿਆ ਕਿ ਇਹ ਚਹੁੰ ਕੂੰਟਾਂ ਵਿਚ ਸੱਚ ਦਾ ਪ੍ਰਕਾਸ਼ ਕਰਨਗੇ।

ਇਕ ਵਾਰ ਬਾਲ ਅਵਸਥਾ ਦੇ ਵਿਚ ਆਪ ਨਦੀ ਕਿਨਾਰੇ ਖੇਡਦੇ ਹੋਏ ਆਪਣੇ ਇਕ ਹੱਥ ਦਾ ਕੜਾ ਡੇਗ ਆਏ। ਘਰ ਜਾਣ 'ਤੇ ਮਾਤਾ ਜੀ ਨੇ ਪੁੱਛ ਕੀਤੀ, "ਲਾਲ ਜੀ! ਕੜਾ ਕਿੱਥੇ ਡੇਗ ਆਏ ਹੋ?" ਆਪ ਨੇ ਉੱਤਰ ਦਿੱਤਾ, "ਮਾਤਾ ਜੀ! ਉਹ ਦਰਿਆ ਘਾਟੀ 'ਤੇ ਖੇਡਦਿਆਂ ਡਿੱਗ ਪਿਆ ਹੈ।"

ਮਾਤਾ ਜੀ ਬਾਲ ਗੋਬਿੰਦ ਜੀ ਨੂੰ ਉਸ ਜਗ੍ਹਾ 'ਤੇ ਲੈ ਕੇ ਗਏ ਜਿੱਥੇ ਕੜਾ ਡਿੱਗਾ ਸੀ। ਮਾਤਾ ਜੀ ਨੇ ਪੁੱਛਿਆ ਕਿ ਕੜਾ ਕਿੱਥੇ ਡਿੱਗਾ ਹੈ ਤਾਂ ਆਪ ਜੀ ਨੇ ਦੂਸਰੇ ਹੱਥ ਦਾ ਕੜਾ ਲਾਹ ਕੇ ਨਦੀ ਵਿਚ ਸੁੱਟਦਿਆਂ ਕਿਹਾ, "ਮਾਤਾ ਜੀ! ਇਥੇ ਡਿੱਗਾ ਹੈ।" ਇਸ ਚੋਜ ਪਿੱਛੇ ਗੁਰੂ ਸਾਹਿਬ ਦਾ ਰਮਜ਼ ਭਰਿਆ ਉਪਦੇਸ਼ ਸੀ ਕਿ ਮਾਇਆ ਨੂੰ ਹੱਥਾਂ ਦੀਆਂ ਬੇੜੀਆਂ ਨਾ ਬਣਨ ਦਿਉ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 2200 ਰੁਪਏ ਵਿਚ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਚੱਕ ਨਾਨਕੀ ਨਾਮ ਦਾ ਨਗਰ ਵਸਾਇਆ ਸੀ ਜੋ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਗਤ-ਪ੍ਰਸਿੱਧ ਹੈ। ਆਪ ਨੇ ਆਪਣਾ ਪਰਿਵਾਰ ਵੀ ਚੱਕ ਨਾਨਕੀ ਬੁਲਾ ਲਿਆ। ਥੋੜ੍ਹਾ ਸਮਾਂ ਬੀਤਿਆ। ਔਰੰਗਜ਼ੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਤ ਗੁਰੂ ਸਾਹਿਬ ਕੋਲ ਫਰਿਆਦ ਲੈ ਕੇ ਆਏ। ਆਪ ਨੇ ਇਨ੍ਹਾਂ ਦੀ ਫਰਿਆਦ ਸੁਣ ਕੇ ਸ਼ਹੀਦੀ ਦੇ ਲਈ ਦਿੱਤੀ। 'ਸ਼ਹੀਦ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਗਵਾਹੀ ਜਾਂ ਕੌਮ ਲਈ ਕੁਰਬਾਨ ਹੋਣਾ। ਇਸ ਦੀ ਵਰਤੋਂ ਕੁਰਾਨ ਤੇ ਹਦੀਸ ਵਿਚ ਕੀਤੀ ਗਈ ਹੈ। ਸਿੱਖਾਂ ਨੇ ਸ਼ਹਾਦਤ ਦੇ ਇਨ੍ਹਾਂ ਸ਼ਬਦਾਂ ਨੂੰ ਹੋਰ ਵਿਆਪਕਤਾ ਤੇ ਡੂੰਘਾਈ ਪ੍ਰਦਾਨ ਕੀਤੀ।

ਸਿੱਖ ਗੁਰੂਆਂ ਨੇ ਜਾਂ ਗੁਰੂ ਕੇ ਸਿੱਖਾਂ ਨੇ ਸ਼ਹਾਦਤ (ਸ਼ਹੀਦੀ) ਨੂੰ ਜੋ ਅਰਥ ਦਿੱਤੇ, ਕੋਈ ਹੋਰ ਨਹੀਂ ਦੇ ਸਕਿਆ। ਸਭ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਦੀ ਜਾਨ ਬਚ ਸਕਦੀ ਸੀ ਜੇਕਰ ਮੁਗਲ ਹਾਕਮਾਂ ਦੇ ਕਹੇ ਮੁਤਾਬਕ ਗੁਰਬਾਣੀ ਵਿਚ ਥੋੜ੍ਹੀ ਰਦੋ-ਬਦਲ ਕਰ ਦਿੱਤੀ ਜਾਂਦੀ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਥੋੜ੍ਹੀ ਜਿਹੀ ਉਸਤਤ ਸ਼ਾਮਲ ਕਰ ਦਿੱਤੀ ਜਾਂਦੀ ਜਾਂ ਆਪਣੀਆਂ ਹੱਕ-ਸੱਚ 'ਤੇ ਆਧਾਰਿਤ ਗਤੀਵਿਧੀਆਂ ਬੰਦ ਕਰ ਦਿੱਤੀਆਂ ਜਾਂਦੀਆਂ ਜਾਂ ਇਸਲਾਮੀ ਸ਼ਰ੍ਹਾ ਨੂੰ ਕਬੂਲ ਕਰ ਲਿਆ ਜਾਂਦਾ। ਜ਼ਿੰਦਗੀ ਬਚ ਸਕਦੀ ਸੀ। ਇਥੇ ਤਾਂ ਜ਼ਿੰਦਗੀ ਦੇ ਚਾਰ-ਚਾਰ ਦਰਵਾਜ਼ੇ ਖੁੱਲ੍ਹੇ ਸਨ। ਪਰ ਕੌਮ ਨੂੰ ਮਜੀਠੇ ਰੰਗ ਦੀ ਰੰਗਤ ਵੀ ਤਾਂ ਦੇਣੀ ਸੀ!

ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਸਾ ਕਾਨੂੰਨ ਦੇ ਤਹਿਤ ਸ਼ਹੀਦ ਕਰ ਦਿੱਤਾ ਗਿਆ। ਸਤਿਗੁਰੂ ਪਾਤਸ਼ਾਹ ਨੇ ਤੱਤੀ ਤਵੀ 'ਤੇ ਬੈਠ ਕੇ ਕਹਿ ਦਿੱਤਾ :

ਜੋ ਤੁਧੁ ਭਾਵੈ ਸਾਈ ਭਲੀ ਕਾਰ॥ (ਪੰਨਾ 4)

ਕੀ ਐਸਾ ਇਤਿਹਾਸ ਹੋਰ ਕਿਧਰੋਂ ਮਿਲੇਗਾ ਜਦੋਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਜਾ ਰਹੇ ਨੇ ਤੇ ਉਸ ਸਮੇਂ ਬਾਲ ਗੋਬਿੰਦ ਦੀ ਉਮਰ ਕੇਵਲ 9 ਸਾਲ ਦੀ ਹੈ।


ਸ੍ਰੀ ਗੋਬਿੰਦ ਰਾਏ ਜੀ ਨੂੰ 11 ਨਵੰਬਰ 1675 ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਦਿੱਤੀ ਗਈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸ ਸ਼ਾਂਤਮਈ ਸ਼ਹੀਦੀ ਤੋਂ ਬਾਅਦ ਹੁਣ ਲੋੜ ਸੀ ਸਿੱਖਾਂ ਅੰਦਰ ਆਉਣ ਵਾਲੇ ਸਮੇਂ ਦੀਆਂ ਮੁਸੀਬਤਾਂ ਦਾ ਟਾਕਰਾ ਕਰਨ ਲਈ ਜੋਸ਼ ਭਰਨ ਦੀ। ਕਿਉਂਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਜਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ ਸ਼ਹੀਦੀ ਆਖਰੀ ਸ਼ਹੀਦੀ ਨਹੀਂ ਸੀ। ਸ਼ਹੀਦੀਆਂ ਦਾ ਜੋ ਸਿਲਸਿਲਾ ਸੀ, ਉਹ ਇਥੇ ਹੀ ਖਤਮ ਨਹੀਂ ਸੀ ਹੋ ਜਾਂਦਾ ਇਹ ਤਾਂ ਅਜੇ ਸ਼ੁਰੂਆਤ ਸੀ।

ਗੁਰੂ ਸਾਹਿਬ ਨੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਆਪ ਨੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਫਿਰ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ 'ਗੋਬਿੰਦ ਰਾਏ' ਤੋਂ 'ਗੋਬਿੰਦ ਸਿੰਘ' ਬਣੇ ਅਤੇ ਜਿਸ ਮੂਲ ਕਾਰਜ ਲਈ ਅਕਾਲ ਪੁਰਖ ਨੇ ਉਨ੍ਹਾਂ ਨੂੰ ਧਰਤੀ 'ਤੇ ਭੇਜਿਆ ਸੀ ਉਸ ਕਾਰਜ ਦਾ ਆਰੰਭ ਕੀਤਾ ਤੇ ਖਾਲਸਾ ਪੰਥ ਦੀ ਨੀਂਹ ਰੱਖੀ।

ਜਿਸ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ, ਉਸ ਨੀਂਹ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਪੱਕਾ ਕਰ ਦਿੱਤਾ।

***ਗੁਰੂ ਸਾਹਿਬ ਦੇ ਦਰਬਾਰ ਵਿਚ ਇਕ ਦਿਨ ਬਿਹਾਰ ਤੋਂ ਇਕ ਪੰਡਤ ਸ਼ਨੀ ਦਾ ਦਾਨ ਲੈਣ ਲਈ ਆਇਆ। ਗੁਰੂ ਸਾਹਿਬ ਨੇ ਪੁੱਛਿਆ, "ਪੰਡਤ ਜੀ! ਕਿੱਧਰ ਆਏ ਹੋ ਤਾਂ ਪੰਡਤ ਨੇ ਕਿਹਾ, "ਮਹਾਰਾਜ, ਮੈਂ ਸ਼ਨੀ ਦਾ ਦਾਨ ਲੈਣ ਆਇਆ ਹਾਂ। ਮੈਂ ਸੁਣਿਆ ਹੈ ਕਿ ਤੁਸੀਂ ਕਿਸੇ ਨੂੰ ਮੋੜਦੇ ਨਹੀਂ।"***

***ਗੁਰੂ ਸਾਹਿਬ ਨੇ ਉਸ ਪੰਡਤ ਨੂੰ ਮਾਂਹ ਦੀ ਦਾਲ ਵੀ ਦੇ ਦਿੱਤੀ, ਤੇਲ ਵੀ ਦੇ ਦਿੱਤੇ ਤੇ ਕਾਲਾ ਕੱਪੜਾ ਵੀ ਦੇ ਦਿੱਤਾ ਤੇ ਲੋਹਾ ਵੀ ਦੇ ਦਿੱਤਾ। ਗੁਰੂ ਸਾਹਿਬ ਦੇਖਣਾ ਚਾਹੁੰਦੇ ਸਨ ਕਿ ਸਿੱਖ ਆਪਣੇ ਧਾਰਮਿਕ ਅਕੀਦੇ ਵਿਚ ਪਰਪੱਕ ਹੋ ਚੁੱਕੇ ਹਨ ਜਾਂ ਅਜੇ ਵੀ ਅਖੌਤੀ ਦਾਨ-ਪੁੰਨ ਦੇ ਚੱਕਰਾਂ ਵਿਚ ਫਸੇ ਹਨ। ਪੰਡਤ ਹੁਰੀਂ ਸਾਰਾ ਦਾਨ ਖੋਤੇ 'ਤੇ ਲੱਦ ਕੇ ਬਾਹਰ ਨਿਕਲੇ ਤਾਂ ਸਿੱਖਾਂ ਨੇ ਸਾਰਾ ਹੀ ਖੋਹ ਲਿਆ। ਦਾਲ ਤੇ ਤੇਲ ਲੰਗਰ ਵਿਚ ਪਾ ਦਿੱਤੇ। ਕਾਲੇ ਕੱਪੜੇ ਦੇ ਸਿੰਘਾਂ ਨੇ ਵਸਤਰ ਸਵਾ ਲਏ ਤੇ ਲੋਹੇ ਦੇ ਕੜੇ ਬਣਨੇ ਦੇ ਦਿੱਤੇ।***



ਸਮੇਂ ਨੇ ਰੁਖ ਬਦਲਿਆ। ਸ਼ਾਹੀ ਫੌਜਾਂ ਅਨੰਦਪੁਰ ਸਾਹਿਬ ਨੂੰ ਚੜ੍ਹ ਆਈਆਂ। ਔਰੰਗਜ਼ੇਬ ਤੇ ਪਹਾੜੀ ਰਾਜਿਆਂ ਨੇ ਮਿਲ ਕੇ ਸੰਨ 1704 ਵਿਚ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਤੇ ਉਨ੍ਹਾਂ ਦੇ ਪਰਿਵਾਰ ਸਮੇਤ ਕੁਝ ਕੁ ਸਿੰਘਾਂ ਨੂੰ ਸ਼ਾਹੀ ਫੌਜਾ ਨੇ ਕਈ ਮਹੀਨਿਆਂ ਤੱਕ ਕਿਲ੍ਹੇ ਵਿਚ ਹੀ ਘੇਰੀ ਰੱਖਿਆ। ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਤੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਵਾਉਣ ਲਈ ਗਊ ਅਤੇ ਠਾਕੁਰ ਆਦਿ ਦੀਆਂ ਕਸਮਾਂ ਖਾਧੀਆਂ। ਇਥੋਂ ਤੱਕ ਕਿ ਔਰੰਗਜ਼ੇਬ ਨੇ ਵੀ ਕੁਰਾਨ 'ਤੇ ਆਪਣੀ ਕਸਮ ਲਿਖ ਭੇਜੀ।

ਜਦ ਇਹ ਕੁਰਾਨ ਸੂਬੇ ਨੇ ਆਪਣੇ ਮੰਤਰੀ ਹੱਥ ਗੁਰੂ ਸਾਹਿਬ ਨੂੰ ਭੇਜੀ ਤਾਂ ਇਸ ਦੇ ਨਾਲ ਹੀ ਪਹਾੜੀ ਰਾਜਿਆਂ ਨੇ ਆਪਣੇ ਮੰਤਰੀ ਨੂੰ ਗੁਰੂ ਜੀ ਪਾਸ ਭੇਜ ਕੇ ਆਪਣੇ ਠਾਕਰਾਂ ਅਤੇ ਗਊ ਨੂੰ ਜ਼ਾਮਨ ਦੇ ਕੇ ਸਹੁੰਆਂ ਖਾਧੀਆਂ ਕਿ "ਇਕ ਵਾਰ ਕਿਲ੍ਹਾ ਛੱਡ ਕੇ ਚਲੇ ਜਾਵੋ, ਫੇਰ ਬੇਚਿੰਤ ਹੋ ਕੇ ਜਿੱਥੇ ਮਰਜ਼ੀ ਰਹੋ।"

ਗੁਰੂ ਸਾਹਿਬ ਨੂੰ ਪਤਾ ਸੀ ਕਿ ਇਹ ਝੂਠੀਆਂ ਕਸਮਾਂ ਖਾ ਰਹੇ ਹਨ, ਕਿਉਂਕਿ ਇਨ੍ਹਾਂ ਨੇ ਪਹਿਲਾਂ ਵੀ ਤਾਂ ਕਸਮਾਂ ਖਾਧੀਆਂ ਹੀ ਸਨ ਤੇ ਜਦ ਗੁਰੂ ਸਾਹਿਬ ਨੇ ਸਿੱਖਾਂ ਦਾ ਭਰਮ ਦੂਰ ਕਰਨ ਵਾਸਤੇ ਰਾਤ ਸਮੇਂ ਖੋਤਿਆਂ 'ਤੇ ਕੂੜੇ-ਕਰਕਟ ਆਦਿ ਦੀਆਂ ਬੋਰੀਆਂ ਭਰ ਕੇ, ਲੱਦ ਕੇ ਉਹ ਕਿਲ੍ਹੇ ਵਿਚੋਂ ਕੱਢੇ ਤਾਂ ਇਨ੍ਹਾਂ ਕਸਮਾਂ ਖਾਣ ਵਾਲਿਆਂ ਨੇ ਖਜ਼ਾਨਾ ਸਮਝ ਕੇ ਹਮਲਾ ਕਰ ਦਿੱਤਾ। ਪਰ ਜਦ ਉਨ੍ਹਾਂ ਬੋਰੀਆਂ ਨੂੰ ਲਾਹ ਕੇ ਦੇਖਿਆ ਤਾਂ ਬੜੇ ਸ਼ਰਮਸਾਰ ਹੋਏ। ਇਸ ਕਰਕੇ ਹੁਣ ਵੀ ਇਨ੍ਹਾਂ 'ਤੇ ਵਿਸ਼ਵਾਸ ਨਹੀਂ ਸੀ ਕੀਤਾ ਜਾ ਸਕਦਾ।

ਪਰ ਭੁੱਖੇ-ਭਾਣੇ ਸਿੰਘਾਂ ਨੇ ਮਾਤਾ ਗੁਜਰੀ ਜੀ ਦੇ ਰਾਹੀਂ ਗੁਰੂ ਸਹਿਬ ਨੂੰ ਕਿਲ੍ਹਾ ਛੱਡਣ ਲਈ ਬੇਨਤੀ ਕੀਤੀ ਤੇ ਅੰਤ ਗੁਰੂ ਸਾਹਿਬ ਨੇ 5-6 ਪੋਹ ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਤੇ ਚਾਲੇ ਪਾ ਲਏ। ਗੁਰੂ ਸਾਹਿਬ ਨੇ ਅਜੇ ਸਰਸਾ ਨਦੀ ਵੀ ਪਾਰ ਨਹੀਂ ਸੀ ਕੀਤੀ ਕਿ ਇਨ੍ਹਾਂ ਕੁਰਾਨ, ਗਊ ਤੇ ਠਾਕਰਾਂ ਦੀਆਂ ਕਸਮਾਂ ਖਾਣ ਵਾਲਿਆਂ ਨੇ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ 'ਤੇ ਗੁਰੂ ਸਾਹਿਬ ਦਾ ਸਾਰਾ ਪਰਿਵਾਰ ਵਿਛੜ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ 40 ਸਿੰਘ ਤੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚ ਗਏ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਗੰਗੂ ਮਿਲ ਗਿਆ ਤੇ ਉਹ ਆਪਣੇ ਨਾਲ ਪਿੰਡ ਸਹੇੜੀ (ਮੋਰਿੰਡਾ) ਲੈ ਗਿਆ। ਗੁਰੂ ਸਾਹਿਬ ਦੇ ਮਹਿਲ ਮਾਤਾ ਸਾਹਿਬ ਦੇਵਾਂ ਜੀ ਤੇ ਮਾਤਾ ਸੁੰਦਰੀ ਜੀ ਸਿੰਘਾਂ ਦੇ ਨਾਲ ਦਿੱਲੀ ਵੱਲ ਚਲੇ ਗਏ। ਗੁਰੂ ਸਾਹਿਬ ਜਦੋਂ ਚਮਕੌਰ ਪਹੁੰਚੇ ਤਾਂ ਆਪ ਨੂੰ ਸਿੰਘਾਂ ਨੇ ਦੱਸਿਆ ਕਿ ਪਿੱਛੇ ਅਣਗਿਣਤ ਤੁਰਕ-ਦਲ ਤੇ ਪਹਾੜੀ ਸੈਨਾ ਆ ਰਹੀ ਹੈ ਤੇ ਅੱਗੋਂ ਦਸ ਲੱਖ ਫੌਜ ਜੋ ਖੁਆਜਾ ਮਰਦੂਦ ਨੇ ਦਿੱਲੀ ਤੋਂ ਮੰਗਵਾਈ ਹੈ ਨੇੜੇ ਹੀ ਆ ਪਹੁੰਚੀ ਹੈ।

1704 ਨੂੰ ਗੁਰੂ ਸਾਹਿਬ ਨੇ ਇਸ ਕਿਲ੍ਹਾ ਨੁਮਾ ਹਵੇਲੀ ਨੂੰ ਆਪਣਾ ਮੋਰਚਾ ਬਣਾ ਲਿਆ। ਸਿੰਘਾਂ ਨੇ ਪ੍ਰਵਾਹ ਨਹੀਂ ਕੀਤੀ ਕਿ ਅਸੀਂ ਚਾਲੀ ਹਾਂ ਤੇ ਉਹ ਦੁਸ਼ਮਣ ਲੱਖਾਂ ਦੀ ਗਿਣਤੀ ਵਿਚ। ਇਸ ਦੀ ਬਿਲਕੁਲ ਹੀ ਕੋਈ ਪ੍ਰਵਾਹ ਨਾ ਕਰਦਿਆਂ ਗੁਰੂ ਕੇ ਸਿੰਘ ਆਪਣੇ ਗੁਰੂ ਤੋਂ ਕੁਰਬਾਨ ਜਾਣ ਲਈ ਖੜ੍ਹੇ ਸਨ। ਫੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਪੰਜ-ਪੰਜ ਸਿੰਘਾਂ ਦੇ ਜਥੇ ਨੂੰ ਲੜਨ ਲਈ ਭੇਜਿਆ ਜਾ ਰਿਹਾ ਸੀ।

ਸਾਹਿਬਜ਼ਾਦਾ ਅਜੀਤ ਸਿੰਘ ਤੇ ਪੰਜ ਸਿੰਘਾਂ ਨੂੰ ਲੜਨ ਲਈ ਮੈਦਾਨੇ-ਜੰਗ ਵਿਚ ਭੇਜਿਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਵੈਰੀਆਂ ਦੇ ਆਹੂ ਲਾਹ ਦਿੱਤੇ। ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿਚੋਂ ਆਪਣੇ ਸਪੂਤ ਨੂੰ ਵੈਰੀਆਂ ਦੇ ਨਾਲ ਲੋਹਾ ਲੈਂਦੇ ਦੇਖ ਰਹੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਅਨੇਕਾਂ ਨੂੰ ਮਾਰ ਕੇ ਸ਼ਹੀਦੀ ਦਾ ਜਾਮ ਪੀ ਗਏ। ਇਸੇ ਤਰ੍ਹਾਂ ਪੰਜ-ਪੰਜ ਸਿੰਘਾਂ ਦੇ ਜਥੇ ਲੜਨ ਲਈ ਬਾਹਰ ਜਾਂਦੇ ਰਹੇ ਤੇ ਹਜ਼ਾਰਾਂ ਦੀ ਗਿਣਤੀ ਨੂੰ ਮਾਰ ਕੇ ਅੰਤ ਸ਼ਹੀਦ ਹੋ ਜਾਂਦੇ। ਸਾਹਿਬਜ਼ਾਦਾ ਜੁਝਾਰ ਸਿੰਘ ਨੇ ਵੀ ਗੁਰੂ-ਪਿਤਾ ਜੀ ਤੋਂ ਮੈਦਾਨੇ-ਜੰਗ ਵਿਚ ਜੂਝਣ ਦੀ ਆਗਿਆ ਮੰਗੀ ਤੇ ਕਿਹਾ, "ਮੈਂ ਆਪਣੇ ਪਿਤਾ, ਆਪਣੇ ਦਾਦੇ ਦੇ ਨਾਮ ਨੂੰ ਦਾਗ ਨਹੀਂ ਲੱਗਣ ਦੇਵਾਂਗਾ। ਮੈਂ ਵੀ ਦੁਸ਼ਮਣਾਂ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕਰਾਂਗਾ।"

ਗੁਰੂ ਸਾਹਿਬ ਨੇ ਸਾਹਿਬਜ਼ਾਦੇ ਨੂੰ ਆਪ ਤਿਆਰ ਕੀਤਾ। ਸਾਹਿਬਜ਼ਾਦੇ ਨੂੰ ਦਸਤਾਰ ਸਜਾਈ ਗਈ, ਕਿਰਪਾਨ ਪਾਈ ਗਈ ਤੇ ਜੰਗ ਵਿਚ ਜੂਝਣ ਲਈ ਗੁਰੂ ਸਾਹਿਬ ਨੇ ਪੰਜਾਂ ਸਿੰਘਾਂ ਨਾਲ ਭੇਜ ਦਿੱਤਾ। ਗੁਰੂ ਸਾਹਿਬ ਆਪਣੇ ਸਪੂਤ ਨੂੰ ਜ਼ਾਲਮਾਂ ਦੇ ਨਾਲ ਲੜਦਾ ਵੇਖ ਰਹੇ ਸਨ। ਕੁਝ ਸਮੇਂ ਵਿਚ ਮੁਗਲਾਂ ਨੇ ਸਾਹਿਬਜ਼ਾਦੇ ਨੂੰ ਘੇਰਾ ਪਾ ਲਿਆ। ਸਾਹਿਬਜ਼ਾਦੇ ਨੂੰ ਘੇਰਾ ਪਾਇਆ ਵੇਖ ਕੇ ਗੁਰੂ ਸਾਹਿਬ ਨੇ ਗੜ੍ਹੀ ਵਿਚੋਂ ਤੀਰਾਂ ਦੀ ਵਾਛੜ ਕਰ ਦਿੱਤੀ। ਸਾਹਿਬਜ਼ਾਦਾ ਜੁਝਾਰ ਸਿੰਘ ਮੈਦਾਨੇ-ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਿਆ। ਚਮਕੌਰ ਦੀ ਗੜ੍ਹੀ ਦਾ ਸਾਕਾ ਦੁਨੀਆਂ ਦੀ ਮਿਸਾਲ ਹੈ। ਜ਼ਰਾ ਚਮਕੌਰ ਦੀ ਗੜ੍ਹੀ ਦਾ ਸਾਕਾ ਅੱਖਾਂ ਅੱਗੇ ਲੈ ਕੇ ਆਈਏ ਕਿ ਪਿਤਾ ਦੇ ਦੋਵੇਂ ਪੁੱਤਰ ਉਸ ਦੀਆਂ ਅੱਖਾਂ ਦੇ ਸਾਹਮਣੇ ਜੰਗ ਵਿਚ ਸ਼ਹੀਦ ਹੋਣ ਤੇ ਪਿਤਾ ਅਕਾਲ ਪੁਰਖ ਵਾਹਿਗੁਰੂ ਅੱਗੇ ਸ਼ੁਕਰ ਦਾ ਸਜਦਾ ਕਰਦਾ ਹੋਵੇ। ਅਜਿਹੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ।

ਸਾਰਾ ਦਿਨ ਘਮਸਾਣ ਦਾ ਯੁੱਧ ਹੁੰਦਾ ਰਿਹਾ। ਲੱਖਾਂ ਵੈਰੀਆਂ ਨੂੰ ਮਾਰ ਕੇ ਦੋਵੇਂ ਸਾਹਿਬਜ਼ਾਦੇ ਤੇ ਪੈਂਤੀ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਗੁਰੂ ਸਾਹਿਬ ਨੇ ਸਿੰਘਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਗੜ੍ਹੀ ਛੱਡ ਕੇ ਚਲੇ ਜਾਓ। ਪਰ ਗੁਰੂ ਸਾਹਿਬ ਗੜ੍ਹੀ ਛੱਡ ਕੇ ਜਾਣ ਲਈ ਤਿਆਰ ਨਹੀਂ ਸਨ। ਫਿਰ ਭਾਈ ਦਯਾ ਸਿੰਘ, ਧਰਮ ਸਿੰਘ, ਮਾਨ ਸਿੰਘ, ਸੰਗਤ ਤੇ ਸੰਤ ਸਿੰਘ, ਸਿੰਘਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਸਾਹਿਬ ਨੂੰ 'ਹੁਕਮ' ਕੀਤਾ ਤੁਸੀਂ ਗੜ੍ਹੀ ਛੱਡ ਕੇ ਚਲੇ ਜਾਉ। ਇਹ ਖਾਲਸੇ ਦਾ ਹੁਕਮ ਹੈ। ਇਸ ਤੋਂ ਉਪਰੰਤ ਆਪ ਜੀ ਨੇ ਆਪਣੀ ਕਲਗੀ, ਸ਼ਸਤਰ ਤੇ ਬਸਤਰ ਭਾਈ ਸੰਗਤ ਸਿੰਘ ਨੂੰ ਪਹਿਨਾ ਕੇ ਆਪਣਾ ਸਰੀਰਕ ਰੂਪ ਬਣਾ ਦਿੱਤਾ। ਗੁਰੂ ਸਾਹਿਬ ਖਾਲਸਾ ਦਾ ਹੁਕਮ ਮੰਨ ਕੇ ਗੜ੍ਹੀ ਵਿਚੋਂ ਬਾਹਰ ਨਿਕਲ ਆਏ। ਬਾਹਰ ਆ ਕੇ ਗੁਰੂ ਸਾਹਿਬ ਨੇ ਤਿੰਨ ਵਾਰ ਤਾੜੀ ਮਾਰੀ ਤੇ ਕਿਹਾ ਕਿ ਸਿੱਖਾਂ ਦਾ ਗੁਰੂ ਜਾ ਰਿਹਾ ਹੈ, ਜੇਕਰ ਕਿਸੇ 'ਚ ਹਿੰਮਤ ਹੈ ਤਾਂ ਆ ਕੇ ਰੋਕ ਲਵੇ। ਕੁਝ ਮੁਗਲਾਂ ਨੇ ਆਵਾਜ਼ ਸੁਣ ਕੇ ਗੁਰੂ ਸਾਹਿਬ ਦਾ ਪਿੱਛਾ ਵੀ ਕੀਤਾ ਪਰ ਗੁਰੂ ਸਾਹਿਬ ਨੇ ਤੀਰਾਂ ਦੀ ਵਰਖਾ ਕਰਕੇ ਉਨ੍ਹਾਂ ਨੂੰ ਮੌਤ ਦੀ ਨੀਂਦ ਸੁਆ ਦਿੱਤਾ।

ਦੂਸਰੇ ਪਾਸੇ ਪਿੰਡ ਖੇੜੀ ਪਹੁੰਚੇ ਗੰਗੂ ਦੇ ਨਾਲ ਮਾਤਾ ਜੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜਦ ਰਾਤ ਨੂੰ ਆਰਾਮ ਕਰ ਰਹੇ ਸਨ ਤਾਂ ਉਨ੍ਹਾਂ ਦੇ ਸਿਰਹਾਣੇ ਪਿਆ ਧਨ ਦੇਖ ਕੇ ਗੰਗੂ ਦੇ ਮਨ ਵਿਚ ਲਾਲਚ ਦਾ ਕੁੱਤਾ ਜਾਗ ਪਿਆ। ਲੋਭ ਵਿਚ ਅੰਨ੍ਹੇ ਗੰਗੂ ਨੇ ਸਰਕਾਰ ਤੋਂ ਇਨਾਮ ਤੇ ਮਾਤਾ ਜੀ ਕੋਲ ਪਿਆ ਧਨ ਪ੍ਰਾਪਤ ਕਰਨ ਲਈ 'ਚੋਰ-ਚੋਰ' ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਮਾਤਾ ਜੀ ਨੇ ਉਸ ਨੂੰ ਬੜਾ ਸਮਝਾਇਆ ਕਿ ਗੰਗੂ! ਤੂੰ ਸ਼ੋਰ ਨਾ ਮਚਾ। ਪਰ ਗੰਗੂ ਨੇ ਇਕ ਨਾ ਸੁਣੀ ਤੇ ਪਿੰਡ ਦੇ ਚੌਧਰੀ ਨੂੰ ਨਾਲ ਲੈ ਕੇ ਮੋਰਿੰਡੇ ਦੇ ਥਾਣੇ ਵਿਚ ਸੂਹ ਦੇ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਮੇਰੇ ਕਬਜ਼ੇ ਵਿਚ ਹਨ। ਥਾਣੇਦਾਰ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ।

23 ਦਸੰਬਰ 1804 ਨੂੰ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ (ਸਰਹੰਦ) ਵਿਚ ਕੈਦ ਕਰ ਦਿੱਤਾ ਗਿਆ। ਇਕ ਪੋਹ ਦਾ ਮਹੀਨਾ ਤੇ ਦੂਜਾ ਠੰਡਾ ਬੁਰਜ ਤੇ ਤੀਸਰਾ ਨਾ ਕੋਈ ਕੱਪੜਾ ਹੀ ਇਨ੍ਹਾਂ ਕੋਲ ਸੀ। ਭੁੱਖੇ-ਭਾਣੇ ਸਾਹਿਬਜ਼ਾਦੇ ਤੇ ਮਾਤਾ ਜੀ ਠੰਡੇ ਬੁਰਜ ਵਿਚ ਕੈਦ ਸਨ।

ਛੋਟੀਆਂ ਜਿੰਦਾਂ ਨੂੰ ਜਿਨ੍ਹਾਂ ਦੀ ਉਮਰ ਉਸ ਸਮੇਂ ਬਹੁਤ ਹੀ ਮਾਸੂਮ ਸੀ ਨੂੰ 27 ਦਸੰਬਰ 1704 ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਮਾਤਾ ਗੁਜਰੀ ਜੀ ਦਾ ਬਿਰਧ ਸਰੀਰ ਹੋਣ ਕਰਕੇ ਠੰਡੇ ਬੁਰਜ ਵਿਚ ਅਤਿ ਸਰਦੀ ਅਤੇ ਦਰਦਨਾਕ ਘਟਨਾਵਾਂ ਨੂੰ ਨਾ ਸਹਾਰਦੇ ਹੋਏ ਰੱਬੀ ਜੋਤ ਵਿਚ ਲੀਨ ਹੋ ਗਏ। ਗੁਰੂ ਸਾਹਿਬ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਕੇ ਮਾਛੀਵਾੜੇ ਦੇ ਜੰਗਲਾਂ ਵਿਚੋਂ ਗੁਲਾਬੇ ਤੇ ਪੰਜਾਬੇ ਦੇ ਬਾਗ ਪਹੁੰਚੇ। ਉਸ ਤੋਂ ਅੱਗੇ ਗੁਰੂ ਸਾਹਿਬ ਉੱਚ ਦੇ ਪੀਰ ਬਣ ਕੇ ਨੂਰਪੁਰ ਹੁੰਦੇ ਹੋਏ ਕਨੇਚ ਪਹੁੰਚੇ। ਇਸ ਕਨੇਚ ਪਿੰਡ ਵਿਚ ਗੁਰੂ ਜੀ ਦਾ ਇਕ ਪੁਰਾਣਾ ਸਿੱਖ ਫੱਤਾ ਰਹਿੰਦਾ ਸੀ। ਇਥੋਂ ਅੱਗੇ ਗੁਰੂ ਸਾਹਿਬ ਦੀਨੇ ਕਾਂਗੜ ਪਹੁੰਚ ਗਏ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖਿਆ। ਦੀਨੇ ਕਾਂਗੜ ਤੋਂ ਗੁਰੂ ਸਾਹਿਬ ਤਲਵੰਡੀ ਪਹੁੰਚੇ। ਇਥੇ ਗੁਰੂ ਸਾਹਿਬ ਨੇ ਕਾਫੀ ਸਮਾਂ ਗੁਜ਼ਾਰਿਆ। ਇਥੇ ਹੀ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਤੇ ਉਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸ਼ਾਮਲ ਕੀਤੀ। ਫਿਰ ਆਪ ਦੱਖਣ ਨੂੰ ਚਲੇ ਗਏ।

ਗੁਰੂ ਸਾਹਿਬ ਨੇ ਨੰਦੇੜ ਪਹੁੰਚ ਕੇ ਮਾਧੋ ਦਾਸ ਬੈਰਾਗੀ ਨਾਮ ਦੇ ਇਕ ਬੈਰਾਗੀ ਸਾਧੂ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਦਾ ਨਾਮ ਦੇ ਕੇ ਉਸ ਨੂੰ ਪੰਜਾਬ ਭੇਜ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਆ ਕੇ ਗੁਰੂ ਦੇ ਸਿੱਖਾਂ ਨੂੰ ਇਕੱਤਰ ਕਰਕੇ ਸਰਹੰਦ ਦੀ ਇੱਟ ਦੇ ਨਾਲ ਇੱਟ ਖੜਕਾ ਦਿੱਤੀ। ਦੂਸਰੇ ਪਾਸੇ ਨੰਦੇੜ ਵਿਚ ਗੁਰੂ ਸਾਹਿਬ ਦੇ ਉਤੇ ਸੂਬਾ ਸਰਹੰਦ ਵਜ਼ੀਰ ਖਾਂ ਵਲੋਂ ਭੇਜੇ ਦੋ ਪਠਾਣ ਗੁਲ ਖਾਂ ਤੇ ਅਤਾਉਲਾ ਖਾਂ ਨੇ ਕਟਾਰ ਨਾਲ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਗੁਰੂ ਸਾਹਿਬ ਦੇ ਪੇਟ 'ਤੇ ਜ਼ਖਮ ਹੋ ਗਿਆ। ਗੁਰੂ ਸਾਹਿਬ ਨੇ ਗੁਲ ਖਾਂ ਨੂੰ ਤਾਂ ਉਸੇ ਵੇਲੇ ਤਲਵਾਰ ਨਾਲ ਖਤਮ ਕਰ ਦਿੱਤਾ ਤੇ ਬਾਹਰ ਭੱਜ ਰਹੇ ਅਤਾਉਲਾ ਖਾਂ ਨੂੰ ਭਾਈ ਲੱਖਾ ਸਿੰਘ ਨੇ ਖਤਮ ਕਰ ਦਿੱਤਾ। ਇਸ ਘਟਨਾ ਨੂੰ ਆਪ ਜੀ ਨੇ ਅਕਾਲ ਪੁਰਖ ਦਾ ਸੱਦਾ ਸਮਝ ਕੇ 1708 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਦਿੱਤੀ ਕਿ ਅੱਜ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਤੁਹਾਡਾ ਗੁਰੂ ਹੋਵੇਗਾ। ਅੱਜ ਤੋਂ ਬਾਅਦ ਤੁਸੀਂ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖੜ੍ਹੇ ਹੋ ਕੇ ਖਾਲਸਾ ਜੋ ਹੁਕਮ ਕਰੇਗਾ ਉਹ ਮੇਰਾ ਹੁਕਮ ਹੋਵੇਗਾ। ਮੇਰੀ ਆਤਮਾ ਗ੍ਰੰਥ ਵਿਚ ਹੋਵੇਗੀ ਤੇ ਸਰੀਰ ਪੰਥ ਵਿਚ।

1708 ਨੂੰ ਆਪ ਜੋਤੀ ਜੋਤਿ ਸਮਾ ਗਏ। ਇੰਨੀ ਦ੍ਰਿੜ੍ਹਤਾ ਦੀ ਮਾਲਕ ਸਿੱਖ ਕੌਮ ਅੱਜ ਰਸਾਤਲ ਦੀ ਖੱਡ ਵਿਚ ਡਿੱਗ ਚੁੱਕੀ ਹੈ। ਅੱਜ ਲੋੜ ਹੈ ਉਨ੍ਹਾਂ ਮਾਤਾਵਾਂ ਦੀ ਜੋ ਆਪਣੇ ਬੱਚਿਆਂ ਨੂੰ ਰੋਟੀ ਖਵਾਉਂਦਿਆਂ ਹੋਇਆਂ ਚਮਕੌਰ ਦੀ ਗੜ੍ਹੀ ਅੰਦਰ ਭੁੱਖੇ-ਭਾਣੇ ਸਿੰਘਾਂ ਦੀ ਯਾਦ ਦਿਵਾਉਣ। ਲੋੜ ਹੈ ਉਨ੍ਹਾਂ ਮਾਤਾਵਾਂ ਦੀ ਜੋ ਆਪਣਿਆਂ ਬੱਚਿਆਂ ਨੂੰ ਸ਼ਹੀਦਾਂ ਦੀਆਂ ਸਾਖੀਆਂ ਸੁਣਾ-ਸੁਣਾ ਸਿੱਖੀ ਵੱਲ ਪ੍ਰੇਰਨ।

## ਗੁਰਪੁਰਬ 'ਤੇ ਵਿਸ਼ੇਸ਼

# ਮਾਨਵੀ ਮੁੱਲਾਂ ਦੇ ਪਹਿਰੇਦਾਰ ਸਨ-ਗੁਰੂ ਗੋਬਿੰਦ ਸਿੰਘ

**-ਡਾ. ਇੰਦਰ ਸਿੰਘ ਚਿਨਾਰਥਲ**

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਹੁਮੁਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਵਰਗਾ ਬਹੁਮੁਖੀ ਪ੍ਰਤਿਭਾ ਨਾਲ ਸ਼ਿੰਗਾਰਿਆ ਵਿਅਕਤੀਤਵ ਭਾਰਤੀ ਇਤਿਹਾਸ 'ਚ ਤਾਂ ਕੀ, ਸਮੁੱਚੇ ਵਿਸ਼ਵ-ਇਤਿਹਾਸ 'ਚ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਹੈ। ਗੁਰੂ ਦਸਮੇਸ਼ ਸੰਤ-ਸਿਪਾਹੀ, ਮਹਾਨ ਕ੍ਰਾਂਤੀਕਾਰੀ, ਰਾਸ਼ਟਰ ਨਾਇਕ, ਸਾਹਿਤ ਪ੍ਰੇਮੀ, ਅਨੇਕਾਂ ਭਾਸ਼ਾਵਾਂ ਦੇ ਵਿਦਵਾਨ, ਉੱਚ-ਕੋਟੀ ਦੇ ਕਵੀ, ਵਿਦਵਾਨਾਂ ਅਤੇ ਕਵੀਆਂ ਦੇ ਕਦਰਦਾਨ, ਮਹਾਨ ਚਿੰਤਕ ਤੇ ਦਾਰਸ਼ਨਿਕ, ਬਾਦਸ਼ਾਹ, ਦਰਵੇਸ਼, ਆਪੇ ਗੁਰ ਚੇਲਾ (ਗੁਰੂ ਵੀ ਤੇ ਸ਼ਿਸ਼ ਵੀ), ਲੋਕਤਾਂਤਰਿਕ ਪ੍ਰਣਾਲੀ ਦੇ ਵਾਸਤਵਿਕ ਜਨਮ-ਦਾਤਾ, ਸ਼ਹੀਦ ਪਿਤਾ ਦੇ ਸ਼ਹੀਦਪੁੱਤਰ, ਸ਼ਹੀਦ ਪੁੱਤਰਾਂ ਦੇ ਦਲੇਰ ਪਿਤਾ, ਖਾਲਸਾ ਪੰਥ ਦੇ ਸੰਸਥਾਪਕ, ਸਰਬੰਸ ਬਲੀਦਾਨੀ, ਆਦਰਸ਼ ਮਾਨਵ, ਮਾਨਵਤਾ ਦੇ ਰੱਖਿਅਕ, ਸਭ ਕੁਝ ਸਨ। ਲੇਕਿਨ ਮੇਰੀ ਦ੍ਰਿਸ਼ਟੀ 'ਚ ਸਭ ਤੋਂ ਪਹਿਲਾਂ ਉਹ ਸੰਤ-ਸਿਪਾਹੀ ਅਤੇ ਮਾਨਵਤਾ ਦੇ ਅਲੰਬਰਦਾਰ ਹਨ।

ਧਰਮ ਅਤੇ ਮਨੁੱਖਤਾ ਦੀ ਰੱਖਿਆ ਹਿੱਤ ਹੀ ਉਨ੍ਹਾਂ ਨੇ ਆਪਣੇ ਪਿਤਾ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ, ਪੂਜਨੀਕ ਮਾਤਾ ਗੁਜਰੀ ਜੀ, ਚਹੁੰ ਸਪੁੱਤਰਾਂ ਅਤੇ ਸੰਪੂਰਨ ਵੰਸ਼ ਨੂੰ ਕੁਰਬਾਨ ਕਰ ਦਿੱਤਾ। ਅੰਤ 'ਚ ਆਪਣੇ ਪ੍ਰਾਣਾਂ ਦੀ ਆਹੂਤੀ ਵੀ ਇਸੇ ਮਾਨਵ-ਯੱਗ 'ਚ ਦੇ ਦਿੱਤੀ। ਧਰਮ ਅਤੇ ਮਨੁੱਖਤਾ ਦਾ ਅਜਿਹਾ ਬੇਜੋੜ ਉਪਾਸ਼ਕ ਸਮੁੱਚੇ ਵਿਸ਼ਵ-ਇਤਿਹਾਸ 'ਚ ਨਾ ਤਾਂ ਅੱਜ ਤੱਕ ਪੈਦਾ ਹੋਇਆ ਹੈ ਅਤੇ ਨਾ ਹੀ ਸ਼ਇਦ ਕਦੇ ਪੈਦਾ ਹੋਵੇਗਾ। ਧਰਮ ਅਤੇ ਮਾਨਵ ਮਾਤਰ ਦੀ ਰੱਖਿਆ ਲਈ ਹੀ 'ਅਕਾਲ ਪੁਰਖ' ਨੇ ਉਨ੍ਹਾਂ ਨੂੰ ਇਸ ਪ੍ਰਿਥਵੀ 'ਤੇ ਭੇਜਿਆ ਸੀ :

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਯਨਿ ਪਕਰਿ ਪਛਾਰੋ॥42॥

(ਦਸਮ ਗ੍ਰੰਥ, ਅਧਿਆਏ ਛੇਵਾਂ)

ਦਸਮੇਸ਼ ਜੀ ਦੇ ਸਮੇਂ ਜਾਤ-ਪਾਤ ਅਤੇ ਧਾਰਮਿਕ ਵਿਤਕਰੇ ਕਾਰਨ ਭਾਰਤੀ ਸਮਾਜ ਖੰਡਿਤ ਹੋ ਚੁੱਕਾ ਸੀ। ਜਾਤ-ਪ੍ਰਥਾ ਨੇ ਭਿਆਨਕ ਰੂਪ ਧਾਰਨ ਕਰ ਲਿਆ ਸੀ। ਫਲਸਰੂਪ ਧਰਮ ਅਤੇ ਜਾਤ-ਪਾਤ ਦੇ ਭੇਦ-ਭਾਵ ਨੂੰ ਜੜੋਂ ਸਮਾਪਤ ਕਰਨ ਲਈ ਗੁਰੂ ਜੀ ਨੇ ਇਕ ਨਿਵੇਕਲੇ ਅਤੇ ਨਵੇਂ ਧਾਰਮਿਕ ਸੰਗਠਨ ਨੂੰ ਸਥਾਪਤ ਕਰਨ ਦਾ ਦ੍ਰਿੜ੍ਹ ਨਿਸ਼ਚੈ ਕੀਤਾ :

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥

ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ॥43॥

(ਦਸਮ ਗ੍ਰੰਥ, ਅਧਿਆਏ ਛੇਵਾਂ)

ਗੁਰਦੇਵ ਮਾਨਵਤਾਵਾਦੀ ਸਿਧਾਂਤਾਂ ਦੇ ਪੱਕੇ ਅਤੇ ਕੱਟੜ ਸਮਰਥਕ ਸਨ। ਉਨ੍ਹਾਂ ਨੇ ਕਦੇ ਵੀ ਜਾਤ, ਧਰਮ, ਰੰਗ, ਲਿੰਗ ਆਦਿ ਦੇ ਆਧਾਰ 'ਤੇ ਮਨੁੱਖ-ਮਨੁੱਖ ਵਿਚ ਅੰਤਰ ਜਾਂ ਭੇਦ ਸਵੀਕਾਰ ਨਹੀਂ ਕੀਤਾ। ਉਨ੍ਹਾਂ ਨੇ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਏਕਤਾ ਦੇ ਸੂਤਰ 'ਚ ਪਰੋਣ ਦਾ ਅਦੁੱਤੀ ਅਤੇ ਮਾਹਨ ਕਾਰਜ ਕੀਤਾ। ਸੰਨ 1699 ਦੀ ਵੈਸਾਖੀ ਨੂੰ ਖਾਲਸਾ ਪੰਥ ਦੀ ਸਿਰਜਨਾ ਕਰਨ ਸਮੇਂ ਉਨ੍ਹਾਂ ਨੇ 'ਪੰਜ ਪਿਆਰਿਆਂ' ਵਿਚ ਭਿੰਨ ਭਿੰਨ ਜਾਤਾਂ ਨੂੰ ਇਥੋਂ ਤੱਕ ਕਿ ਅਖੌਤੀ ਸੂਦਰ ਲੋਕਾਂ ਨੂੰ ਵੀ, ਸ਼ਾਮਿਲ ਕੀਤਾ। ਬਾਈ ਦਇਆ ਸਿੰਘ ਲਾਹੌਰ ਦਾ ਖੱਤਰੀ, ਭਾਈ ਧਰਮ ਸਿੰਘ ਦਿੱਲੀ ਦਾ ਜੱਟ, ਭਾਈ ਮੋਹਕਮ ਸਿੰਘ ਦਵਾਰਕਾਪੁਰੀ ਦਾ ਧੋਬੀ, ਭਾਈ ਸਾਹਿਬ ਸਿੰਘ ਦੱਖਣੀ ਭਾਰਤ ਦੇ ਬਿਦਰ ਦਾ ਨਾਈ ਅਤੇ ਭਾਈ ਹਿੰਮਤ ਸਿੰਘ ਜਗਨਨਾਥ ਪੁਰੀ ਦਾ ਝਿਊਰ ਸੀ। ਇਹ ਪੰਜੇ ਸਿੰਘ ਜਿਥੇ ਸਮਾਜ ਦੀਆਂ ਭਿੰਨ ਭਿੰਨ ਜਾਤਾਂ ਦੇ ਪ੍ਰਤੀਨਿਧ ਸਨ, ਉਥੇ ਭਿੰਨ ਭਿੰਨ ਖੇਤਰਾਂ ਦੀ ਨੁਮਾਇੰਦਗੀ ਵੀ ਕਰਦੇ ਸਨ। ਪੰਜਾਂ ਪਿਆਰਿਆਂ ਨੂੰ ਇਕੋ ਹੀ ਬਾਟੇ ਤੋਂ ਅੰਮ੍ਰਿਤ ਛਕਾ ਕੇ ਊਚ-ਨੀਚ ਅਤੇ ਇਲਾਕਿਆਂ ਦਾ ਭੇਦ-ਭਾਵ ਮਿਟਾ ਕੇ ਲਿਤਾੜੀ ਤੇ ਨਿਮਾਣੀ ਕੌਮ ਦੇ ਲੋਕਾਂ 'ਚ ਅਜਿਹੀ ਸ਼ਕਤੀ ਦਾ ਸੰਚਾਰ ਕੀਤਾ ਕਿ ਉਹ ਗਿੱਦੜਾਂ ਤੋਂ ਸ਼ੇਰ ਬਣ, ਸਵਾ ਸਵਾ ਲੱਖ ਅਤਿਆਚਾਰੀਆਂ ਨਾਲ ਟੱਕਰ ਲੈਣ ਦੇ ਸਮਰੱਥ ਬਣ ਗਏ। ਅੰਮ੍ਰਿਤ ਛਕਾਉਣ ਦਾ ਮਨੁੱਖ ਉਦੇਸ਼ ਵਿਅਕਤੀ ਨੂੰ ਨਿਰਭੈ ਅਤੇ ਨਿਡਰ ਬਣਾਉਣ ਦਾ ਸੀ ਤਾਂ ਕਿ ਉਹ ਭੈ-ਮੁਕਤ ਹੋ ਕੇ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸੰਘਰਸ਼ ਕਰਨ। ਕਿਸੇ ਤੋਂ ਡਰਨਾ ਵੀ ਪਾਪ ਹੈ ਅਤੇ ਕਿਸੇ ਨੂੰ ਡਰਾਉਣਾ ਵੀ। ਦਸਮ ਪਿਤਾ ਦੇ ਸਨਮੁਖ ਨੌਵੇਂ ਪਾਤਸ਼ਾਹ ਦਾ ਇਹ ਸੰਦੇਸ਼ ਸੀ — ''ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।'' ਕਲਗੀਧਰ ਪਿਤਾ ਨੇ ਖਾਲਸਾ ਪੰਥ ਦੀ ਸ਼ਕਤੀ ਦੇ ਸਹਾਰੇ ਉਨ੍ਹਾਂ ਨੇ ਸ਼ਕਤੀਸ਼ਾਲੀ ਅਤਿਆਚਾਰੀ ਅਤੇ ਅਨਿਆਈ ਮੁਗ਼ਲ ਸ਼ਾਸਨ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਪੰਜਾਬ ਦੇ ਧਾਰਮਿਕ ਅਤੇ ਭਗਤੀ-ਭਾਵਨਾ ਰੱਖਣ ਵਾਲੇ ਵਿਸ਼ਾਲ ਜਨ-ਸਮੂਹ ਨੂੰ ਗੁਰੂ ਜੀ ਨੇ ਸੂਰਬੀਰ ਦਲ 'ਚ ਬਦਲ ਦਿੱਤਾ। ਹੁਣ ਉਹ ਭਗਤ ਵੀ ਸਨ ਅਤੇ ਸਿਪਾਹੀ ਵੀ। ਅਖੌਤੀ ਨੀਚਾਂ, ਕਾਇਰਾਂ ਅਤੇ ਬਲਹੀਨਾਂ ਦਾ ਸਵੈਮਾਨ ਜਾਗ੍ਰਿਤ ਕਰਕੇ ਉਨ੍ਹਾਂ ਨੂੰ ਮਹਾਨ ਰਾਸ਼ਟਰ ਨਾਇਕ ਗੁਰਦੇਵ ਨੇ ਅਹਿਸਾਸ ਕਰਵਾਇਆ ਕਿ ਉਹ ਸ਼ਕਤੀ-ਵਿਹੂਣੇ ਨਹੀਂ ਹਨ, ਉਹ ਤਾਂ 'ਸ਼ੇਰ' ਹਨ ਪਰ ਆਪਣੀ ਸ਼ਕਤੀ ਦਾ ਅਹਿਸਾਸ ਨਹੀਂ। ਸੰਤ-ਸਿਪਾਹੀ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਆਪਣੇ ਅੰਦਰ ਦੀ ਸ਼ਕਤੀ ਨੂੰ ਪਹਿਚਾਨਣ ਦੀ ਲੋੜ ਹੈ। ਬਲਵਾਨ ਅਤੇ ਹਿੰਮਤੀ ਬੰਦਾ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰ ਸਕਦਾ ਹੈ, ਕਾਇਰ ਨਹੀਂ :

ਕੋਊ ਕਿਸੀ ਕੋ ਰਾਜ ਨ ਦੈ ਹੈ। ਜੋ ਲੈ ਹੈ ਨਿਜ ਬਲ ਸਿਉ ਲੈ ਹੈ।

ਇਸੇ ਕਾਰਨ ਗੁਰੂ ਜੀ ਨੇ ਆਪਣੇ ਸਭ ਸਿੱਖਾਂ ਨੂੰ ਆਪਣੇ ਨਾਂ ਨਾਲ 'ਸਿੰਘ' ਵਿਸ਼ੇਸ਼ਣ ਜੋੜਨ ਦਾ ਆਦੇਸ਼ ਦਿੱਤਾ। ਦਸਮੇਸ਼ ਪਿਤਾ ਜੀ ਨੇ ਆਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਸਾਹਿਬ ਦੀ ਉੱਚੀ ਪਹਾੜੀ 'ਤੇ ਚੜ੍ਹ ਕੇ ਆਪਣੇ ਸੰਕਲਪ ਨੂੰ ਪੂਰੀ ਤਰ੍ਹਾਂ ਕ੍ਰਿਆਤਮਕ ਰੂਪ ਪ੍ਰਦਾਨ ਕਰਦੇ ਹੋਏ ਫਰਮਾਇਆ :

ਭੇਡੋਂ ਕੋ ਮੈਂ ਸ਼ੇਰ ਬਨਾਊਂ। ਰੰਕਨ ਕੋ ਮੈਂ ਰਾਓ ਬਨਾਊਂ।

ਚਿੜੀਓਂ ਸੇ ਮੈਂ ਬਾਜ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਵਿਸ਼ਵ-ਇਤਿਹਾਸ ਦੇ ਲਾਸਾਨੀ ਯੋਧਾ ਹੁੰਦੇ ਹੋਏ ਵੀ ਗੁਰੂ ਜੀ ਨੇ ਆਪਣੇ ਨਿਮਰ-ਸੁਭਾਅ ਦੇ ਅਨੁਰੂਪ ਆਪਣੀ ਸ਼ਕਤੀ ਨੂੰ ਮਹੱਤਵ ਨਾ ਦਿੰਦੇ ਹੋਏ ਲੋਕਤਾਂਤਰਿਕ ਪ੍ਰਣਾਲੀ ਅਨੁਸਾਰ ਖਾਲਸੇ ਦੀ ਸ਼ਕਤੀ (ਜਨ ਸ਼ਕਤੀ) ਨੂੰ ਹੀ ਆਪਣੀ ਸ਼ਕਤੀ ਸਵੀਕਾਰਿਆ :

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥

ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥

ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ।

(ਦਸਮ ਗ੍ਰੰਥ, ਪੰਨਾ 716)

ਏਨਾ ਹੀ ਨਹੀਂ, ਸਗੋਂ ਖਾਲਸਾ ਪੰਥ ਨੂੰ ਤਾਂ ਉਨ੍ਹਾਂ ਨੇ ਆਪਣੇ 'ਪ੍ਰਾਣਾਂ ਦੇ ਪ੍ਰਾਣ' ਘੋਸ਼ਿਤ ਕੀਤਾ ਹੈ :

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇਂ ਹਉ ਕਰਉਂ ਨਿਵਾਸ॥....

ਖਾਲਸਾ ਮੇਰੋ ਪਿੰਡ ਪ੍ਰਾਨ। ਖਾਲਸਾ ਮੇਰੀ ਜਾਨ ਕੀ ਜਾਨ॥5॥

(ਸਰਬ ਲੋਹ ਗ੍ਰੰਥ)



ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਾ ਹੈ ਕਿ ਪੰਜਾਂ ਪਿਆਰਿਆਂ ਨੂੰ ਇਕੋ ਬਾਟੇ ਨਾਲ ਅੰਮ੍ਰਿਤ ਛਕਾ ਕੇ ਗੁਰੂ ਜੀ ਨੇ ਉਨ੍ਹਾਂ ਦੀ ਜਾਤ-ਪਾਤ ਸਮਾਪਤ ਕਰ ਦਿੱਤੀ। ਪੰਜ ਪਿਆਰੇ ਹੁਣ ਗੁਰੂ ਜੀ ਦਾ 'ਖਾਲਸਾ' ਬਣ ਗਏ। ਮਗਰੋਂ ਪੰਜਾਂ ਪਿਆਰਿਆਂ ਹੱਥੋਂ ਗੁਰੂ ਜੀ ਨੇ ਖੁਦ ਅੰਮ੍ਰਿਤ ਛਕਿਆ। ਇਸ ਭਾਂਤ ਗੁਰੂ ਅਤੇ ਪੰਜ ਪਿਆਰੇ ਇਕ ਦੂਜੇ 'ਚ ਅਭੇਦ ਹੋ ਗਏ :

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

(ਭਾਈ ਗੁਰਦਾਸ ਜੀ, ਵਾਰ 41: 1)

ਕਲਗੀਧਰ ਦੇ ਚਾਰੇ ਪੁੱਤਰ ਧਰਮ ਦੀ ਰੱਖਿਆ ਹਿਤ ਸ਼ਹੀਦ ਹੋਏ। ਵੱਡੇ ਦੋਵੇਂ ਬੇਟੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋ ਗਏ। ਛੋਟੇ ਦੋਵੇਂ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਅਤੇ ਬਾਬਾ ਜ਼ੋਰਾਵਰ ਸਿੰਘ ਸਰਹੰਦ ਦੀ ਦੀਵਾਰ 'ਚ ਜ਼ਿੰਦਾ ਹੀ ਚਿਣਵਾ ਦਿੱਤੇ ਗਏ। ਮਾਤਾ ਜੀਤੋ ਜੀ ਨੇ ਜਦੋਂ ਪੁੱਤਰਾਂ ਦੇ ਵਿਛੋੜੇ ਤੋਂ ਵਿਆਕੁਲ ਹੋ ਕੇ ਪ੍ਰਸ਼ਨ ਕੀਤਾ ਕਿ ਮੇਰੇ ਲਾਲ ਕਿਥੇ ਹਨ? ਤਾਂ ਉਨ੍ਹਾਂ ਨੇ ਜੋ ਲਾਮਿਸਾਲ ਉੱਤਰ ਦਿੱਤਾ, ਵੈਸਾ ਉੱਤਰ ਕੋਈ ਸਰਬੰਸ ਬਲੀਦਾਨੀ ਹੀ ਦੇ ਸਕਦਾ ਹੈ। ਖਾਲਸਾ ਪੰਥ ਵਲ ਸੰਕੇਤ ਕਰਦਿਆਂ ਗੁਰੂਦੇਵ ਨੇ ਖਿੜੇ ਮੱਥੇ ਫਰਮਾਇਆ।

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।

ਚਾਰ ਮੂਏ ਤੋ ਕਿਆ ਹੂਯਾ ਜੀਵਤ ਕਈ ਹਜ਼ਾਰ।

ਅਜਿਹੇ ਲਾਸਾਨੀ ਬਲੀਦਾਨੀ ਗੁਰੂ ਜੀ ਨੂੰ ਯਸ਼-ਪ੍ਰਾਪਤੀ ਦਾ ਜ਼ਰਾ ਵੀ ਮੋਹ ਨਹੀਂ ਸੀ। ਸਰਬ-ਸ਼ਕਤੀਵਾਨ ਹੁੰਦੇ ਹੋਏ ਵੀ ਗੁਰੂ ਜੀ ਨੇ ਖ਼ੁਦ ਨੂੰ 'ਪ੍ਰਭੂ ਦਾ ਦਾਸ' ਹੀ ਸਵੀਕਾਰ ਕੀਤਾ ਹੈ ਅਤੇ ਉਨ੍ਹਾਂ ਨੂੰ 'ਪਰਮੇਸ਼ਵਰ' ਕਹਿਣ ਤੋਂ ਆਪਣੇ ਸਿੱਖਾਂ ਨੂੰ ਸਖ਼ਤੀ ਨਾਲ ਵਰਜਿਤ ਕੀਤਾ ਹੈ, ਇਸ ਤੋਂ ਵਧ ਹਲੀਮੀ ਹੋਰ ਕੀ ਹੋ ਸਕਦੀ ਹੈ?

ਜੋ ਹਮ ਕੋ ਪਰਮੇਸਰ ਉਚਰਿਹੈਂ॥
ਤੇ ਸਭ ਨਰਕਿ ਕੁੰਡ ਮਹਿ ਪਰਿਹੈਂ॥
ਮੋ ਕੌ ਦਾਸੁ ਤਵਨ ਕਾ ਜਾਨੋ॥
ਯਾ ਮੈ ਭੇਦੁ ਨ ਰੰਚ ਪਛਾਨੋ॥32॥
ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨਿ ਆਯੋ ਜਗਤ ਤਮਾਸਾ॥

(ਦਸਮ ਗ੍ਰੰਥ, ਬਚਿਤ੍ਰ ਨਾਟਕ, ਪੰਨਾ 57)

ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਅਨਿਆਂ, ਅਤਿਆਚਾਰ ਅਤੇ ਅਮਾਨਵੀ ਕੰਮਾਂ ਦੇ ਖਿਲਾਫ਼ ਸੀ। ਜ਼ਾਲਮ ਕੋਈ ਵੀ (ਹਿੰਦੂ ਜਾਂ ਮੁਸਲਮਾਨ) ਹੋਵੇ, ਗੁਰੂ ਜੀ ਨੇ ਉਸ ਨੂੰ ਸਬਕ ਸਿਖਾਇਆ। ਕੁਝ ਨਾਸਮਝ ਲੋਕ ਗੁਰੂ ਜੀ ਨੂੰ ਮੁਸਲਮਾਨਾਂ ਦੇ ਵਿਰੋਧੀ ਕਹਿਣ ਦੀ ਬੱਜਰ ਗਲਤੀ ਕਰ ਬੈਠਦੇ ਹਨ। ਉਹ ਭੁੱਲ ਜਾਂਦੇ ਹਨ ਕਿ ਨਬੀ ਖਾਂ, ਗਨੀ ਖਾਂ ਆਦਿ ਅਨੇਕ ਹੀ ਮੁਸਲਮਾਨ ਗੁਰੂ ਜੀ ਦੇ ਸੱਚੇ ਸ਼ਰਧਾਲੂ ਸਨ। ਗੁਰੂ ਜੀ ਤਾਂ ਹਿੰਦੂ-ਮੁਸਲਮਾਨ 'ਚ ਕੋਈ ਫਰਕ ਹੀ ਨਹੀਂ ਸਨ ਸਮਝਦੇ, ਕਿਉਂਕਿ ਉਨ੍ਹਾਂ ਅਨੁਸਾਰ ਸਾਰੇ ਮਨੁੱਖ ਇਕੋ ਪਰਮਾਤਮਾ ਦੀ ਸੰਤਾਨ ਹਨ। ਉਹ ਤਾਂ ਇਨਸਾਨ ਮਾਤਰ ਨੂੰ ਹੀ ਪਿਆਰ ਕਰਦੇ ਸਨ ਪਰ ਉਹ ਇਨਸਾਨ ਸੱਚਾ-ਸੁੱਚਾ ਹੋਵੇ। ਗੁਰੂਦੇਵ ਵਿਸ਼ਵ ਦੀ ਸਮੁੱਚੀ ਮਨੁੱਖਤਾ ਵਿਚ ਸਰਬ ਸਾਂਝੀਵਾਲਤਾ ਦੀ ਭਾਵਨਾ ਵੇਖਣ ਦੇ ਚਾਹਵਾਨ ਸਨ:

ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸ਼ਾਫ਼ੀ,
ਮਾਨਸ ਕੀ ਜਾਤਿ ਸਭੈ ਏਕੈ ਪਹਚਾਨਬੋ॥
ਕਰਤਾ ਕਰੀਮ ਸੋਈ ਰਾਜ਼ਿਕ ਰਹੀਮ ਉਈ,
ਦੂਸਰੋ ਨਾ ਭੇਦ ਕੋਈ ਭੂਲਿ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥15॥85॥

(ਅਕਾਲ ਉਸਤਤ)

ਇਹ ਇਕ ਅਟੱਲ ਸਚਾਈ ਹੈ ਕਿ ਦਸਮੇਸ਼ ਪਿਤਾ ਜੀ ਦੇ ਯੁੱਧ ਕਿਸੇ ਧਰਮ ਜਾਂ ਜਾਤ ਦੇ ਖਿਲਾਫ਼ ਨਾ ਹੋ ਕੇ ਧਰਮ-ਰੱਖਿਆ ਹਿਤ 'ਧਰਮ-ਯੁੱਧ' ਹੀ ਸਨ :

ਅਵਰ ਵਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ॥ (ਕ੍ਰਿਸ਼ਨਾਵਤਾਰ)

ਯੁੱਧ ਕਿਸੇ ਰਾਜ-ਭਾਗ ਲਈ ਨਹੀਂ, ਸਗੋਂ ਕੇਵਲ ਸ਼ੁਭ-ਕਰਮਾਂ ਲਈ ਹੀ ਲੜੇ ਗਏ। ਇਸੇ ਲਈ ਤਾਂ ਗੁਰੂ ਜੀ ਪਰਮਾਤਮਾ ਪਾਸੋਂ ਵਰਦਾਨ ਮੰਗਦੇ ਹਨ :-

ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥
ਅਰ ਸਿਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉਂ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮਹਿ ਤਬ ਜੂਝ ਮਰੋਂ॥

(ਚੰਡੀ ਚਰਿਤ੍ਰ)

ਗੁਰੂ ਜੀ ਦੇ ਸਮੇਂ ਜਗਤ-ਜਨਨੀ ਨਾਰੀ ਦੀ ਦਸ਼ਾ ਅਤਿਅੰਤ ਤਰਸਯੋਗ ਸੀ। ਉਸ ਨੂੰ ਸਮਾਜ ਵਿਚ ਕੋਈ ਸਨਮਾਨਜਨਕ ਰੁਤਬਾ ਤਾਂ ਕੀ ਪ੍ਰਾਪਤ ਹੋਣਾ ਸੀ, ਉਹ ਤਾਂ ਮਰਦ ਦੇ ਪੈਰ ਦੀ 'ਜੁੱਤੀ' ਸਮਝੀ ਜਾਂਦੀ ਸੀ। ਉਹ 'ਅਬਲਾ' (ਬਲਹੀਨ) ਸੀ ਪਰ ਮਨੁੱਖੀ ਸਮਾਨਤਾ ਲਿਆਉਣ ਦੇ ਮੰਤਵ ਨਾਲ ਗੁਰੂ ਸਾਹਿਬ ਨੇ ਇਸਤਰੀ ਜਾਤ 'ਚ ਹਿੰਮਤ ਅਤੇ ਬੀਰਤਾ ਦਾ ਸੰਚਾਰ ਕੀਤਾ। ਉਸ ਨੂੰ ਆਪਣੇ ਨਾਂ ਨਾਲ 'ਕੌਰ' ਦਾ ਵਿਸ਼ੇਸ਼ਣ ਲਗਾਉਣ ਦਾ ਹੁਕਮ ਦਿੱਤਾ, ਜਿਸ ਨਾਲ ਉਹ ਆਪਣੇ ਮਾਂ-ਬਾਪ ਦੀ ਲਾਡਲੀ ਸੰਤਾਨ ਸਮਝੀ ਜਾਣ ਲੱਗੀ। 'ਕੌਰ' ਸ਼ਬਦ 'ਕੂੰਵਰ' ਦਾ ਪੰਜਾਬੀ ਰੂਪ ਹੈ। 'ਕੂੰਵਰ' ਬਾਦਸ਼ਾਹ ਦੇ ਲਾਡਲੇ ਪੁੱਤਰ ਨੂੰ ਕਿਹਾ ਜਾਂਦਾ ਸੀ। ਇਸ ਤਰ੍ਹਾਂ ਗੁਰਦੇਵ ਨੇ ਨਾਰੀ ਉਸ ਦੇ ਪਿਤਾ ਦਾ ਕੂੰਵਰ ਜਾਂ ਰਾਜਕੂੰਵਰ ਦਰਸਾਇਆ ਹੈ। ਇਸ ਤਰ੍ਹਾਂ ਗੁਰਦੇਵ ਨੇ ਨਾਰੀ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਹ ਹੁਣ 'ਅਬਲਾ' ਨਹੀਂ, ਸਗੋਂ ਬਲਵਾਨ ਹੈ। ਫਲਸਰੂਪ ਮਾਈ ਭਾਗੋ ਵਰਗੀਆਂ ਸਿੱਖ ਬੀਬੀਆਂ ਨੇ ਅਤਿਆਚਾਰ ਦੇ ਖਾਤਮੇ ਲਈ ਚੂੜੀਆਂ ਉਤਾਰ ਕੇ ਹੱਥ 'ਚ ਖੜਗ ਚੁੱਕ ਲਈ ਸੀ। ਦਸਮ ਪਾਤਸ਼ਾਹ ਦੁਆਰਾ ਮਾਤਾ ਸਾਹਿਬ ਕੌਰ ਜੀ ਨੂੰ 'ਖਾਲਸੇ ਦੀ ਮਾਤਾ' ਬਣਾ ਕੇ ਅਮਰ ਕਰਨਾ, ਖਾਲਸਾ ਸਿਰਜਨ ਸਮੇਂ ਅਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਸਮੇਂ ਮਾਤਾ ਸੁੰਦਰੀ ਜੀ ਤੋਂ ਬਾਟੇ ਵਿਚ ਪਤਾਸੇ ਪਵਾਉਣ ਦੀਆਂ ਘਟਨਾਵਾਂ ਨਾਰੀ ਜਾਤ ਨੂੰ ਮਹੱਤਵ ਦੇਣ ਵਾਲੀਆਂ ਹਨ। ਗੁਰਦੇਵ ਇਨਸਾਨੀਅਤ ਦੀ ਸਜੀਵ ਮੂਰਤੀ ਸਨ। ਇਕ ਵਾਰ ਦਸਮੇਸ਼ ਜੀ ਦੇ ਦਰਸ਼ਨਾਂ ਨੂੰ ਆ ਰਹੀ ਸ਼ਸ਼ਤਰ ਵਿਹੂਣੀ ਸਿੱਖਾਂ ਦੀ ਇਕ ਟੋਲੀ ਤੋਂ ਹੁਸ਼ਿਆਰਪੁਰ ਦੇ ਰੰਘੜਾਂ ਨੇ ਦਸਵੰਧ ਅਤੇ ਹੋਰ ਕੀਮਤੀ ਭੇਟਾਵਾਂ ਖੋਹ ਲਈਆਂ ਤਾਂ ਪਤਾ ਲੱਗਣ 'ਤੇ ਗੁਰੂ ਜੀ ਨੇ ਰੰਘੜਾਂ ਨੂੰ ਸੋਧਣ ਲਈ ਸ਼ਸਤਰਧਾਰੀ ਸਿੰਘ ਭੇਜੇ। ਰੰਘੜਾਂ ਨੂੰ ਸੋਧਣ ਗਏ ਕੁਝ ਸਿੱਖ ਉਨ੍ਹਾਂ ਦੀ ਇਕ ਲੜਕੀ ਵੀ ਫੜ ਲਿਆਏ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਇਸ ਬੀਬੀ ਨੂੰ ਸਨਮਾਨਪੂਰਵਕ ਵਾਪਸ ਛੱਡ ਕੇ ਆਓ। ਸਿੱਖਾਂ ਨੇ ਅਰਜ਼ ਕੀਤੀ ਕਿ ਚਾਣਕਯ ਨੀਤੀ ਅਨੁਸਾਰ ਦੁਸ਼ਮਣ ਤੋਂ ਹਰ ਤਰ੍ਹਾਂ ਨਾਲ ਬਦਲਾ ਲੈਣ ਦੀ ਆਗਿਆ ਹੈ। ਲੇਕਿਨ ਮਨੁੱਖਤਾ ਦੇ ਅਲੰਬਰਦਾਰ ਗੁਰੂ ਜੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸੋਚ ਨੂੰ ਪੂਰੀ ਤਰ੍ਹਾਂ ਤਿਆਗ ਕੇ ਪਰ-ਨਾਰੀ ਦਾ ਸਤਕਾਰ ਕਰਨ ਦਾ ਉਪਦੇਸ਼ ਦਿੱਤਾ। ਗੁਰਦੇਵ ਨੇ ਆਪਣੇ ਸਿੱਖਾਂ ਨੂੰ ਨਾਰੀ-ਸਨਮਾਨ ਦੀ ਕਿੰਨੀ ਸੁਹਣੀ ਅਤੇ ਨੇਕ ਸਿੱਖਿਆ ਦਿੱਤੀ ਹੈ :

ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥51॥ (ਦਸਮ ਗ੍ਰੰਥ, ਪੰਨਾ 842)

ਗੁਰੂ ਜੀ ਆਪਣੀ ਪਤਨੀ ਤੋਂ ਇਲਾਵਾ ਪਰਾਈ ਇਸਤਰੀ ਨੂੰ ਉਮਰ ਅਨੁਸਾਰ ਮਾਂ, ਭੈਣ ਅਤੇ ਧੀ ਸਮਝਣ ਦਾ ਉਪਦੇਸ਼ ਦਿੰਦੇ ਹਨ। ਉਨ੍ਹਾਂ ਅਨੁਸਾਰ ਪਰਾਈ ਇਸਤਰੀ ਵਲ ਮੈਲੀ ਅੱਖ ਰੱਖਣ ਵਾਲਾ ਮਹਾਂ ਪਾਪੀ ਹੈ।

ਇਹ ਸਤਿਗੁਰਾਂ ਦੇ ਉਪਦੇਸ਼ ਦਾ ਹੀ ਫਲ ਹੈ ਕਿ ਸਿੱਖ ਜਗਤ ਵਿਚ ਪਰਾਈ ਧੀ-ਭੈਣ ਅਤੇ ਸਧਾਰਨ ਇਸਤਰੀ ਲਈ ਵੀ 'ਬੀਬੀ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸਤਰੀ ਲਈ ਤੀਵੀਂ, ਔਰਤ ਆਦਿ ਸ਼ਬਦ ਦੀ ਵਰਤੋਂ ਨਹੀਂ ਹੁੰਦੀ, ਸਗੋਂ ਹਰ ਇਸਤਰੀ ਲਈ ਆਦਰ ਸੂਚਕ ਸ਼ਬਦ 'ਬੀਬੀ ਜੀ' ਹੀ ਵਰਤਿਆ ਜਾਂਦਾ ਹੈ।

ਗੁਰੂ ਜੀ ਦੇ ਹਿਰਦੇ ਵਿਚ ਮਨੁੱਖ ਮਾਤਰ ਲਈ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਮਾਨਵਤਾ ਦੇ ਉਹ ਅਜਿਹੇ ਪੁਜਾਰੀ ਸਨ ਕਿ ਜੰਗ ਦੇ ਮੈਦਾਨ 'ਚ ਵੀ ਉਹ ਹਿੰਦੂ-ਮੁਸਲਮਾਨ, ਮਿੱਤਰ, ਸ਼ਤਰੂ ਵਿਚ ਕੋਈ ਅੰਤਰ ਨਹੀਂ ਸਮਝਦੇ ਸਨ। ਉਨ੍ਹਾਂ ਦੇ ਹੇਠ ਲਿਖੇ ਉਪਦੇਸ਼ ਨੂੰ ਧਿਆਨ 'ਚ ਰੱਖ ਕੇ ਹੀ ਭਾਈ ਘਨੱਈਆ ਜੀ ਯੁੱਧ ਦੇ ਮੈਦਾਨ 'ਚ ਹਿੰਦੂ-ਮੁਸਲਮਾਨ, ਮਿੱਤਰ-ਦੁਸ਼ਮਣ ਸਭ ਨੂੰ ਬਗੈਰ ਕਿਸੇ ਭੇਦ-ਭਾਵ ਦੇ ਜਲ ਪਿਲਾਉਣ ਦੀ ਸੇਵਾ ਕਰਦੇ ਅਤੇ ਜ਼ਖਮਾਂ 'ਤੇ ਮਲ੍ਹਮ ਪੱਟੀ ਭੀ ਕਰਦੇ ਸਨ :

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥9॥

(ਤ੍ਵਪ੍ਰਸਾਦਿ ਸਵੱਯੇ)

ਗੁਰੂ ਜੀ ਦੀ ਇਨਸਾਨੀਅਤ ਅਤੇ ਉਦਾਰਤਾ ਉਸ ਸਮੇਂ ਚਰਮ ਸੀਮਾ 'ਤੇ ਪੁੱਜ ਜਾਂਦੀ ਹੈ, ਜਦੋਂ ਭਾਈ ਦਇਆ ਸਿੰਘ ਨੇ ਚਮਕੌਰ ਦੇ ਜੰਗ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਗੁਰੂ-ਪੁੱਤਰਾਂ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੋਹਾਂ ਦੇ ਮਿਰਤਕ ਸਰੀਰਾਂ ਨੂੰ ਚਾਦਰ ਨਾਲ ਢੱਕਣ ਦੀ ਆਗਿਆ ਮੰਗੀ ਤਾਂ ਗੁਰਦੇਵ ਨੇ ਸਪੱਸ਼ਟ ਕਿਹਾ, ''ਇਨ੍ਹਾਂ ਨੂੰ ਤਾਂ ਹੀ ਢਕਿਆ ਜਾਵੇ, ਜੇਕਰ ਸਾਰੇ ਮ੍ਰਿਤਕ ਯੋਧਿਆਂ ਨੂੰ ਢਕਿਆ ਜਾ ਸਕੇ।''

ਸੋ ਆਓ, ਮਾਨਵਤਾ ਤੇ ਪਰਉਪਕਾਰਤਾ ਦੇ ਮਹਾਨ ਅਲੰਬਰਦਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ 'ਤੇ ਚੱਲਣ ਦਾ ਪ੍ਰਣ ਕਰਕੇ, ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰੀਏ!

# ਪੰਜਾਬ ਅਤੇ ਪੰਜਾਬੀਅਤ ਦੀਆਂ ਬਾਤਾਂ ਪਾਉਂਦੇ ਗੀਤ

ਲੋਕਰੰਗ

ਪੰਮੀ ਬਾਈ ਪੰਜਾਬ ਦਾ ਉਹ ਕਲਾਕਾਰ ਹੈ, ਜਿਸ ਉੱਤੇ ਸਮੇਂ ਦੀਆਂ ਕਹਿਰਵਾਨ ਹਵਾਵਾਂ ਨੇ ਕੋਈ ਅਸਰ ਨਹੀਂ ਕੀਤਾ। ਉਸ ਦੀ ਸੋਚ ਅਡੋਲ ਰਹੀ, ਮਿਸ਼ਨਰੀ ਬਣ ਕੇ ਉਹ ਆਪਣੇ ਕਾਰਜ ਨੂੰ

**ਸਵਰਨ ਟਹਿਣਾ**

ਸਮਰਪਿਤ ਰਿਹਾ ਤੇ ਇਸੇ ਕਰਕੇ ਗਾਹੇ-ਬਗਾਹੇ ਉਸ ਦੀ ਚਰਚਾ ਛਿੜਦੀ ਰਹਿੰਦੀ ਹੈ। ਸਿਰਫ਼ ਤੁਰਲੇਦਾਰ ਪੱਗ ਤੇ ਕੁੜਤਾ-ਚਾਦਰਾ ਪੰਮੀ ਬਾਈ ਦੀ ਪਛਾਣ ਦੇ ਜ਼ਾਮਨ ਨਹੀਂ ਹਨ, ਸਗੋਂ ਉਸ ਦੀ ਅਸਲ ਪਛਾਣ ਲੋਕ ਬੋਲੀਆਂ, ਲੋਕ ਗੀਤ ਅਤੇ ਪੰਜਾਬ ਦੇ ਵਸਨੀਕਾਂ ਦੀਆਂ ਦਿਲੀ ਭਾਵਨਾਵਾਂ ਦੀ ਗੱਲ ਕਰਨ ਵਾਲਾ ਮੈਟਰ ਗਾਉਣਾ ਹੈ। ਬੇਸ਼ੱਕ ਕਈ ਵਾਰ ਉਸ ਦੀਆਂ ਕੈਸਿਟਾਂ ਵਿਚ 'ਜੱਟ' ਭਾਰੂ ਜਾਪਦਾ ਹੈ ਪਰ ਇਸ ਵਰਗ ਦਾ ਜ਼ਿਕਰ ਹੀ ਸਾਡੇ ਲੋਕ ਗੀਤਾਂ ਤੇ ਬੋਲੀਆਂ ਵਿਚ ਸਭ ਤੋਂ ਜ਼ਿਆਦਾ ਆਉਂਦਾ ਹੈ।



ਪੰਮੀ ਬਾਈ ਲਚਕਦਾਰ ਸੁਭਾਅ ਦਾ ਮਾਲਕ ਮਿਸ਼ਨਰੀ ਗਾਇਕ ਹੈ। ਉਸ ਨੂੰ ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਗਾਇਕੀ ਦੇ ਨਾਂ 'ਤੇ ਅੱਜ ਜੋ ਕੁਝ ਪਰੋਸਿਆ ਜਾ ਰਿਹਾ ਹੈ ਉਹ ਘਟੀਆ ਮਾਨਸਿਕਤਾ ਵਿਚੋਂ ਉਪਜ ਰਿਹਾ ਹੈ ਅਤੇ ਸਫਲਤਾ ਦੇ ਨਾਂ 'ਤੇ ਜੋ ਢਕਵੰਜ ਰਚੇ ਜਾ ਰਹੇ ਨੇ ਉਹ ਸੌੜੀ ਸੋਚ ਦੀ ਨਿਸ਼ਾਨੀ ਹਨ ਪਰ ਉਹ ਕਿਸੇ ਨੂੰ ਭੰਡਣ-ਛੰਡਣ ਦੀ ਥਾਂ ਮਸਤ ਚਾਲੇ ਚੱਲ ਰਿਹਾ ਹੈ।

ਜਿਹੜੇ ਗਾਇਕ ਇਹ ਆਖਦੇ ਹੋਣ ਕਿ ਗੀਤਾਂ ਵਿਚ ਜਿਸਮ ਦਿਖਾਏ ਬਿਨਾਂ ਕਾਮਯਾਬ ਹੋਣ ਦਾ ਸੁਪਨਾ ਪਾਲਣਾ ਦਿਨ ਵਿਚ ਸੁਪਨੇ ਦੇਖਣ ਵਾਲੀ ਗੱਲ ਹੈ, ਉਨ੍ਹਾਂ ਨੂੰ ਪੰਮੀ ਬਾਈ ਤੋਂ ਉਦਾਹਰਣ ਲੈ ਲੈਣੀ ਚਾਹੀਦੀ ਹੈ। ਪੰਮੀ ਚੰਗੇ ਰੇਟਾਂ ਵਿਚ ਵਧੀਆ ਪ੍ਰੋਗਰਾਮ ਵੀ ਕਰ ਰਿਹਾ ਹੈ ਤੇ ਪੰਜਾਬੀ ਲੋਕਾਂ ਵਿਚ ਉਸ ਦੀ ਚੰਗੀ ਪਛਾਣ ਵੀ ਹੈ, ਫੇਰ ਇਸ ਨਾਲੋਂ ਹੋਰ ਕਲਾਕਾਰ ਨੂੰ ਭਲਾਂ ਕੀ ਚਾਹੀਦਾ ਹੈ ?

ਗਾਇਕੀ ਦਾ ਖੇਤਰ ਹੁਣ ਕੰਡਿਆਂ 'ਤੇ ਨੰਗੇ ਪੈਰੀਂ ਤੁਰਨ ਵਾਲਾ ਬਣ ਚੁੱਕਾ ਹੈ ਤੇ ਪੰਮੀ ਲਈ ਇਹ ਖੇਤਰ ਇਸ ਕਰਕੇ ਹੋਰ ਵੀ ਚੈਲਿੰਜ ਭਰਿਆ ਸੀ ਕਿਉਂਕਿ ਉਸ ਨੇ ਫ਼ੈਸਲਾ ਹੀ ਸੁੱਚਤਾ ਦੇ ਰਾਹ 'ਤੇ ਚੱਲਣ ਦਾ ਕਰ ਲਿਆ ਸੀ। ਪਰ ਉਸ ਦੀ ਨੀਤ ਨੂੰ ਮੁਰਾਦਾਂ ਮਿਲੀਆਂ ਤੇ ਹੁਣ ਪੰਮੀ ਬੇਸ਼ੱਕ ਕੈਸਿਟ ਦੌੜ ਵਿਚ ਸ਼ਾਮਿਲ ਨਾ ਵੀ ਹੋਵੇ ਤਾਂ ਵੀ ਉਸ ਦੀ ਕਦਰ ਘਟਾਈ ਨਹੀਂ ਜਾ ਸਕੇਗੀ। ਪੰਮੀ ਦੇ ਲੋਕ ਗੀਤਾਂ ਵਰਗੇ ਗੀਤ ਬੇਸ਼ੱਕ ਛੋਰ੍ਹ ਮੱਤ ਨੂੰ ਓਨਾ ਨਾ ਟੁੰਬਦੇ ਹੋਣ, ਪਰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਸਮਝਣ ਵਾਲੇ ਅਤੇ ਪੰਜਾਬੀਅਤ ਨਾਲ ਮੋਹ ਪਾਲਣ ਵਾਲਿਆਂ ਲਈ ਉਸ ਦੀ ਗਾਇਕੀ ਘਿਓ-ਸ਼ੱਕਰ ਵਰਗੀ ਹੋ ਨਿੱਬੜਦੀ ਹੈ। ਗੁਰਦਾਸ ਮਾਨ ਤੋਂ ਬਾਅਦ ਪੰਮੀ ਬਾਈ ਹੀ ਇਕ ਅਜਿਹਾ ਕਲਾਕਾਰ ਹੈ, ਜਿਸ ਦੇ ਗੀਤਾਂ ਵਿਚੋਂ ਕਦੇ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਨਹੀਂ ਦਿਸਿਆ।

ਪੰਮੀ ਦੇ ਗੀਤ ਜੱਟਾਂ ਨੂੰ ਢੋਲੇ ਦੀਆਂ ਲਾਉਣ, ਜੱਟੀਆਂ ਦੇ ਮਨ ਦੇ ਚਾਅ ਪੂਰੇ ਕਰਨ, ਮੇਲਿਆਂ ਵਿਚਲੀਆਂ ਰੌਣਕਾਂ ਮੁੜ ਦੇਖਣ, ਜ਼ਮੀਨਾਂ ਨੂੰ ਮਾਂ ਜਿੰਨਾ ਪਿਆਰ ਕਰਨ, ਕਿਸੇ ਦੀ ਧੌਂਸ ਨਾ ਸਹਿਣ, ਪ੍ਰਦੇਸਾਂ ਵਿਚ ਖੱਜਲ-ਖੁਆਰ ਹੁੰਦੀਆਂ ਜ਼ਿੰਦਗੀਆਂ ਅਤੇ ਵਿਆਹਾਂ-ਸ਼ਾਦੀਆਂ ਮੌਕੇ ਨੱਚ-ਟੱਪ ਕੇ ਮੌਜ ਮਸਤੀਆਂ ਕਰਨ ਵਾਲੇ ਵਿਸ਼ਿਆਂ ਨਾਲ ਸਬੰਧਿਤ ਹੁੰਦੇ ਹਨ। ਉਸ ਦੇ ਗੀਤਾਂ ਵਿਚੋਂ ਪੰਜਾਬ ਦਿਸਦਾ ਹੈ ਅਤੇ ਜਦੋਂ ਪੰਜਾਬ ਦਿਸੇਗਾ ਤਾਂ ਇਥੋਂ ਦੇ ਵਾਸੀਆਂ ਦੀ ਗੱਲ ਆਪੇ ਤੁਰ ਪਵੇਗੀ। ਬਹੁਗਿਣਤੀ ਕਲਾਕਾਰ ਅਜਿਹੇ ਹਨ ਜਿਹੜੇ ਇੱਕ ਕੈਸਿਟ ਦੀ ਕਾਮਯਾਬੀ ਤੋਂ ਬਾਅਦ ਅਗਲੇ ਸਾਲ ਨਵੇਂ ਉਪਰਾਲੇ ਵਜੋਂ ਕਈ ਤਰ੍ਹਾਂ ਦੇ ਤਜਰਬੇ ਕਰਦੇ ਹਨ ਪਰ ਪੰਮੀ ਬਾਈ ਇਨ੍ਹਾਂ ਤਜਰਬਿਆਂ ਤੋਂ ਮੁਕਤ ਰਿਹਾ। ਉਹ ਆਖਦਾ ਹੈ, 'ਜੇ ਮੈਂ ਸਿਰਫ਼ ਨੋਟਾਂ ਖਾਤਰ ਕੰਮ ਕਰਨਾ ਹੁੰਦਾ ਤਾਂ ਮੇਰੀ ਸੋਚ ਵੀ ਗੰਧਲੀ ਹੋ ਜਾਂਦੀ, ਪਰ ਮੈਂ ਤਾਂ ਮਾਂ ਬੋਲੀ ਦੀ ਸੇਵਾ ਖਾਤਰ ਹੀ ਚੰਗੇ ਭਲੇ ਉੱਚੇ ਸਰਕਾਰੀ ਅਹੁਦੇ, ਜਿਸ ਵਿਚ ਲਾਲ ਬੱਤੀ ਵਾਲੀ ਕਾਰ ਵੀ ਸ਼ਾਮਿਲ ਸੀ ਤੇ ਹੋਰ ਸੁਖ-ਸਹੂਲਤਾਂ ਵੀ, ਨੂੰ ਇਸ ਕਰਕੇ ਛੱਡਿਆ ਕਿਉਂਕਿ ਇਸ ਜਨਮ ਵਿਚ ਪੰਜਾਬੀ ਲਈ ਕੁਝ ਕਰਨਾ ਚਾਹੁੰਦਾ ਸਾਂ।' ਉਸ ਦੀ ਇਸ ਸੋਚ 'ਤੇ ਰਸ਼ਕ ਵੀ ਹੁੰਦਾ ਹੈ ਕਿਉਂਕਿ ਪੰਜਾਬ ਦੇ ਬਹੁਗਿਣਤੀ ਗਾਇਕਾਂ ਦਾ ਪੰਜਾਬੀ ਮਾਂ ਬੋਲੀ ਨਾਲ ਕੋਈ ਵਾਸਤਾ ਨਹੀਂ, ਉਨ੍ਹਾਂ ਦਾ ਤਾਅਲੁਕ ਆਪਣੀਆਂ ਕੋਠੀਆਂ-ਕਾਰਾਂ ਨਾਲ ਹੈ ਤੇ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਲਈ ਉਹ ਨੀਚ ਤੋਂ ਨੀਚ ਕਾਰਾ ਕਰ ਸਕਦੇ ਹਨ। 'ਵੇ ਮੈਂ ਪਾਣੀ ਭਰੇਨੀ ਆਂ ਪੱਤਣੋਂ', 'ਜੀਅ ਨਈਂ ਜਾਣ ਨੂੰ ਕਰਦਾ ਰੰਗਲੀ ਦੁਨੀਆਂ ਤੋਂ', 'ਹਾਂ ਜੱਟ ਪੰਜਾਬੀ ਦੋਸਤੋ', 'ਪੱਗਾਂ ਵਿਚੋਂ ਪੱਗ ਪਟਿਆਲਾਸ਼ਾਹੀ ਅ[illegible]', ਬੋਲੀਆਂ ਅਤੇ ਦਰਜਨ ਭਰ ਹੋਰ ਗੀਤ ਪੰਮੀ ਬਾਈ ਦੀ ਪਛਾਣ ਨਾਲ ਪੱਕੇ ਤੌਰ 'ਤੇ ਜੁੜ ਗਏ ਹਨ। ਜਦੋਂ ਕਦੇ ਇਨ੍ਹਾਂ ਦੇ ਬੋਲ ਕੰਨੀਂ ਪੈਂਦੇ ਹਨ ਤਾਂ 'ਸ਼ੀ...ਸ਼ੀ...' ਕਰਨ ਵਾਲੇ ਤੁਰਲੇਦਾਰ ਪੱਗ ਵਾਲੇ ਪੰਮੀ ਦੀ ਮੂਰਤ ਸਾਹਮਣੇ ਆ ਖੜੋਂਦੀ ਹੈ। ਪੰਮੀ ਚੰਗਾ ਗਾਉਣ ਲਈ ਵਚਨਬੱਧ ਹੈ ਅਤੇ ਉਸ ਦਾ ਇਹ ਕਹਿਣਾ ਹੈ ਕਿ, 'ਜਿਸ ਦਿਨ ਪੰਜਾਬ ਦੇ ਲੋਕਾਂ ਨੇ ਇਹ ਫ਼ੈਸਲਾ ਕਰ ਲਿਆ ਕਿ ਅੱਜ ਤੋਂ ਚੰਗੀ ਗਾਇਕੀ ਨੂੰ ਬਿਲਕੁਲ ਨਹੀਂ ਸੁਣਨਾ, ਉਸ ਦਿਨ ਮੈਂ ਉਨ੍ਹਾਂ ਦੇ ਸਵਾਦ ਮੁਤਾਬਕ ਗਾਉਣ ਦੀ ਥਾਂ ਕੋਈ ਹੋਰ ਕੰਮ ਕਰਨਾ।



ਪੰਮੀ ਨੇ ਹੁਣ ਨਵੇਂ ਉਪਰਾਲੇ ਵਜੋਂ 'ਢੋਲ ਤੇ ਧਮਾਲਾਂ' ਕੈਸਿਟ ਚੰਗੇ ਗੀਤ-ਸੰਗੀਤ ਦੇ ਆਸ਼ਕਾਂ ਦੀ ਨਜ਼ਰ ਕੀਤੀ ਹੈ। ਖ਼ੁਸ਼ੀ ਦੀ ਗੱਲ ਇਹ ਹੈ ਕਿ ਇਸ ਵਿਚਲੇ ਸਾਰੇ ਗੀਤ ਪੰਜਾਬ ਤੇ ਪੰਜਾਬੀਅਤ ਦੀ ਤਰਜ਼ਮਾਨੀ ਕਰਨ ਵਾਲੇ ਹਨ। ਹਰ ਗੀਤ ਵਿਚੋਂ ਪੰਮੀ ਦੀ ਸਵੱਛ ਸੋਚ ਦਾ ਝਲਕਾਰਾ ਮਿਲਦਾ ਹੈ ਤੇ ਲੋਕ ਸਾਜ਼ਾਂ ਦੀ ਵਰਤੋਂ ਗੀਤਾਂ ਨੂੰ ਹੋਰ ਵੀ ਚਾਰ ਚੰਨ ਲਾਉਂਦੀ ਹੈ। 'ਫ਼ਰੈਂਕਫਿਨ' ਕੰਪਨੀ ਵਲੋਂ ਰਿਲੀਜ਼ ਕੀਤੀ ਇਸ ਕੈਸਿਟ ਦਾ ਸੰਗੀਤ ਪੰਮੀ ਦੇ ਪਰਮ ਮਿੱਤਰ ਕੁਲਜੀਤ ਨੇ ਤਿਆਰ ਕੀਤਾ ਹੈ ਅਤੇ ਗੀਤਾਂ ਦੇ ਬੋਲ ਦੇਵ ਥਰੀਕਿਆਂ ਵਾਲਾ, ਰਾਜ ਕਾਕੜਾ, ਬਲਵੀਰ ਬੋਪਾਰਾਏ, ਮੱਖਣ ਲੁਹਾਰ, ਮੇਜਰ ਸਿੰਘ, ਸੋਢੀ ਦਿੱਲੀ ਵਾਲਾ, ਸਾਹਬ ਸਾਬ੍ਹੀ ਅਤੇ ਜਗਦੇਵ ਮਾਨ ਨੇ ਲਿਖੇ ਹਨ। ਪੰਜਾਬ ਦੀਆਂ ਜੱਟੀਆਂ ਦਾ ਜ਼ਿਕਰ ਅਨੇਕਾਂ ਲੋਕ ਗੀਤਾਂ ਅਤੇ ਬੋਲੀਆਂ ਦਾ ਸ਼ਿੰਗਾਰ ਬਣਿਆ ਹੈ। 'ਭੱਤਾ ਲੈ ਕੇ ਚੱਲੀ ਖੇਤ ਨੂੰ ਜੱਟੀ ਪੰਦਰਾਂ ਮੁਰੱਬਿਆਂ ਵਾਲੀ' ਸਤਰਾਂ ਐਵੇਂ ਨਹੀਂ ਲਿਖੀਆਂ ਗਈਆਂ। ਇਸੇ ਪੈੜ 'ਚ ਪੈੜ ਧਰਦਿਆਂ ਪੰਮੀ ਨੇ ਆਪਣੀ ਕੈਸਿਟ ਵਿਚ ਜੱਟੀਆਂ ਦੀ ਉਸਤਤ ਵਾਲਾ ਗੀਤ ਦਰਜ ਕੀਤਾ ਹੈ। ਬੇਸ਼ਕ ਅੱਜ ਦੇ ਸਮੇਂ ਕਿਸੇ ਨੂੰ ਜਾਤੀ ਵਰਗ ਵਿਚ ਵੰਡ ਕੇ ਨਹੀਂ ਦੇਖਣਾ ਚਾਹੀਦਾ ਪ੍ਰੰਤੂ ਗੱਲ ਜੇ ਸਿਰਫ਼ ਗੀਤ ਤੱਕ ਸੀਮਤ ਰੱਖੀ ਜਾਵੇ ਤਾਂ ਉਸ ਦਾ ਕਹਿਣਾ ਹੈ :

ਵਿਆਹ, ਮੰਗਣੇ, ਤੀਆਂ ਦੇ ਵਿਚ ਨੱਚਣਾ,
ਇਹ ਕੰਮ ਜੱਟੀਆਂ ਦਾ।
ਨਾਲ ਟੌਹਰ ਦੇ ਸ਼ਰੀਕੇ ਵਿਚ ਵੱਸਣਾ,
ਇਹ ਕੰਮ ਜੱਟੀਆਂ ਦਾ।

ਪੰਜਾਬ ਨੂੰ ਪਿਛਲੇ ਲੰਮੇ ਸਮੇਂ ਤੋਂ ਨਸ਼ਿਆਂ ਦੀ ਬਿਮਾਰੀ ਨੇ ਜਕੜਿਆ ਹੋਇਆ ਹੈ। ਕਿੰਨੇ ਦੁੱਖ ਵਾਲੀ ਗੱਲ ਹੈ ਕਿ ਜਿਹੜੇ ਪੰਜਾਬ ਦੀਆਂ ਗੱਲਾਂ ਕਿਸੇ ਵੇਲੇ ਇੱਥੋਂ ਦੇ ਨੌਜਵਾਨਾਂ ਦੇ ਤਕੜੇ ਜੁੱਸਿਆਂ ਅਤੇ ਚੰਗੀਆਂ ਖ਼ੁਰਾਕਾਂ ਕਰਕੇ ਹੁੰਦੀਆਂ ਸਨ, ਅੱਜ ਉਨ੍ਹਾਂ ਨੌਜਵਾਨਾਂ ਦੇ ਸਰੀਰ ਤੀਲਿਆਂ ਵਾਂਗ ਸੁੱਕ ਗਏ ਹਨ। ਚਰਸ, ਸਮੈਕ, ਗਾਂਜਾ, ਅਫ਼ੀਮ, ਸ਼ਰਾਬ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਨਸ਼ੇ ਪੰਜਾਬ ਦੀ ਜਵਾਨੀ ਨੂੰ ਖਾ ਰਹੇ ਹਨ। ਪੰਮੀ ਬਾਈ ਨੂੰ ਪੰਜਾਬ ਦੀ ਜਵਾਨੀ ਦੀ ਚਿੰਤਾ ਹੈ ਅਤੇ ਅਸਲ ਗਾਇਕ ਉਸੇ ਨੂੰ ਮੰਨਿਆ ਜਾ ਸਕਦਾ ਹੈ ਜਿਹੜਾ ਕਮਰਸ਼ੀਅਲ ਪੱਖ 'ਤੇ ਖਰਾ ਉਤਰਨ ਦੇ ਨਾਲ-ਨਾਲ ਸਮਾਜ ਨੂੰ ਸੇਧ ਦੇਣ ਦਾ ਜ਼ਿੰਮਾ ਵੀ ਨਿਭਾ ਰਿਹਾ ਹੋਵੇ। 'ਢੋਲ ਤੇ ਧਮਾਲਾਂ' ਦੇ ਇੱਕ ਗੀਤ ਵਿਚ ਪੰਮੀ ਨੇ ਆਖਿਆ ਹੈ :

ਖੇਡ ਗਈ ਜਵਾਨੀ ਰੰਗ ਵੇਖ ਲਏ ਬੜੇ,
ਪਹਿਲਾਂ ਵਾਂਗੂੰ ਮੁੱਛ ਤੇਰੀ ਕਿਉਂ ਨਾ ਖੜੇ।
ਅੱਜ ਅੱਥਰੀ ਜਵਾਨੀ ਦੀਆਂ ਵੇਲਾਂ,
ਕਿਸੇ ਦੇ ਵਿਹੜੇ ਹੋਰ ਉੱਗੀਆਂ।
ਕਿੱਥੇ ਉੱਡ ਗਏ ਜਵਾਨਾਂ ਦੱਸ ਤੇਰੇ,
ਪੱਟਾਂ 'ਤੇ ਪੈਂਦੇ ਮੋਰ ਘੁੱਗੀਆਂ।

'ਜਗ ਚਾਰ ਦਿਨਾਂ ਦਾ ਖੇਲਾ, ਜਾਣਾ ਵਿਛੜ ਭਰਾਵੋ ਮੇਲਾ' ਵਰਗੀਆਂ ਸਤਰਾਂ ਹਕੀਕਤ ਦੇ ਗਰਭ ਵਿਚੋਂ ਨਿਕਲਦੀਆਂ ਹਨ ਅਤੇ ਪੰਮੀ ਬਾਈ ਦੀ ਨਵੀਂ ਕੈਸਿਟ ਵਿਚਲੇ ਕਈ ਗੀਤ ਸੱਚਾਈ ਦੀ ਕੁੱਖ ਵਿਚੋਂ ਜੰਮੇ ਹਨ। ਜ਼ਿੰਦਗੀ ਪਾਣੀ ਦੇ ਬੁਲਬੁਲੇ ਵਰਗੀ ਹੈ ਅਤੇ ਪਤਾ ਨਹੀਂ ਕਦੋਂ ਇਹ ਬੁਲਬੁਲਾ ਖ਼ਤਮ ਹੋ ਜਾਵੇ। ਚਾਰ ਦਿਨਾਂ ਦੀ ਇਹ ਜ਼ਿੰਦਗਾਨੀ ਹੱਸ-ਖੇਡ ਕੇ ਬਿਤਾਉਣੀ ਚਾਹੀਦੀ ਹੈ, ਨਾ ਕਿ ਵੈਰ-ਵਿਰੋਧ ਦੀ ਭਾਵਨਾਵਾਂ ਰੱਖ ਕੇ। ਪੰਮੀ ਨੂੰ ਸਾੜੇ ਤੋਂ ਨਫ਼ਰਤ ਹੈ ਅਤੇ ਉਹ ਚਾਹੁੰਦਾ ਹੈ ਕਿ ਹਰ ਕੋਈ ਹੱਸਦਾ ਵੱਸਦਾ ਰਹੇ, ਦੁੱਖ ਕਿਸੇ ਦੇ ਨੇੜੇ ਨਾ ਆਉਣ ਅਤੇ ਹਰ ਪਾਸੇ ਪੰਜਾਬੀਆਂ ਦੀ ਸਰਦਾਰੀ ਬਣੀ ਰਹੀ। ਇੱਕ ਗੀਤ ਦੇ ਰੂਪ ਵਿਚ ਉਸਦਾ ਆਖਣਾ ਹੈ :

ਹੱਸ ਖੇਡ ਕੇ ਇਸ ਦੁਨੀਆਂ 'ਤੇ ਮੌਜਾਂ ਮਾਣ ਲਈਏ,
ਕਿਸੇ ਨੂੰ ਦਿਲ ਦੀ ਕਹੀਏ, ਕਿਸੇ ਦੇ ਦਿਲ ਦੀ ਜਾਣ ਲਈਏ।
ਕਦੇ ਰੇਤ ਦੀਆਂ ਕੰਧਾਂ 'ਤੇ ਨਹੀਂ ਮਹਿਲ ਉਸਾਰੀ ਦਾ,
ਚਾਰ ਦਿਨਾਂ ਦਾ ਮੇਲਾ ਜੱਗ 'ਤੇ ਦੁਨੀਆਂਦਾਰੀ ਦਾ।

**ਪੰਮੀ ਨੇ ਹੁਣ ਨਵੇਂ ਉਪਰਾਲੇ ਵਜੋਂ 'ਢੋਲ ਤੇ ਧਮਾਲਾਂ' ਕੈਸਿਟ ਚੰਗੇ ਗੀਤ-ਸੰਗੀਤ ਦੇ ਆਸ਼ਕਾਂ ਦੀ ਨਜ਼ਰ ਕੀਤੀ ਹੈ। ਖ਼ੁਸ਼ੀ ਦੀ ਗੱਲ ਇਹ ਹੈ ਕਿ ਇਸ ਵਿਚਲੇ ਸਾਰੇ ਗੀਤ ਪੰਜਾਬ ਤੇ ਪੰਜਾਬੀਅਤ ਦੀ ਤਰਜ਼ਮਾਨੀ ਕਰਨ ਵਾਲੇ ਹਨ। ਹਰ ਗੀਤ ਵਿਚੋਂ ਪੰਮੀ ਦੀ ਸਵੱਛ ਸੋਚ ਦਾ ਝਲਕਾਰਾ ਮਿਲਦਾ ਹੈ ਤੇ ਲੋਕ ਸਾਜ਼ਾਂ ਦੀ ਵਰਤੋਂ ਗੀਤਾਂ ਨੂੰ ਹੋਰ ਵੀ ਚਾਰ ਚੰਨ ਲਾਉਂਦੀ ਹੈ। 'ਫ਼ਰੈਂਕਫਿਨ' ਕੰਪਨੀ ਵਲੋਂ ਰਿਲੀਜ਼ ਕੀਤੀ ਇਸ ਕੈਸਿਟ ਦਾ ਸੰਗੀਤ ਪੰਮੀ ਦੇ ਪਰਮ ਮਿੱਤਰ ਕੁਲਜੀਤ ਨੇ ਤਿਆਰ ਕੀਤਾ ਹੈ ਅਤੇ ਗੀਤਾਂ ਦੇ ਬੋਲ ਦੇਵ ਥਰੀਕਿਆਂ ਵਾਲਾ, ਰਾਜ ਕਾਕੜਾ, ਬਲਵੀਰ ਬੋਪਾਰਾਏ, ਮੱਖਣ ਲੁਹਾਰ, ਮੇਜਰ ਸਿੰਘ, ਸੋਢੀ ਦਿੱਲੀ ਵਾਲਾ, ਸਾਹਬ ਸਾਬ੍ਹੀ ਅਤੇ ਜਗਦੇਵ ਮਾਨ ਨੇ ਲਿਖੇ ਹਨ। ਪੰਜਾਬ ਦੀਆਂ ਜੱਟੀਆਂ ਦਾ ਜ਼ਿਕਰ ਅਨੇਕਾਂ ਲੋਕ ਗੀਤਾਂ ਅਤੇ ਬੋਲੀਆਂ ਦਾ ਸ਼ਿੰਗਾਰ ਬਣਿਆ ਹੈ। 'ਭੱਤਾ ਲੈ ਕੇ ਚੱਲੀ ਖੇਤ ਨੂੰ ਜੱਟੀ ਪੰਦਰਾਂ ਮੁਰੱਬਿਆਂ ਵਾਲੀ' ਸਤਰਾਂ ਐਵੇਂ ਨਹੀਂ ਲਿਖੀਆਂ ਗਈਆਂ।**

ਪੰਜਾਬ ਦੇ ਬਹੁਗਿਣਤੀ ਗਾਇਕ ਕਮਰਸ਼ੀਅਲ ਹੋਣ ਦੇ ਨਾਂ 'ਤੇ ਜਿਹੜੇ ਉਲ-ਜਲੂਲ ਵਿਸ਼ੇ ਪੇਸ਼ ਕਰ ਰਹੇ ਹਨ, ਉਹ ਸੂਝਵਾਨ ਤਬਕੇ ਦਾ ਕਾਲਜਾ ਵਿਨ੍ਹ ਕੇ ਰੱਖ ਦਿੰਦੇ ਹਨ। ਕਦੇ-ਕਦੇ ਤਾਂ ਇੰਜ ਜਾਪਣ ਲੱਗਦਾ ਹੈ ਕਿ ਪੰਜਾਬ ਵਿਚ ਗਾਇਕੀ ਦਾ ਨਵਾਂ ਅੱਤਵਾਦ ਜੰਮ ਪਿਆ ਹੈ। ਚੰਗੇ ਵਿਸ਼ਿਆਂ ਵਾਲੇ ਗੀਤਾਂ ਦੀ ਸਮਾਜ ਨੂੰ ਲੋੜ ਹੈ।

ਜਿਹੜੀ ਮਾਂ ਨੇ ਸਾਨੂੰ ਜੰਮਿਆ-ਪਾਲਿਆ ਉਸ ਦੀ ਮਮਤਾ ਨੂੰ ਦਰਸਾਉਣ ਵਾਲੇ ਗੀਤ ਪੱਥਰਾਂ ਨੂੰ ਪੰਘਰਾਉਣ ਦੀ ਸਮਰੱਥਾ ਰੱਖਦੇ ਹਨ। 'ਢੋਲ ਤੇ ਧਮਾਲਾਂ' ਵਿਚਲਾ ਪੰਮੀ ਬਾਈ ਦਾ ਮਾਂ ਦੀ ਮਮਤਾ ਵਾਲਾ ਗੀਤ ਸੀਨਾ ਠਾਰਨ ਵਾਲਾ ਹੈ। ਗੀਤ ਦੇ ਬੋਲ ਹਨ :

ਅੱਜ ਰੋਵਾਂ ਤਰਲੇ ਪਾਵਾਂ, ਉਹ ਮਾਂ ਕਿਧਰ ਗਈ,
ਜੀਹਦੇ ਕੋਲ ਸੀ ਠੰਢੀਆਂ ਛਾਂਵਾਂ, ਹਾਏ ਮਾਂ ਕਿਧਰ ਗਈ।

ਗਲੋਬਲਾਈਜੇਸ਼ਨ ਦੇ ਯੁੱਗ ਵਿਚ ਬੇਸ਼ੱਕ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲ ਗਈ ਹੋਵੇ, ਪਰ ਪੰਮੀ ਬਾਈ ਪੁਰਾਣੇ ਪੰਜਾਬ ਦੇ ਦਰਸ਼ਨਾਂ ਦਾ ਚਾਹਵਾਨ ਹੈ। ਉਹ ਚਾਹੁੰਦਾ ਹੈ ਕਿ ਪਿੱਪਲਾਂ ਥੱਲੇ ਸੱਥਾਂ ਦੇ ਰੂਪ ਵਿਚ ਮੁੜ ਰੌਣਕਾਂ ਲੱਗਣ ਲੱਗ ਜਾਣ, ਬਲਦਾਂ ਗਲ ਟੱਲੀਆਂ ਖੜਕਣ, ਚਾਟੀਆਂ ਵਿਚ ਮਧਾਣੀਆਂ ਘੁੰਮਣ, ਦਰੱਖਤਾਂ 'ਤੇ ਕੋਇਲਾਂ ਕੂਕਣ ਅਤੇ ਚਿੜੀਆਂ ਦੀ ਚੀਂ-ਚੀਂ ਕੰਨੀਂ ਪਵੇ। ਪੰਜਾਬੀਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦੀ ਗੱਲ ਕਰਨ ਵਾਲਾ ਉਸ ਦਾ ਗੀਤ ਮਨ ਨੂੰ ਸਵਾਦ ਗੜੂੰਦ ਕਰ ਦਿੰਦਾ ਹੈ:

ਹਾੜ ਮਹੀਨੇ ਪਿੱਪਲਾਂ ਥੱਲੇ ਬੈਠਕ ਯਾਰਾਂ ਦੀ,
ਜਿੱਥੇ ਬਹਿ ਕੇ ਛਾਣਬੀਨ ਹੁੰਦੀ ਸਰਕਾਰਾਂ ਦੀ।
ਢਾਣੀਆਂ ਦੇ ਵਿਚ ਬਹਿ ਕੇ ਬੜ੍ਹਕਾ ਵੱਜਦੀਆਂ ਰਹਿਣਗੀਆਂ,
ਪਿੰਡਾਂ ਦੇ ਵਿਚ ਸਦਾ ਰੌਣਕਾਂ ਲੱਗਦੀਆਂ ਰਹਿਣਗੀਆਂ।

ਇਸ ਤੋਂ ਇਲਾਵਾ 'ਢੋਲ ਤੇ ਧਮਾਲਾਂ' ਵਿਚਲੇ ਬਾਕੀ ਗੀਤ ਵੀ ਮਨ ਦੇ ਮੋਰ ਨੂੰ ਪੈਲਾ ਪਵਾਉਣ ਦੇ ਸਮਰੱਥ ਹਨ। ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਵਿਚ ਦੋ-ਚਾਰ ਗਾਇਕ ਹਾਲੇ ਅਜਿਹੇ ਵੀ ਹਨ, ਜਿਹੜੇ ਸਿਰਫ਼ ਤੇ ਸਿਰਫ਼ ਚੰਗਾ ਮੈਟਰ ਹੀ ਗਾਉਂਦੇ ਹਨ, ਬਾਕੀਆਂ ਦਾ ਤਾਂ ਰੱਬ ਹੀ ਰਾਖਾ ਹੈ। ਪੰਮੀ ਬਾਈ ਨੇ ਇਸ ਸੱਤਵੀਂ ਕੈਸਿਟ ਵਿਚ ਸਵੱਛਤਾ ਨੂੰ ਭਾਰੂ ਰੱਖਿਆ ਹੈ ਅਤੇ ਲੀਹੋਂ ਲੱਥਿਆ ਕੋਈ ਵਿਸ਼ਾ ਨਹੀਂ ਚੁਣਿਆ। ਪੰਮੀ ਦੱਸਦਾ ਹੈ ਕਿ, 'ਢੋਲ ਤੇ ਧਮਾਲਾਂ' ਵਿਚਲੇ ਤਿੰਨ ਗੀਤਾਂ ਦੇ ਵੀਡੀਓ ਬਣ ਚੁੱਕੇ ਹਨ ਅਤੇ ਦੋ ਨਿਰਮਾਣ ਅਧੀਨ ਹੈ। ਉਮੀਦ ਹੀ ਨਹੀਂ, ਸਗੋਂ ਪੂਰਾ ਯਕੀਨ ਵੀ ਹੈ ਕਿ ਉਸ ਦੀ ਇਹ ਕੈਸਿਟ ਪੰਜਾਬੀ ਗੀਤ ਸੰਗੀਤ ਪ੍ਰੇਮੀਆਂ ਦੀਆਂ ਭਾਵਨਾਵਾਂ 'ਤੇ ਖਰੀ ਉਤਰੇਗੀ।

ਆਗਿਆ ਭਾਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ

ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ-ਲੱਖ ਵਧਾਈ



# ਗੱਭਰੂ ਸੈਨ ਹੋਜ਼ੇ ਦੇ

Dev S Grewal
Simranpreet S Gill
Gurpreet S Saran
Vikram S Bhullar
Harpinder S Dhillon
Manjot Singh
Nampreet S Nahal
And other team members

# ਸਾਡੇ ਵੇਲਿਆਂ ਵਿਚ ਟਿਊਸ਼ਨਾਂ ਦਾ ਕੋਹੜ ਵਿਦਿਆ ਨੂੰ ਨਹੀਂ ਸੀ ਲਗਾ

## ਸਫਰ ਜ਼ਿੰਦਗੀ ਦਾ



ਸਰਦਾਰਾ ਸਿੰਘ ਜੌਹਲ

*ਮੈਂ ਗੁਲਾਮੀ ਦੀ ਸਿਫ਼ਤ ਨਹੀਂ ਕਰਦਾ, ਪਰ ਦੇਸ਼ ਦੇ ਗੁਲਾਮ ਹੁੰਦਿਆਂ ਹੋਇਆਂ ਵੀ ਇੰਜ ਨਹੀਂ ਸੀ ਹੋਇਆ। ਜਿਨ੍ਹਾਂ ਨੇ ਸਾਡੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਉਹ ਤਾਂ ਲੱਦ ਗਏ ਆਪਣੀਆਂ ਆਹੂਤੀਆਂ ਦੇ ਕੇ ਅਤੇ ਤਾਕਤ ਆ ਗਈ ਹੈ ਹੱਥ, ਪੰਡਿਤ ਨਹਿਰੂ ਜੀ ਦੇ ਕਥਨ ਅਨੁਸਾਰ ਮੋਟੀ ਚਮੜੀ, ਮੋਟੀ ਖੋਪੜੀ, ਲੰਬੀ ਜ਼ੁਬਾਨ, ਉੱਚੀ ਆਵਾਜ਼ ਅਤੇ ਮੋਟੇ ਡੌਲਿਆਂ ਵਾਲੇ ਧਨਾਢਾਂ ਦੇ। ਮਜ਼ਹਬੀ ਇਕਾਈਆਂ ਅਤੇ ਮਜ਼ਹਬੀ ਸੰਕਰੀਣਤਾ ਵਿਚ ਜਕੜੇ ਲਾਲਚੀ ਲੋਕਾਂ ਨੇ ਪਬਲਿਕ ਸਕੂਲਾਂ ਨੂੰ ਗੁਰੂਆਂ, ਪੀਰਾਂ ਅਤੇ ਬਜ਼ੁਰਗਾਂ ਦੇ ਨਾਂ ਦੇ ਕੇ ਦੁਕਾਨਾਂ ਖੋਲ੍ਹ ਲਈਆਂ ਹਨ, ਜਿਥੇ ਪੈਸਿਆਂ ਦੀ ਸੌਦੇਬਾਜ਼ੀ ਵਿਚ ਭੋਲੇ-ਭਾਲੇ ਬੱਚਿਆਂ ਦੇ ਬਚਪਨ ਨੂੰ ਪੂਰੀ ਤਰ੍ਹਾਂ ਮਧੋਲਿਆ ਜਾ ਰਿਹਾ ਹੈ। ਇਹ ਸਕੂਲ ਖ਼ੈਰਾਤ (ਡੋਨੇਸ਼ਨਾਂ) ਦੇ ਆਸਰੇ ਵੱਡੀਆਂ-ਵੱਡੀਆਂ ਇਮਾਰਤਾਂ ਬਣਾਈ ਬੈਠੇ ਹਨ, ਕਈ-ਕਈ ਏਕੜ ਜ਼ਮੀਨ ਦੱਬੀ ਬੈਠੇ ਹਨ। ਇਨ੍ਹਾਂ ਸਕੂਲਾਂ ਵਿਚ ਅਮੀਰਾਂ ਦੇ ਬੱਚੇ ਪੜ੍ਹਦੇ ਹਨ।*

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਨਹੀਂ ਤਾਂ ਜੇ ਪਰਸ ਰਾਮ ਪਿੰਡ ਵਿਚ ਹੋਵੇ ਤਾਂ ਜਲੂਸ ਨਾ ਨਿਕਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਾਡੀ ਨਜ਼ਰੇ ਉਹ ਆਜ਼ਾਦੀ ਦਾ ਸ਼ੈਦਾਈ, ਇਕ ਦੇਵਤਾ ਸਰੂਪ ਇਨਸਾਨ ਸੀ ਜਿਸ ਨੇ ਦੇਸ਼ ਦੀ ਆਜ਼ਾਦੀ ਵਾਸਤੇ ਸਭ ਕੁਝ ਕੁਰਬਾਨ ਕੀਤਾ। ਉਸ ਪਰਸ ਰਾਮ ਦਾ ਆਜ਼ਾਦੀ ਤੋਂ ਬਾਅਦ ਅਤੇ ਦੇਸ਼ ਦੇ ਬਟਵਾਰੇ ਤੋਂ ਬਾਅਦ ਕੀ ਬਣਿਆ, ਕੁਝ ਪਤਾ ਨਹੀਂ। ਉਸ ਦਾ ਕਿਤੇ ਨਾਂ ਨਹੀਂ ਸੁਣਿਆ। ਸ਼ਾਇਦ ਆਜ਼ਾਦ ਦੇਸ਼ ਦੀ ਸਿਆਸੀ ਆਪੋ-ਧਾਪ ਅਤੇ ਕੋਈ ਸ਼ਤਰੰਜਬਾਜ਼ੀ ਵਿਚ ਉਹ ਇਕ ਮੋਹਰੇ ਵਾਂਗ ਨੇਸਤੋ-ਨਾਬੂਦ ਹੀ ਹੋ ਗਿਆ ਜਾਪਦਾ ਹੈ।

ਲਾਗਲਾ ਪਿੰਡ 'ਬੰਗਾ' ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦਾ ਸੀ। ਹਰ ਸਾਲ ਬੰਗਿਆਂ ਦਾ ਮੇਲਾ ਲਗਦਾ ਸੀ। ਇਹ ਪਰਸ ਰਾਮ ਬੱਚਿਆਂ ਅਤੇ ਨੌਜੁਆਨਾਂ ਦੇ ਜਲੂਸ ਲੈ ਕੇ ਉਥੇ ਉਸ ਵੇਲੇ ''ਇਨਕਲਾਬ-ਜ਼ਿੰਦਾਬਾਦ'' ਦੇ ਨਾਅਰੇ ਲਾਉਂਦਾ ਹਰ ਸਾਲ ਸ਼ਾਮਿਲ ਹੁੰਦਾ ਸੀ। ਆਜ਼ਾਦੀ ਵਾਸਤੇ ਜਾਗ੍ਰਿਤੀ ਜੋ ਸਾਡੇ ਬੱਚਿਆਂ ਵਿਚ ਉਸ ਪਰਸ ਰਾਮ ਨੇ ਪੈਦਾ ਕੀਤੀ, ਸ਼ਾਇਦ ਕਿਸੇ ਹੋਰ ਲੀਡਰ ਨੇ ਨਹੀਂ ਕੀਤੀ। ਇਸ ਪਰਸ ਰਾਮ ਨੂੰ ਅਸੀਂ ਆਪਣੇ ਵੱਡੇ ਮਾਸਟਰ ਜੀ ਜਿੰਨਾ ਹੀ ਦਿਲੀ ਸਨਮਾਨ ਦਿੰਦੇ ਸੀ। ਦਿਲ ਉਸ ਨੂੰ ਵੇਖਣ ਨੂੰ ਅੱਜ ਵੀ ਕਈ ਵਾਰ ਲੋਚਦਾ ਹੈ।

ਬਚਪਨ ਦਾ ਇਕ ਹੋਰ 'ਕਿਰਦਾਰ' ਵੀ ਅੱਜ ਤੱਕ ਮੈਨੂੰ ਨਹੀਂ ਭੁੱਲਦਾ। ਸਾਡੇ ਪਿੰਡ ਇਕ ਹਰੀਜਨ ਔਰਤ ਜੋ ਜਾਤ ਦੀ ਤਾਂ ਚਮਾਰੀ ਸੀ ਪਰ ਉਹ ਦਾ ਨਾਂ ਚੂਹੜੀ ਸੀ, ਅੱਜ ਵੀ ਮੈਨੂੰ ਸਕੀ ਮਾਂ ਵਾਂਗ ਵਿਖਾਈ ਦਿੰਦੀ ਹੈ। ਮੈਂ ਸਾਰਾ ਸਾਰਾ ਦਿਨ ਉਸ ਕੋਲ ਬਿਤਾਉਂਦਾ ਸੀ। ਉਸ ਦੇ ਆਪਣੇ ਪੰਜ ਪੁੱਤਰ ਸਨ। ਵੱਡਾ ਪੁੱਤਰ ਮੇਰੇ ਬਾਪ ਦੇ ਹਾਣ ਦਾ ਸੀ। ਮੈਨੂੰ ਘਰਦਿਆਂ ਨੇ ਕਦੀ ਉੱਥੇ ਜਾਣ ਅਤੇ ਖਾਣ-ਪੀਣ ਤੋਂ ਵੀ ਨਹੀਂ ਸੀ ਵਰਜਿਆ। ਸੋਚਦਾ ਹਾਂ ਕਿ ਅੱਜ ਵੀ ਜੋ ਮੈਨੂੰ ਕਿਸੇ ਹਰੀਜਨ ਪਾਸੋਂ ਚੀਜ਼ ਲੈ ਕੇ ਖਾਣ ਵਿਚ ਜਾਂ ਉਨ੍ਹਾਂ ਨਾਲ ਮਿਲਣ-ਜੁਲਣ ਵਿਚ ਕੋਈ ਸੰਕੋਚ ਨਹੀਂ, ਬਸ਼ਰਤੇ ਕਿ ਸਫ਼ਾਈ ਹੋਵੇ, ਇਹ ਮੇਰੇ ਬਚਪਨ ਦੀ ਅਤੇ ਮੇਰੇ ਮਾਪਿਆਂ ਦੀ ਖੁੱਲ੍ਹ-ਦਿਲੀ ਦੀ ਦੇਣ ਹੈ। ਸਾਡੇ ਘਰ ਵਿਚ ਕਦੀ ਨਹੀਂ ਸੀ ਹੋਇਆ ਕਿ ਮੈਂ ਘਰ ਵਿਚ ਕਿਸੇ ਵੀ ਕੰਮ ਕਰਨ ਵਾਲੇ ਨੂੰ ਚਾਹੇ ਉਹ ਕਿਸੇ ਵੀ ਜਾਤ-ਬਰਾਦਰੀ ਦਾ ਹੋਵੇ, ਚਾਚਾ-ਤਾਇਆ ਜਾਂ ਚਾਚੀ-ਤਾਈ ਕਹਿ ਕੇ ਨਾ ਬੁਲਾਇਆ ਹੋਵੇ। ਨਾਂ ਲੈ ਕੇ ਬੁਲਾਉਣ ਨਾਲ ਚੰਡਾਈ ਹੋ ਜਾਂਦੀ ਸੀ। ਸੋਚਦਾ ਹਾਂ ਕਿ ਊਚ-ਨੀਚ ਉਦੋਂ ਸੀ ਜਾਂ ਹੁਣ? ਕੀ ਆਜ਼ਾਦੀ ਮਿਲਣ ਨਾਲ ਅਸੀਂ ਆਰਥਿਕ ਅਤੇ ਸਮਾਜਿਕ ਤੌਰ 'ਤੇ ਪਛੜੀਆਂ ਜਾਤੀਆਂ ਦਾ ਨਾਂ 'ਹਰੀਜਨ' ਰੱਖ ਕੇ ਅਤੇ ਪੱਕੇ ਘਰ ਪਿੰਡਾਂ ਤੋਂ ਬਾਹਰ ਬਣਾ ਕੇ, ਜੁਦੇ ਗੁਰਦੁਆਰੇ, ਮੰਦਰ, ਧਰਮਸ਼ਾਲਾ ਬਣਾ ਕੇ ਅਤੇ ਜੁਦਾ ਸਮਾਜਿਕ ਸਹੂਲਤਾਂ ਦੇ ਕੇ, ਸਮਾਜ ਦੇ ਇਸ ਪੱਛੜੇ ਅੰਗ ਨੂੰ ਸਦਾ ਲਈ ਨਿਖੇੜ ਕੇ ਨਹੀਂ ਰੱਖ ਦਿੱਤਾ? ਅੱਜ ਦੇ ਉੱਚ-ਜਾਤੀਆਂ ਦੇ ਕਿੰਨੇ ਕੁ ਬੱਚੇ ਇਨ੍ਹਾਂ ਜਾਤੀਆਂ ਦੇ ਵੱਡਿਆਂ ਨੂੰ ਚਾਚਾ-ਤਾਇਆ ਜਾਂ ਚਾਚੀ-ਤਾਈ ਕਹਿ ਕੇ ਬੁਲਾਉਂਦੇ ਨੇ? ਕੀ ਇਹ ਸਮਾਜਕ ਤੌਰ 'ਤੇ ਪੱਕਾ ਪਾਟਕ ਪਾ ਕੇ ਸਾਡੇ ਸਿਆਸੀ ਲੀਡਰ ਅਤੇ ਇਨ੍ਹਾਂ ਹੀ ਪਛੜੀਆਂ ਸ਼੍ਰੇਣੀਆਂ ਦੇ ਖਾਂਦੇ-ਪੀਂਦੇ ਲੋਕ, ਇਨ੍ਹਾਂ ਗਰੀਬਾਂ ਦੇ ਨਾਂ ਉੱਤੇ ਆਪਣੇ ਉੱਲੂ ਸਿੱਧੇ ਨਹੀਂ ਕਰੀ ਜਾ ਰਹੇ? ਇਹ ਗਰੀਬ ਤਾਂ ਜਿਥੇ ਸੀ ਪੱਕੇ ਤੌਰ 'ਤੇ ਉਥੇ ਹੀ ਹਨ। ਸਗੋਂ ਅੱਗੇ ਨਾਲੋਂ ਵੀ ਨਿਘਰ ਗਏ ਹਨ। ਕੁਝ ਇਨ੍ਹਾਂ ਸ਼੍ਰੇਣੀਆਂ ਦੇ ਦੋ-ਤਿੰਨ ਪੁਸ਼ਤੀ ਅਮੀਰਾਂ, ਸਿਆਸੀ ਲੀਡਰਾਂ ਅਤੇ ਅਫ਼ਸਰਾਂ ਦੇ ਬੱਚੇ ਇਨ੍ਹਾਂ ਗਰੀਬਾਂ ਦੇ ਨਾਂ 'ਤੇ ਮਿਲਦੀਆਂ ਸਹੂਲਤਾਂ ਦੋਹੀਂ ਹੱਥੀਂ ਲੁੱਟੀ ਜਾ ਰਹੇ ਹਨ ਅਤੇ ਇਹ ਵਿਚਾਰੇ ਉਥੇ ਦੇ ਉਥੇ ਹੀ ਹਨ। ਮੈਂ ਇਕ ਦਿਨ ਚੰਡੀਗੜ੍ਹ ਡਾਕਟਰੀ ਦੀ ਡਿਗਰੀ ਦੇ ਕੋਰਸ ਵਿਚ ਦਾਖ਼ਲੇ (ਪੀ.ਐੱਮ.ਟੀ.) ਲਈ ਕਾਰਾਂ 'ਤੇ ਆਏ ਪ੍ਰੀਖਿਆਰਥੀ ਵੇਖੇ। ਨੱਬੇ ਪ੍ਰਤੀਸ਼ਤ ਪੱਛੜੀਆਂ ਸ਼੍ਰੇਣੀਆਂ ਦੇ ਬੱਚੇ ਸਨ, ਜੋ ਕਾਰਾਂ 'ਤੇ ਆਏ ਸਨ ਇਸ ਇਮਹਿਤਾਨ ਲਈ। ਗਰੀਬਾਂ ਦੀ ਗਰੀਬੀ ਦੀ ਆੜ ਵਿਚ ਇਹ ਅਮੀਰ ਪੁਸ਼ਤ-ਦਰ-ਪੁਸ਼ਤ ਆਪਣੇ ਢਿੱਡ ਮੋਟੇ ਕਰੀ ਜਾ ਰਹੇ ਹਨ ਅਤੇ ਇਹ ਪਛੜੇ ਹੋਏ ਗਰੀਬ ਸਿਰਫ਼ ਵੋਟਾਂ ਦੀ ਪੰਡ ਬਣ ਕੇ ਰਹਿ ਗਏ ਹਨ, ਜਿਨ੍ਹਾਂ ਦੀ ਕੀਮਤ ਸਿਰਫ਼ ਦੋ ਕੱਪੜਿਆਂ, ਸ਼ਰਾਬ ਦੀ ਬੋਤਲ ਜਾਂ ਝੂਠੀ ਹੱਲਾਸ਼ੇਰੀ ਨਾਲ ਅਦਾ ਕੀਤੀ ਜਾਂਦੀ ਹੈ। ਉਹ ਬਹੁ-ਸ਼੍ਰੇਣੀ ਮਿਲਿਆ-ਜੁਲਿਆ ਭਾਈਚਾਰਾ ਜੋ ਮੈਂ ਬਚਪਨ ਵਿਚ ਖੁਲਦਿਲੀ ਨਾਲ ਮਾਣਿਆ ਅੱਜ ਖੇਰੂੰ-ਖੇਰੂੰ ਹੋ ਗਿਆ ਹੈ। ਮੇਰੀ ਮਾਨਸਿਕ ਹਾਲਤ ਤਾਂ ਕੁਲਵੰਤ ਸਿੰਘ ਵਿਰਕ ਦੀ ਕਹਾਣੀ ''ਤੂੜੀ ਦੀ ਪੰਡ'' ਵਾਲੇ ਬਜ਼ੁਰਗ ਨਾਇਕ ਵਾਲੀ ਹੈ, ਜਿਸ ਦੀ ਸਿਰ ਉਤੇ ਚੁੱਕੀ ਤੂੜੀ ਦੀ ਪੰਡ ਵਗਦੇ ਪਾਣੀ ਵਿਚ ਖੁੱਲ੍ਹ ਗਈ ਅਤੇ ਉਹ ਦੇ ਕਲਾਵੇ ਭਰ-ਭਰ ਇਕੱਠੇ ਕਰਨ ਦੇ ਬਾਵਜੂਦ ਤੂੜੀ ਦੇ ਤਿਣਕੇ ਬਿਖਰ ਗਏ ਅਤੇ ਵਿਚਾਰਾ ਡੱਬ-ਡਬਾਈਆਂ ਨਜ਼ਰਾਂ ਨਾਲ ਵੇਖਦਾ ਹੀ ਰਹਿ ਗਿਆ। ਮੇਰੀਆਂ ਅੱਖਾਂ ਸਾਹਮਣੇ, ਇਸ ਸਮਾਜਕ ਭਾਈਚਾਰੇ ਦੇ ਢਾਂਚੇ ਵਿਚ ਤ੍ਰੇੜਾਂ ਆਈਆਂ। ਕਦਰਾਂ ਕੀਮਤਾਂ ਦਾ ਨਿਘਾਰ ਹੋਣਾ ਸ਼ੁਰੂ ਹੋਇਆ। ਕਮਜ਼ੋਰ ਅਤੇ ਸਮਾਜਿਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ ਨੂੰ ਬਰਾਬਰੀ ਦਾ ਹੱਕ ਦੇਣ ਦੀ ਆੜ ਵਿਚ ਸਮਾਜ ਨੂੰ ਦੋ ਫਾੜ ਕਰਕੇ ਇਨ੍ਹਾਂ ਜਾਤੀਆਂ ਨੂੰ ਪੱਕੇ ਤੌਰ 'ਤੇ ਬਾਕੀ ਦੇ ਸਮਾਜ ਨਾਲੋਂ ਨਿਖੇੜ ਦਿੱਤਾ। ਇਨ੍ਹਾਂ ਦੀ ਗਰੀਬੀ ਅਤੇ ਪਛੜੇਪਨ ਤੋਂ ਖ਼ੁਦਗਰਜ਼ ਹਰੀਜਨ ਅਮੀਰਾਂ (ਜਿਨ੍ਹਾਂ 'ਚੋਂ ਕਈਆਂ ਨੇ ਆਪਣੇ ਗੋਤ ਜੱਟਾਂ ਵਾਲੇ ਲਿਖ ਲਏ ਹਨ) ਅਤੇ ਸਿਆਸੀ ਲੀਡਰਾਂ ਨੇ ਲਾਭ ਲਿਆ ਅਤੇ ਇਹ ਵਿਚਾਰੇ ਉਂਜ ਦੇ ਉਂਜ ਹੀ ਪੱਛੜੇ ਦੇ ਪੱਛੜੇ ਖੜ੍ਹੇ ਹਨ। ਆਜ਼ਾਦ ਭਾਰਤ ਦੀ ਇਸ ਨੀਤੀ ਨੂੰ ਦੂਰੋਂ ਸਲਾਮ। ਇਹ ਨਹੀਂ ਕਿ ਇਨ੍ਹਾਂ ਜਾਤੀਆਂ ਨੂੰ ਉੱਚੇ ਚੁੱਕਣ ਲਈ ਸਹੂਲਤਾਂ ਦੀ ਲੋੜ ਨਹੀਂ ਪਰ ਸਵਾਲ ਤਾਂ ਇਹ ਹੈ ਕਿ ਕੀ ਸਾਡੀ ਅੱਜ ਦੀ ਸਿਆਸੀ ਨੀਤੀ ਇਹ ਮੰਤਵ ਪੂਰਾ ਕਰਦੀ ਹੈ?

ਮੈਂ ਚੌਥੀ ਜਮਾਤ ਦੇ ਇਮਤਿਹਾਨ ਦੀ ਗੱਲ ਕੀਤੀ ਸੀ। ਇਹ ਇਮਤਿਹਾਨ ਮੇਰਾ ਪਹਿਲਾ ਇਮਤਿਹਾਨ ਸੀ, ਜਿਸ ਵਿਚ ਪਤਾ ਨਹੀਂ ਮੈਂ ਆਪੇ ਹੀ ਪਾਸ ਹੋ ਗਿਆ ਸੀ ਜਾਂ ਪਾਸ ਕਰ ਦਿੱਤਾ ਗਿਆ ਸੀ। ਦਰਅਸਲ ਅਸੀਂ ਸਾਰੇ ਹੀ ਮੁੰਡੇ ਪਾਸ ਹੋ ਗਏ ਸਾਂ ਜਾਂ ਕਰ ਦਿੱਤੇ ਗਏ ਸਾਂ। ਉਨ੍ਹਾਂ ਦਿਨਾਂ ਵਿਚ ਪਿੰਡਾਂ ਦੀਆਂ ਕੁੜੀਆਂ ਸਕੂਲ ਨਹੀਂ ਸੀ ਪੜ੍ਹਦੀਆਂ ਹੁੰਦੀਆਂ। ਜੇ ਕਿਸੇ ਨੇ ਕੁਝ ਪੰਜਾਬੀ ਪੜ੍ਹਨੀ ਹੋਵੇ ਤਾਂ ਗੁਰਦੁਆਰੇ ਜਾ ਕੇ ਪੜ੍ਹਦੀਆਂ ਹੁੰਦੀਆਂ ਸਨ। ਉਸ ਚੌਥੀ (ਪ੍ਰਾਇਮਰੀ) ਨੂੰ ਪਾਸ ਕਰਨ ਵਿਚ ਮੈਨੂੰ ਜੋ ਖੁਸ਼ੀ ਮਹਿਸੂਸ ਹੋਈ, ਓਨੀ ਖੁਸ਼ੀ ਸ਼ਾਇਦ ਪੀ.ਐੱਚ.ਡੀ. ਕਰਨ ਵਿਚ ਵੀ ਮੈਨੂੰ ਮਹਿਸੂਸ ਨਾ ਹੋਈ ਹੋਵੇ। ਮੇਰਾ ਖ਼ਿਆਲ ਹੈ ਛੋਟੀਆਂ ਜਮਾਤਾਂ ਨੂੰ ਖ਼ਾਸ ਕਰਕੇ ਪ੍ਰਾਇਮਰੀ ਕਲਾਸਾਂ ਵਿਚ ਕੋਈ ਬੱਚਾ ਫੇਲ੍ਹ ਨਹੀਂ ਸੀ ਕੀਤਾ ਜਾਂਦਾ। ਹੁਣ ਕਿਸੇ ਉੱਚ ਇਮਤਿਹਾਨ ਵਿਚੋਂ ਤਾਂ ਕੀ, ਲੋਅਰ ਕੇ.ਜੀ. ਵਿਚ ਦਾਖਲੇ ਵਿਚ ਹੀ ਭੋਲੇ ਭਾਲੇ ਨਿੱਕੇ-ਨਿੱਕੇ ਬੱਚਿਆਂ ਨੂੰ ਫੇਲ੍ਹ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਨ੍ਹਾਂ ਬੱਚਿਆਂ ਦੇ ਮਾਂ-ਪਿਉ ਸਕੂਲ ਵਾਸਤੇ ਹਜ਼ਾਰਾਂ ਰੁਪਏ ਚੰਦਾ ਨਹੀਂ ਦੇ ਸਕਦੇ ਜਾਂ ਦਾਨ ਰੂਪੀ ਚੰਦਾ ਨਹੀਂ ਦੇ ਸਕਦੇ। ਫੇਲ੍ਹ ਤਾਂ ਆਰਥਿਕ ਪੱਖੋਂ ਮਾਪੇ ਹੁੰਦੇ ਨੇ ਪਰ ਫੇਲ੍ਹ ਕਰ ਦਿੱਤੇ ਜਾਂਦੇ ਨੇ ਨੰਨ੍ਹੇ ਫਰਿਸ਼ਤੇ! ਵਾਹ ਨੀ ਆਜ਼ਾਦ ਦੇਸ਼ ਦੀਏ ਉਨਤੀਏ! ਬੱਲੇ ਉਏ ਜਨਤਾ ਦੇ ਨੇਤਾ ਗਣੋਂ! ਤੁਸੀਂ ਵਸਦੇ ਰਹੋ, ਲੋਕ ਭਾਵੇਂ ਤੜਫਦੇ ਰਹਿਣ 'ਤੇ ਦੇਸ਼ ਭਾਵੇਂ ਨਿੱਘਰਦਾ ਰਹੇ ਅਤੇ ਦੇਸ਼ ਦਾ ਭਵਿੱਖ, ਇਹ ਬੱਚੇ ਭਾਵੇਂ ਮਧੋਲੇ ਜਾਂਦੇ ਰਹਿਣ! ਮੈਂ ਗੁਲਾਮੀ ਦੀ ਸਿਫ਼ਤ ਨਹੀਂ ਕਰਦਾ, ਪਰ ਦੇਸ਼ ਦੇ ਗੁਲਾਮ ਹੁੰਦਿਆਂ ਹੋਇਆਂ ਵੀ ਇੰਜ ਨਹੀਂ ਸੀ ਹੋਇਆ। ਜਿਨ੍ਹਾਂ ਨੇ ਸਾਡੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ ਉਹ ਤਾਂ ਲੱਦ ਗਏ ਆਪਣੀਆਂ ਆਹੂਤੀਆਂ ਦੇ ਕੇ ਅਤੇ ਤਾਕਤ ਆ ਗਈ ਹੈ ਹੱਥ, ਪੰਡਿਤ ਨਹਿਰੂ ਜੀ ਦੇ ਕਥਨ ਅਨੁਸਾਰ ਮੋਟੀ ਚਮੜੀ, ਮੋਟੀ ਖੋਪੜੀ, ਲੰਬੀ ਜ਼ੁਬਾਨ, ਉੱਚੀ ਆਵਾਜ਼ ਅਤੇ ਮੋਟੇ ਡੌਲਿਆਂ ਵਾਲੇ ਧਨਾਢਾਂ ਦੇ। ਮਜ਼ਹਬੀ ਇਕਾਈਆਂ ਅਤੇ ਮਜ਼ਹਬੀ ਸੰਕਰੀਣਤਾ ਵਿਚ ਜਕੜੇ ਲਾਲਚੀ ਲੋਕਾਂ ਨੇ ਪਬਲਿਕ ਸਕੂਲਾਂ ਨੂੰ ਗੁਰੂਆਂ, ਪੀਰਾਂ ਅਤੇ ਬਜ਼ੁਰਗਾਂ ਦੇ ਨਾਂ ਦੇ ਕੇ ਦੁਕਾਨਾਂ ਖੋਲ੍ਹ ਲਈਆਂ ਹਨ, ਜਿਥੇ ਪੈਸਿਆਂ ਦੀ ਸੌਦੇਬਾਜ਼ੀ ਵਿਚ ਭੋਲੇ-ਭਾਲੇ ਬੱਚਿਆਂ ਦੇ ਬਚਪਨ ਨੂੰ ਪੂਰੀ ਤਰ੍ਹਾਂ ਮਧੋਲਿਆਂ ਜਾ ਰਿਹਾ ਹੈ। ਇਹ ਸਕੂਲ ਖ਼ੈਰਾਤ (ਡੋਨੇਸ਼ਨਾਂ) ਦੇ ਆਸਰੇ ਵੱਡੀਆਂ-ਵੱਡੀਆਂ ਇਮਾਰਤਾਂ ਬਣਾਈ ਬੈਠੇ ਹਨ, ਕਈ-ਕਈ ਏਕੜ ਜ਼ਮੀਨ ਦੱਬੀ ਬੈਠੇ ਹਨ। ਇਨ੍ਹਾਂ ਸਕੂਲਾਂ ਵਿਚ ਅਮੀਰਾਂ ਦੇ ਬੱਚੇ ਪੜ੍ਹਦੇ ਹਨ।

ਜਿਥੇ ਇਹ ਪਬਲਿਕ ਸਕੂਲ ਇਕ ਪਾਸੇ ਆਪਣੀਆਂ ਕੋਝੀਆਂ ਦੁਕਾਨਾਂ ਖੋਲ੍ਹ ਕੇ ਅਮੀਰਾਂ ਤੋਂ ਪੈਸੇ ਬਟੋਰ ਰਹੇ ਹਨ ਅਤੇ ਬੱਚਿਆਂ ਦੇ ਲੱਕ ਕੁੱਬੇ ਕਰੀ ਜਾ ਰਹੇ ਹਨ, ਦੂਜੇ ਪਾਸੇ ਸਾਡੀ ਆਜ਼ਾਦ ਦੇਸ਼ ਦੀ ਲੋਕਤੰਤਰੀ ਸਰਕਾਰ ਕੁਝ ਸਰਕਾਰੀ ਸਕੂਲ, ਜਿਥੇ ਪੜ੍ਹਾਈ ਦੀਆਂ ਪੂਰੀਆਂ ਸਹੂਲਤਾਂ ਨਹੀਂ, ਮਾਸਟਰ-ਮਾਸਟਰਨੀਆਂ ਪੜ੍ਹਾਉਂਦੇ ਨਹੀਂ, ਸਿਰਫ ਆਪਣੀ ਤਨਖ਼ਾਹ ਨੂੰ ਪਾਣੀ ਦਿੰਦੇ ਹਨ, ਖੋਲ੍ਹ ਕੇ ਘੂਕ ਸੁੱਤੀ ਪਈ ਹੈ। ਸੋਚਦਾ ਹਾਂ ਕਿ ਮੁੱਢਲੀ ਸਿੱਖਿਆ ਸਾਰੇ ਬੱਚਿਆਂ ਲਈ ਇਕੋ ਜਿਹੀ ਕਿਉਂ ਨਹੀਂ ਹੋ ਸਕਦੀ। ਮੁਹੱਲਿਆਂ ਦੇ ਆਧਾਰ 'ਤੇ ਸਾਰੇ ਬੱਚੇ ਮੁਹੱਲੇ ਦੇ ਇਕੋ ਸਕੂਲ ਵਿਚ ਹੀ ਕਿਉਂ ਨਾ ਜਾਣ? ਕੀ ਹਰ ਬੱਚੇ ਦਾ, ਚਾਹੇ ਉਹ ਕਿਸੇ ਦਾ ਵੀ ਹੋਵੇ, ਚੰਗੀ ਮੁਢਲੀ ਸਿੱਖਿਆ ਦਾ ਹੱਕ ਨਹੀਂ? ਕਿਉਂਕਿ ਇਹ ਸਾਰੀ ਜ਼ਿੰਮੇਵਾਰੀ ਸਰਕਾਰ ਨਹੀਂ ਉਠਾ ਰਹੀ। ਇਸ ਕਰਕੇ ਪ੍ਰਾਈਵੇਟ ਸਕੂਲਨੁਮਾ ਦੁਕਾਨਾਂ ਖੋਲ੍ਹਣ ਦੀ ਆਗਿਆ ਦਿੱਤੀ ਗਈ ਹੈ, ਜਿਥੇ ਪੈਸਿਆਂ ਦੀ ਲੁੱਟ ਅਤੇ ਮਜ਼ਹਬੀ ਸੰਕੀਰਣਤਾ, ਤੰਗ-ਖ਼ਿਆਲੀ ਅਤੇ ਵਰਗੀਕਰਣ ਬਚਪਨ ਤੋਂ ਹੀ ਬੱਚਿਆਂ ਦੇ ਦਿਮਾਗਾਂ ਵਿਚ ਬੀਜੇ ਜਾਂਦੇ ਹਨ। ਜੇ ਪ੍ਰਾਈਵੇਟ ਸਿੱਖਿਆਂ-ਸਾਧਨਾਂ ਦੀ ਇਜ਼ਾਜਤ ਦੇਣੀ ਹੈ ਤਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਾਸਤੇ ਦਿੱਤੀ ਜਾ ਸਕਦੀ ਹੈ। ਬੱਚੇ ਦਾ ਬਚਪਨ ਅਤੇ ਮੁਢਲੀ ਚੰਗੀ ਸਿੱਖਿਆ ਦੀ ਪਵਿੱਤਰਤਾ, ਹਰ ਬੱਚੇ ਦਾ ਜਨਮ-ਸਿੱਧ ਅਧਿਕਾਰ ਹੈ। ਆਮ ਬੱਚਿਆਂ ਨੂੰ ਇਸ ਤੋਂ ਵਾਂਝਾ ਕਿਉਂ ਰੱਖਿਆ ਜਾ ਰਿਹਾ ਹੈ?

ਮੇਰੇ ਵਿਚਾਰ ਵਿਚ ਮਜ਼ਹਬੀ ਰੰਗਤ ਵਾਲੇ ਸਕੂਲਾਂ ਵਿਚ, ਚਾਹੇ ਉਹ ਕਿਸੇ ਵੀ ਮਜ਼ਹਬ ਦੇ ਹੋਣ, ਬੱਚਿਆਂ ਵਿਚ ਮਾਨਸਿਕ ਸੰਕੀਰਣਤਾ ਪੈਦਾ ਹੁੰਦੀ ਹੈ। ਇਨ੍ਹਾਂ ਸਕੂਲਾਂ ਵਿਚ ਮਜ਼ਹਬੀ ਝੁਕਾਉ ਕਾਰਨ ਬੱਚੇ ਦੀ ਉਦਾਰਤਾ ਅਤੇ ਸ਼ਖ਼ਸੀ ਵਿਸ਼ਾਲਤਾ ਉੱਤੇ ਚੰਗਾ ਅਸਰ ਨਹੀਂ ਪੈਂਦਾ। ਮੇਰੀ ਮੁੱਢਲੀ ਸਿੱਖਿਆ ਸਰਕਾਰੀ ਸਕੂਲਾਂ ਵਿਚ ਹੋਈ। ਜਦ ਥੋੜ੍ਹਾ ਵੱਡਾ ਹੋ ਕੇ ਪਹਿਲੋਂ ਇਕ ਖ਼ਾਲਸਾ ਸਕੂਲ ਅਤੇ ਫੇਰ ਇਕ ਆਰੀਆ ਹਾਈ ਸਕੂਲ ਵਿਚ ਇਕ-ਇਕ ਸਾਲ ਵਿੱਦਿਆ ਪ੍ਰਾਪਤੀ ਕੀਤੀ ਤਾਂ ਕਿਸੇ ਮਜ਼ਹਬੀ ਰੰਗ ਨੇ ਮੈਨੂੰ ਨਹੀਂ ਰੰਗਿਆ ਭਾਵੇਂ ਇਕ ਸਾਲ ਮੈ ਖਾਲਸਾ ਹੋਸਟਲ ਵਿਚ ਵੀ ਰਿਹਾ, ਜਿਥੇ ਸਿੱਖੀ ਮਰਿਆਦਾ ਦਾ ਬੋਲ-ਬਾਲਾ ਸੀ ਪਰ ਅੱਠਵੀਂ ਜਮਾਤ ਤੱਕ ਸਰਕਾਰੀ ਸਕੂਲ ਵਿਚ ਪੜ੍ਹ ਕੇ ਹਰ ਮਜ਼ਹਬ ਦੇ ਬੱਚਿਆਂ ਅਤੇ ਅਧਿਆਪਕਾਂ ਦੇ ਸੰਪਰਕ ਵਿਚ ਰਹਿ ਕੇ, ਉਦਾਰਤਾ ਦੀ ਨੀਂਹ ਪੱਕੀ ਹੋ ਚੁੱਕੀ ਸੀ ਜਿਸ ਤੋਂ ਮਜ਼ਹਬੀ ਸੰਕੀਰਣਤਾ ਦੇ ਸਾਰੇ ਤੁਬਕ ਤਿਲਕ ਗਏ ਅਤੇ ਕਦੀ ਇਕ ਮਜ਼ਹਬ ਦੀ ਦੂਜੇ ਮਜ਼ਹਬ ਉੱਤੇ ਬੜ੍ਹੋਤਰੀ ਮਨ ਨੂੰ ਨਹੀਂ ਖੁੱਭੀ। ਸਕੂਲ ਦੀ ਸ਼ੁਰੂ ਦੀ ਅਰਦਾਸ ਜਾਂ ਆਰਤੀ ਦੇ ਅੱਛੇ ਮਾਨਸਿਕ ਅਸਰ ਤਾਂ ਰਹਿ ਗਏ ਪਰ ਇਨ੍ਹਾਂ ਨੇ ਕਿਸੇ ਲਕੀਰ ਦਾ ਫ਼ਕੀਰ ਨਹੀਂ ਬਣਾਇਆ।

ਮੈਂ ਸਮਝਦਾ ਹਾਂ ਕਿ ਬੱਚੇ ਦੀ ਮੁੱਢਲੀ ਸਿੱਖਿਆ ਜੇ ਮਜ਼ਹਬੀ ਸੰਕੀਰਣਤਾ ਤੋ ਰਹਿਤ ਹੋਵੇ ਤਾਂ ਅੱਗੋਂ ਕਿਸੇ ਵੀ ਮਜ਼ਹਬੀ ਰੰਗ ਦਾ (ਕਾਲਜ ਜਾਂ ਯੂਨੀਵਰਸਿਟੀ ਵਿਚ) ਕੋਈ ਹਾਨੀਕਾਰਕ ਅਸਰ ਨਹੀਂ ਹੁੰਦਾ। ਇਸ ਦਾ ਇਹ ਮਤਲਬ ਨਹੀਂ ਕਿ ਬੱਚੇ ਨੂੰ ਧਾਰਮਿਕ ਸਿੱਖਿਆ ਨਾ ਦਿੱਤੀ ਜਾਵੇ, ਸਗੋਂ ਸਾਰੇ ਧਰਮਾਂ ਦਾ ਮੂਲ 'ਮਾਨਵ ਧਰਮ', ਸਕੂਲ ਵਿੱਦਿਆ ਵਿਚ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਦੇ ਨਾਲ ਸ਼ਹਿਰੀਅਤ ਦਾ ਵਿਸ਼ਾਵਸ ਵੀ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਕਰਕੇ ਕਾਲਜ ਅਤੇ ਯੂਨੀਵਰਸਿਟੀ ਤਾਂ ਭਾਵੇਂ ਕਿਸੇ ਮਜ਼ਹਬੀ ਜਾਂ ਸਮਾਜਿਕ ਇਕਾਈਆਂ ਦੇ ਹੋਣ ਪਰ ਸਕੂਲ ਸਾਰੇ ਹੀ ਸਰਕਾਰੀ ਹੋਣੇ ਚਾਹੀਦੇ ਹਨ ਅਤੇ ਹਰ ਬੱਚੇ ਨੂੰ ਇਕੋ-ਜਿਹੀ ਮੁੱਢਲੀ ਸਿੱਖਿਆ ਦਾ ਹੱਕ ਮਿਲਣਾ ਚਾਹੀਦਾ ਹੈ। ਜੇ ਇਸ ਤਰ੍ਹਾਂ ਦੇ ਸਰਕਾਰੀ ਸਕੂਲਾਂ ਵਿਚ ਪੱਛੜੀਆਂ ਜਾਤੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਆਰਥਿਕ ਸਹੂਲਤਾਂ ਦੇ ਕੇ ਪੜ੍ਹਨਾ ਲਾਜ਼ਮੀ ਕਰ ਦਿੱਤਾ ਜਾਏ ਤਾਂ ਨੌਕਰੀਆਂ ਆਦਿ ਵਿਚ ਰਾਖਵੇਂਕਰਨ ਦੀ ਲੋੜ ਹੀ ਨਹੀਂ ਰਹਿ ਜਾਏਗੀ ਅਤੇ ਦਸਾਂ ਸਾਲਾਂ ਵਿਚ ਹੀ ਹਾਲਾਤ ਬਦਲ ਸਕਦੇ ਹਨ। ਪਰ ਵੋਟਾਂ ਦੀ ਖੇਡ ਇਸ ਪਾਸੇ ਕਦਮ ਚੁੱਕਣ ਦੇਵੇ ਤਾਂ!!

ਮੈਂ ਆਧੁਨਿਕ ਸਹੂਲਤਾਂ ਦੇ ਖਿਲਾਫ ਨਹੀਂ ਜਦ ਆਰਥਿਕਤਾ ਅਤੇ ਸਮਾਜ ਬਦਲਦਾ ਹੈ, ਸਭ ਕੁਝ ਬਦਲਦਾ ਹੈ। ਪਰ ਇਸ ਬਦਲਾਓ ਵਿਚ ਅੱਛੀਆਂ ਕਦਰਾਂ ਕੀਮਤਾਂ ਨੂੰ ਸੰਭਾਲਣਾ ਅਤੇ ਇਸ ਪਰਿਵਰਤਨ ਨੂੰ ਸੁਚੱਜੇ ਢੰਗ ਨਾਲ ਲਿਆਉਣਾ ਮੌਕੇ ਦੀ ਸਰਕਾਰ ਦੀ ਅਤੇ ਸਮਾਜਿਕ ਨੇਤਾਵਾਂ ਦੀ ਪਹਿਲੀ ਜ਼ਿੰਮੇਵਾਰੀ ਬਣਦੀ ਹੈ। ਪ੍ਰਾਇਮਰੀ ਤੱਕ, ਜਦੋਂ ਮੈਂ ਪੜ੍ਹਦਾ ਸੀ, ਕੋਈ ਫ਼ੀਸ ਨਹੀਂ ਸੀ ਹੁੰਦੀ।

ਅੱਠਵੀਂ ਤੱਕ ਫੀਸ 4 ਅਤੇ 6 ਆਨੇ (0.25 ਤੋਂ 0.37 ਰੁਪਏ) ਹੁੰਦੀ ਸੀ। ਇਹੋ ਜਿਹੀ ਮਾਮੂਲੀ ਫ਼ੀਸ ਦੇਣੀ ਕੋਈ ਖ਼ਾਸ ਔਖੀ ਨਹੀਂ ਸੀ, ਭਾਵੇਂ ਉਦੋਂ ਪੈਸਾ ਬੜਾ ਮਹਿੰਗਾ ਸੀ। ਚੌਦਾਂ ਆਨੇ (88 ਪੈਸੇ) ਮਣ (40 ਸੇਰ) ਕਣਕ ਅਤੇ ਇਸੇ ਭਾਅ ਇਕ ਸੇਰ ਘਿਉ ਵਿਕਦਾ ਸੀ। ਇਸ ਲਈ ਇਸ ਫੀਸ ਨੂੰ ਵੀ ਪੂਰੀ ਜਾਂ ਅੱਧੀ ਮੁਆਫ਼ ਕਰਾਉਣ ਲਈ ਬੇਨਤੀਆਂ ਕੀਤੀਆਂ ਜਾਂਦੀਆਂ ਸਨ। ਇਕ ਵਾਰ ਜਦ ਸੱਤਵੀਂ ਵਿਚ ਮੇਰੀ ਫ਼ੀਸ ਮੁਆਫ਼ ਕਰਾਉਣ ਲਈ ਮੇਰੇ ਬਾਪ ਨੇ ਸਕੂਲ ਦੀ ਦੋ ਏਕੜ ਜ਼ਮੀਨ ਵਾਹੀ ਅਤੇ ਹੈੱਡ-ਮਾਸਟਰ ਨੇ ਫੇਰ ਵੀ ਫ਼ੀਸ ਦੀ ਕੋਈ ਮਾਫ਼ੀ ਨਾ ਕੀਤੀ ਤਾਂ ਮੇਰੇ ਬਾਪ ਨੇ ਹੈੱਡ-ਮਾਸਟਰ ਕੁੱਟ ਕੱਢਿਆ। ਮਾਮਲਾ ਮਸਾਂ ਰਫਾ-ਦਫਾ ਹੋਇਆ।

ਪੈਸੇ ਦੀ ਕੀਮਤ ਦਾ ਇਕ ਹੋਰ ਉਦਾਹਰਣ ਦਿੰਦਾ ਹਾਂ। ਸਾਡੇ ਪਿੰਡ ਤੋਂ ਕੋਈ ਚਾਰ ਮੀਲ ਦੂਰ ਸ਼ੰਕਰ ਪਿੰਡ ਵਿਚ ਛਿੰਝ ਮੇਲਾ ਲੱਗਦਾ ਹੁੰਦਾ ਸੀ ਜਿਸ ਵਿਚ ਝੰਡੀ-ਗੱਡ ਪਹਿਲਵਾਨਾਂ ਦੇ ਘੋਲ ਅਤੇ ਹੋਰ ਮਨੋਰੰਜਕ ਖੇਡਾਂ ਅਤੇ ਗਾਣੇ-ਬਜਾਣੇ ਹੁੰਦੇ ਸਨ। ਲੋਕ ਬੜੀ ਦੂਰੋਂ-ਦੂਰੋਂ ਇਹ ਛਿੰਝ ਮੇਲਾ ਵੇਖਣ ਆਉਂਦੇ ਸਨ। ਇਕ ਸਾਲ ਮੈਨੂੰ ਇਸ ਮੇਲ ਜਾਣ ਲਈ ਇੱਕ ਟਕਾ (ਦੋ ਪੈਸੇ) ਮਿਲੇ। ਉਦੋਂ ਰੁਪਏ ਵਿਚ ਦੋ ਅਠੰਨੀਆਂ, ਚਾਰ ਚਵੱਨੀਆਂ, ਅੱਠ ਦੁਵੱਨੀਆਂ ਜਾਂ ਸੋਲਾਂ ਆਨੇ ਹੁੰਦੇ ਸੀ। ਇਕ ਆਨੇ ਵਿਚ ਦੋ ਟਕੇ, ਚਾਰ ਪੈਸੇ ਅੱਠ ਧੇਲੇ ਜਾਂ 12 ਪਾਈਆਂ ਹੁੰਦੀਆਂ ਸਨ। ਦੋ ਪੈਸੇ ਅੱਜ ਦੇ ਤਕਰੀਬਨ ਤਿੰਨਾਂ ਪੈਸਿਆਂ ਦੇ ਬਰਾਬਰ ਬਣੇ। ਮੈਂ ਇਹ ਇਕ ਟਕਾ ਲੈ ਕੇ ਆਪਣੇ ਦੋਸਤ ਮਰਾਸੀਆਂ ਦੇ ਮੁੰਡੇ ''ਰੱਤੂ'' ਕੋਲ ਗਿਆ ਅਤੇ ਉਸ ਨੂੰ ਵੀ ਮੇਲੇ ਜਾਣ ਲਈ ਤਿਆਰ ਕੀਤਾ। ਉਸ ਨੇ ਆਪਣੇ ਬਾਪ ਅਤੇ ਫੇਰ ਆਪਣੀ ਮਾਂ ਕੋਲੋਂ ਪੈਸੇ ਮੰਗੇ ਜੋ ਰੋਣ-ਕਰਲਾਉਣ ਅਤੇ ਪਿੱਟ-ਸਿਆਪੇ ਦੇ ਬਾਵਜੂਦ ਨਾ ਮਿਲੇ। ਆਖਿਰ ਅਸੀਂ ਦੋਵੇਂ ਇਕ ਟਕਾ ਲੈ ਕੇ ਚਾਰ-ਪੰਜ ਮੀਲ ਪੈਦਲ ਤੁਰ ਕੇ ਮੇਲੇ ਪੁੱਜੇ। ਦੁਪਹਿਰ ਦੀ ਰੋਟੀ ਤਾਂ ਇਕ ਘਰੋਂ ਖਾ ਲਈ ਜਿਥੇ ਸਾਡੇ ਪਿੰਡ ਦੀ ਕੁੜੀ (ਭੂਆ) ਵਿਆਹੀ ਹੋਈ ਸੀ। ਮੇਲਾ ਵੇਖਦਿਆਂ ਅਸੀਂ ਇਕ ਧੇਲੇ ਦੇ ਗੋਲ-ਗੱਪੇ ਖਾ ਲਏ ਅਤੇ ਇਕ ਪੈਸੇ ਦੀਆਂ ਜਲੇਬੀਆਂ। ਇਹ ਨਹੀਂ ਕਿ ਸਾਡਾ ਹੋਰ ਖਾਣ ਨੂੰ ਜੀਅ ਕਰਦਾ ਸੀ। ਏਨੀਆਂ ਜਲੇਬੀਆਂ ਕਾਫ਼ੀ ਸਨ।

ਏਨੇ ਵਿਚ ਸਾਡੀ ਖਾਣ-ਪੀਣ ਦੀ ਕਾਫੀ ਤਸੱਲੀ ਹੋ ਗਈ। ਇਕ ਧੇਲਾ ਬਚਿਆ। ਪਰਤਣ ਤੋਂ ਕੁਝ ਦੇਰ ਪਹਿਲਾਂ ਰੱਤੂ ਕਹਿਣ ਲੱਗਾ - ਮੈਂ ਸਿਗਰਟ 'ਚੋਂ ਧੂੰਆਂ ਕੱਢਣਾ ਹੈ, ਉਥੇ ਇਕ ਸਿਗਰਟ ਵਾਲਾ ਹੋਕਾ ਦਿੰਦਾ ਸੀ, ''ਡੱਬੀ ਤਾਰ ਦੀ, ਧੇਲੇ ਨੂੰ ਵਾਜਾਂ ਮਾਰਦੀ।'' ਉਸ ਟੈਲੀਫੂਨ ਖੰਭੇ ਦੀ ਫੋਟੋ ਵਾਲੀ ਡੱਬੀ ਵਿਚ ਚਾਰ ਜਾਂ ਛੇ ਸਿਗਰਟਾਂ ਸਨ। ਜਦ ਰੱਤੂ ਖਹਿੜੇ ਹੀ ਪੈ ਗਿਆ ਤਾਂ ਅਸੀਂ ਉਹ ਡੱਬੀ ਖ਼ਰੀਦ ਲਈ। ਇਸ ਤਰ੍ਹਾਂ ਅਸੀਂ ਦੋਵੇਂ ਇਕ ਟਕੇ ਵਿਚ ਹੀ ਸਾਰਾ ਦਿਨ ਮੇਲਾ ਦੇਖ ਕੇ ਵਾਪਸ ਮੁੜੇ। ਰੱਤੂ ਨੂੰ ਵੀ ਨਹੀਂ ਸੀ ਪਤਾ ਅਤੇ ਮੈਨੂੰ ਵੀ ਨਹੀਂ ਸੀ ਪਤਾ ਕਿ ਸਿਗਰਟ 'ਚੋਂ ਅੱਗ ਲਾ ਕੇ ਧੂੰਆਂ ਕੱਢੀਦਾ ਹੈ। ਉਸ ਨੇ ਬੜੀਆਂ ਫੂਕਾਂ ਮਾਰੀਆਂ ਤੇ ਫੇਰ ਮੈਂ ਵੀ ਕੋਸ਼ਿਸ਼ ਕੀਤੀ ਪਰ ਉਸ ਵਿਚੋਂ ਧੂੰਆਂ ਨਾ ਨਿਕਲਿਆ। ਅਸੀਂ ਫੂਕਾਂ ਵੀ ਬਾਹਰ ਨੂੰ ਮਾਰਦੇ ਸੀ। ਆਖ਼ਿਰਕਾਰ ਅਸੀਂ ਉਹ ਡੱਬੀ ਸੁੱਟ ਦਿੱਤੀ। ਅਸੀਂ ਦੋ ਛੋਟੇ ਬਾਂਦਰਾਂ ਵਾਂਗ ਬਥੇਰਾ ਉਪਰਾਲਾ ਕੀਤਾ, ਪਰ ਅਖ਼ੀਰ ਨਾਕਾਰਾ ਚੀਜ਼ ਸਮਝ ਕੇ ਸੁੱਟ ਹੀ ਦਿੱਤੀ। ਇਹ ਸੀ ਪੈਸੇ ਦੀ ਕੀਮਤ ਉਸ ਵਕਤ ਅਤੇ ਇਹ ਸੀ ਭੋਲਾਪਨ ਬੱਚਿਆਂ ਦਾ ਇਕ 11-12 ਸਾਲ ਦੀ ਉਮਰ ਵਿਚ ਵੀ ਇਹ ਨਹੀਂ ਸੀ ਪਤਾ ਕਿ ਸਿਗਰਟ 'ਚੋਂ ਅੱਗ ਲਗਾ ਕੇ ਧੂੰਆਂ ਕੱਢੀਦਾ ਹੈ। ਏਨਾ ਹੀ ਨਹੀਂ ਸਗੋਂ ਇਹ ਵੀ ਯਕੀਨ ਸੀ ਕਿ ਸਿਗਰਟ ਸਿਰਫ਼ ਧੂੰਆਂ ਕੱਢਣ ਲਈ ਹੀ ਹੁੰਦੀ ਹੈ।

ਅੱਜ ਦਾ ਗਿਆਰਾਂ-ਬਾਰ੍ਹਾਂ ਸਾਲ ਦਾ ਬੱਚਾ ਇਨ੍ਹਾਂ ਗੱਲਾਂ 'ਤੇ ਸ਼ਾਇਦ ਹੀ ਯਕੀਨ ਕਰ ਸਕੇ। ਗੱਲ ਕਰ ਰਿਹਾ ਸਾਂ ਫੀਸਾਂ ਦੀ। ਸਿਰਫ ਸਰਕਾਰੀ ਸਕੂਲਾਂ ਵਿਚ ਹੀ ਫ਼ੀਸਾਂ ਨਾ-ਮਾਤਰ ਨਹੀਂ ਸਨ, ਸਗੋਂ ਪ੍ਰਾਈਵੇਟ ਸਕੂਲਾਂ ਵਿਚ ਵੀ ਸਰਕਾਰੀ ਸਕੂਲਾਂ ਨਾਲੋਂ ਵੱਧ ਫੀਸਾਂ ਲੈਣ ਦੀ ਆਗਿਆ ਨਹੀਂ ਸੀ। ਇਹ ਪ੍ਰਾਈਵੇਟ ਸਕੂਲ ਬਹੁਤ ਕਰਕੇ ਮਿਸ਼ਨਰੀ ਭਾਵ ਨਾਲ ਚਲਾਏ ਜਾਂਦੇ ਸਨ ਅਤੇ ਆਜ਼ਾਦੀ ਦੇ ਸੰਘਰਸ਼ ਵਿਚ ਇਨ੍ਹਾਂ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਕਾਫ਼ੀ ਯੋਗਦਾਨ ਪਾਇਆ। ਖ਼ਰਚੇ ਸਕੂਲਾਂ ਦੇ ਬਹੁਤ ਕਰਕੇ ਇਨ੍ਹਾਂ ਸਕੂਲਾਂ ਨੂੰ ਚਲਾਉਣ ਵਾਲੀਆਂ ਸੰਸਥਾਵਾਂ ਕਰਦੀਆਂ ਸਨ। ਅੱਜ ਵਾਂਗੂੰ ਇਹ ਕੋਝੀਆਂ ਦੁਕਾਨਾਂ ਨਹੀਂ ਸਨ ਕਿ ਜਿਨ੍ਹਾਂ ਦਾ ਇੱਕੋ-ਇਕ ਮੰਤਵ ਫੀਸਾਂ ਅਤੇ ਚੰਦਿਆਂ ਰਾਹੀਂ ਪੈਸਾ ਕਮਾਉਣਾ ਹੋਵੇ। ਉਸ ਵੇਲੇ ਦੇ ਮਾਸਟਰ ਵੀ ਆਮ ਤੌਰ 'ਤੇ ਲਗਨ ਨਾਲ ਬੱਚਿਆਂ ਨੂੰ ਪੜ੍ਹਾਉਂਦੇ ਸਨ, ਭਾਵੇਂ ਕੁਝ-ਕੁਝ ਮਾੜੇ ਅਤੇ ਕਮਜ਼ੋਰ ਮਾਸਟਰ ਵੀ ਸਨ, ਪਰ ਬਹੁਤਾਤ ਚੰਗੇ ਅਤੇ ਸੁਹਿਰਦ ਮਾਸਟਰਾਂ ਦੀ ਸੀ। ਟਿਊਸ਼ਨ, ਜੋ ਅੱਜ ਦੇ ਵਿਦਿਅਕ ਢਾਂਚੇ ਨੂੰ ਕੈਂਸਰ ਵਾਂਗ ਲੱਗੀ ਹੋਈ ਹੈ ਅਤੇ ਘੁਣ ਵਾਂਗ ਖਾ ਰਹੀ ਹੈ, ਇਸ ਦਾ ਨਾਂ-ਨਿਸ਼ਾਨ ਨਹੀਂ ਸੀ। ਮਾਸਟਰ ਸਕੂਲ ਦੇ ਵਕਤ ਤੋਂ ਵੱਧ ਪੜ੍ਹਾਉਂਦੇ ਸਨ, ਪਰ ਸਾਰੀ ਦੀ ਸਾਰੀ ਜਮਾਤ ਨੂੰ, ਖਾਸ ਕਰਕੇ ਉਨ੍ਹਾਂ ਕਲਾਸਾਂ ਨੂੰ ਜਿਨ੍ਹਾਂ ਨੇ ਬੋਰਡ ਦਾ ਫਾਈਨਲ ਇਮਤਿਹਾਨ ਦੇਣਾ ਹੋਵੇ।

***ਮੇਰੇ ਵਿਚਾਰ ਵਿਚ ਮਜ਼ਹਬੀ ਰੰਗਤ ਵਾਲੇ ਸਕੂਲਾਂ ਵਿਚ, ਚਾਹੇ ਉਹ ਕਿਸੇ ਵੀ ਮਜ਼ਹਬ ਦੇ ਹੋਣ, ਬੱਚਿਆਂ ਵਿਚ ਮਾਨਸਿਕ ਸੰਕੀਰਣਤਾ ਪੈਦਾ ਹੁੰਦੀ ਹੈ। ਇਨ੍ਹਾਂ ਸਕੂਲਾਂ ਵਿਚ ਮਜ਼ਹਬੀ ਝੁਕਾਉ ਕਾਰਨ ਬੱਚੇ ਦੀ ਉਦਾਰਤਾ ਅਤੇ ਸ਼ਖ਼ਸੀ ਵਿਸ਼ਾਲਤਾ ਉੱਤੇ ਚੰਗਾ ਅਸਰ ਨਹੀਂ ਪੈਂਦਾ। ਮੇਰੀ ਮੁੱਢਲੀ ਸਿੱਖਿਆ ਸਰਕਾਰੀ ਸਕੂਲਾਂ ਵਿਚ ਹੋਈ। ਜਦ ਥੋੜ੍ਹਾ ਵੱਡਾ ਹੋ ਕੇ ਪਹਿਲੋਂ ਇਕ ਖ਼ਾਲਸਾ ਸਕੂਲ ਅਤੇ ਫੇਰ ਇਕ ਆਰੀਆ ਹਾਈ ਸਕੂਲ ਵਿਚ ਇਕ-ਇਕ ਸਾਲ ਵਿੱਦਿਆ ਪ੍ਰਾਪਤੀ ਕੀਤੀ ਤਾਂ ਕਿਸੇ ਮਜ਼ਹਬੀ ਰੰਗ ਨੇ ਮੈਨੂੰ ਨਹੀਂ ਰੰਗਿਆ ਭਾਵੇਂ ਇਕ ਸਾਲ ਮੈਂ ਖਾਲਸਾ ਹੋਸਟਲ ਵਿਚ ਵੀ ਰਿਹਾ, ਜਿਥੇ ਸਿੱਖੀ ਮਰਿਆਦਾ ਦਾ ਬੋਲ-ਬਾਲਾ ਸੀ ਪਰ ਅੱਠਵੀਂ ਜਮਾਤ ਤੱਕ ਸਰਕਾਰੀ ਸਕੂਲ ਵਿਚ ਪੜ੍ਹ ਕੇ ਹਰ ਮਜ਼ਹਬ ਦੇ ਬੱਚਿਆਂ ਅਤੇ ਅਧਿਆਪਕਾਂ ਦੇ ਸੰਪਰਕ ਵਿਚ ਰਹਿ ਕੇ, ਉਦਾਰਤਾ ਦੀ ਨੀਂਹ ਪੱਕੀ ਹੋ ਚੁੱਕੀ ਸੀ ਜਿਸ ਤੋਂ ਮਜ਼ਹਬੀ ਸੰਕੀਰਣਤਾ ਦੇ ਸਾਰੇ ਤੁਬਕ ਤਿਲਕ ਗਏ ਅਤੇ ਕਦੀ ਇਕ ਮਜ਼ਹਬ ਦੀ ਦੂਜੇ ਮਜ਼ਹਬ ਉੱਤੇ ਬੜ੍ਹੋਤਰੀ ਮਨ ਨੂੰ ਨਹੀਂ ਖੁੱਭੀ। ਸਕੂਲ ਦੀ ਸ਼ੁਰੂ ਦੀ ਅਰਦਾਸ ਜਾਂ ਆਰਤੀ ਦੇ ਅੱਛੇ ਮਾਨਸਿਕ ਅਸਰ ਤਾਂ ਰਹਿ ਗਏ ਪਰ ਇਨ੍ਹਾਂ ਨੇ ਕਿਸੇ ਲਕੀਰ ਦਾ ਫ਼ਕੀਰ ਨਹੀਂ ਬਣਾਇਆ।***

ਹਰਜੀਤ ਅਟਵਾਲ

ਲੜੀਵਾਰ ਨਾਵਲ

ਭਾਗ – 25

# ਵਨ ਵੇਅ

ਸ਼ਨਿਚਰਵਾਰ ਦਾ ਦਿਨ। ਜੂਨ ਦੇ ਮਹੀਨੇ ਦੀ ਗਰਮੀ। ਕਈ ਗੋਰੇ ਮਜ਼ਾਕ ਕਰਨ ਲਗਦੇ ਕਿ ਜਿਵੇਂ-ਜਿਵੇਂ ਇੰਗਲੈਂਡ ਵਿਚ ਏਸ਼ੀਅਨ ਲੋਕ ਵਧ ਰਹੇ ਸਨ ਤਿਵੇਂ-ਤਿਵੇਂ ਹੀ ਗਰਮੀ ਵੀ। ਕੰਮ ਤੋਂ ਮੁੜਦਾ ਸੁਰਜਨ ਸਿੰਘ ਸੋਚ ਰਿਹਾ ਸੀ ਕਿ ਦੋ ਪੱਖੇ ਵੀ ਖਰੀਦ ਹੀ ਲਏ ਜਾਣ। ਉਹ ਇਹ ਵੀ ਸੋਚ ਰਿਹਾ ਸੀ ਕਿ ਇਹ ਗੱਲ ਹੈਰਾਨ ਕਰ ਦੇਣ ਵਾਲੀ ਵੀ ਸੀ ਕਿ ਹੁਣ ਇੰਗਲੈਂਡ ਵਿਚ ਵੀ ਪੱਖੇ ਵਰਤੇ ਜਾਣ ਲਗੇ ਸਨ।

ਘਰ ਦੇ ਅੰਦਰ ਵੜਿਆ ਤਾਂ ਕੁਝ ਤਲੇ ਜਾਣ ਦੀ ਖੁਸ਼ਬੂ ਸਾਰੇ ਘਰ ਵਿਚ ਖਿੰਡਰੀ ਪਈ ਸੀ। ਸੁਰਿੰਦਰ ਅਤੇ ਸੁਖਵੀਰ ਰਸੋਈ ਵਿਚ ਖੜੀਆਂ ਇਕ ਦੂਜੇ ਨੂੰ ਛੇੜਦੀਆਂ ਖਿੜ-ਖਿੜ ਕਰਕੇ ਹੱਸ ਰਹੀਆਂ ਸਨ। ਸੁਰਜਨ ਦੇ ਅੰਦਰ ਵੜਦਿਆਂ ਹੀ ਸੁਖਵੀਰ ਬੋਲੀ,

''ਡੈਡ, ਯੋਅਰ ਫੇਵਰਟ, ਪੂਰੀਆਂ।''

''ਦੈਟਸ ਬੈਟਰ।'' ਕਹਿੰਦਾ ਉਹ ਫਰੰਟ ਰੂਮ ਵਿਚ ਆ ਗਿਆ। ਪ੍ਰਕਾਸ਼ ਕੌਰ ਅੰਮ੍ਰਿਤ ਨੂੰ ਦੁੱਧ ਪਿਲਾਉਣ ਦੇ ਯਤਨ ਵਿਚ ਸੀ ਪਰ ਅੰਮ੍ਰਿਤ ਸੁਰਜਨ ਸਿੰਘ ਨੂੰ ਦੇਖ ਕੇ ਦੁੱਧ ਵਾਲਾ ਗਲਾਸ ਪਰਾਂਹ ਕਰਦੀ ਉਸ ਵੱਲ ਭੱਜ ਆਈ। ਉਸ ਦੀ ਗੋਦੀ ਜਾ ਚੜ੍ਹੀ। ਉਸ ਦੀਆਂ ਜੇਬਾਂ ਵਿਚੋਂ ਚੌਕਲੈਟ ਲੱਭਣ ਲਗੀ। ਸੁਰਜਨ ਸਿੰਘ ਹਰ ਰੋਜ਼ ਹੀ ਉਸ ਲਈ ਕੁਝ ਨਾ ਕੁਝ ਲੈ ਆਉਂਦਾ ਸੀ। ਅੰਮ੍ਰਿਤ ਲਈ ਗੁਲਵੰਤ ਵਾਲੀ ਜਗਾਹ ਉਸ ਨੇ ਲੈ ਲਈ ਸੀ। ਅੰਮ੍ਰਿਤ ਨੂੰ ਥੱਲੇ ਉਤਾਰ ਕੇ ਉਹ ਹਾਲੇ ਸੈਟੀ ਉਪਰ ਬੈਠਿਆ ਹੀ ਸੀ ਕਿ ਫੋਨ ਦੀ ਘੰਟੀ ਖੜਕ ਪਈ। ਫੋਨ ਕਰਨ ਵਾਲਾ ਬੋਲਿਆ, ''ਮੈਂ ਸਰਦਾਰ ਸੁਰਜਨ ਸਿੰਘ ਨਾਲ ਗੱਲ ਕਰਨੀ ਚਾਹੁੰਦਾ ਵਾਂ ਜੀ।''

''ਮੈਂ ਬੋਲ ਰਿਹਾਂ, ਦੱਸੋ?''

''ਮੇਰਾ ਨਾਂ ਹੈ ਜੀ- ਇਕਬਾਲ ਸਿੰਘ ਬੱਲ। ਮੈਂ ਵੈੱਸਟ ਹੋਮੇ ਬੌਰੇ ਵਿਚ ਕੌਂਸਲਰ ਆਂ। ਮੈਂ ਤੇ ਮੇਰੀ ਵਾਈਫ ਤੁਹਾਨੂੰ ਅਤੇ ਤੁਹਾਡੀ ਵਾਈਫ ਨੂੰ ਮਿਲਣਾ ਚਾਹੁੰਦੇ ਆਂ।''

''ਕਿਸ ਗੱਲੋਂ?''

''ਇਟ ਵਿਲ ਬੀ ਜਸਟ ਸ਼ੋਸ਼ਲ ਵਿਜ਼ਟ.....ਮੈਨੂੰ ਪਤੈ ਜੀ ਕਿ ਤੁਸੀਂ ਬਹੁਤ ਬੀਜ਼ੀ ਓ। ਮੈਂ ਤੁਹਾਡਾ ਬਹੁਤਾ ਟਾਈਮ ਨਹੀਂ ਲਵਾਂਗਾ। ਦੱਸੋ ਕਦੋਂ ਆਵਾਂ?''

''ਕਿਹੜੀ ਗਲੋਂ ਆਉਣਾ ਚਾਹੁੰਦੇ ਓ।''

''ਇਹ ਤਾਂ ਸਰਦਾਰ ਜੀ ਬੈਠ ਕੇ ਈ ਗੱਲ ਕਰਾਂਗੇ। ਤੁਸੀਂ ਸਾਨੂੰ ਟਾਈਮ ਦੱਸੋ?''

''ਤੁਸੀਂ ਦੱਸੋ ਕਦੋਂ ਮਿਲਣਾ ਚਾਹੁੰਦੇ ਓ?''

''ਅੱਜ ਈ ਸ਼ਾਮ ਨੂੰ ਅੱਠ ਵਜੇ?''

''ਠੀਕ ਐ, ਐਡਰਸ ਲਿਖ ਲਓ।''

''ਐਡਰਸ ਸਾਡੇ ਪਾਸ ਹੈ ਵੇ।''

ਫੋਨ ਰੱਖਦਾ ਸੁਰਜਨ ਸਿੰਘ ਹੈਰਾਨੀ ਵਿਚ ਪ੍ਰਕਾਸ਼ ਕੌਰ ਵੱਲ ਦੇਖੀ ਜਾ ਰਿਹਾ ਸੀ। ਉਹ ਬੋਲਿਆ,

''ਕਮਾਲ ਦੀ ਗੱਲ ਐ। ਕਿਸੇ ਇਕਬਾਲ ਸਿੰਘ ਬੱਲ ਦਾ ਫੋਨ ਸੀ, ਕਹਿੰਦਾ ਜ਼ਰੂਰੀ ਮਿਲਣਾ, ਪਤਾ ਨਹੀਂ ਕੀ ਕੰਮ ਆਏਗਾ!''

''ਸੁਖ ਹੋਵੇ।....ਗੁਲਵੰਤ ਵਲੋਂ ਹੋਏਗਾ ਕੋਈ....।''

ਪ੍ਰਕਾਸ਼ ਕੌਰ ਨੇ ਆਪਣਾ ਅੰਦਾਜ਼ਾ ਲਾਇਆ। ਸੁਰਜਨ ਸਿੰਘ ਨੂੰ ਜਾਪਦਾ ਸੀ ਕਿ ਇਹ ਨਾਂ ਕਿਧਰੇ ਸੁਣਿਆ ਹੋਇਆ ਸੀ। ਇਹ ਬੱਲ ਜੋ ਵੀ ਸੀ ਗੱਲ ਕਰਨ ਦੇ ਤਰੀਕੇ ਤੋਂ ਤੇਜ਼ ਤਰਾਰ ਬੰਦਾ ਜਾਪਦਾ ਸੀ। ਕਈ ਪਾਸੇ ਸੋਚਾਂ ਦੇ ਘੋੜੇ ਦੁੜਾਉਂਦਾ ਉਹ ਅੱਠ ਵਜੇ ਦਾ ਇੰਤਜ਼ਾਰ ਕਰਨ ਲਗਿਆ। ਸੁਖਵੀਰ ਨੇ ਫਰੰਟ ਰੂਮ ਦੀ ਜ਼ਰਾ ਸਫਾਈ ਕਰ ਦਿੱਤੀ ਤਾਂ ਜੋ ਆਉਣ ਵਾਲੇ ਉਪਰ ਠੀਕ ਪ੍ਰਭਾਵ ਪਵੇ।

ਠੀਕ ਅੱਠ ਵਜੇ ਵੱਡੀ ਚਿੱਟੇ ਰੰਗ ਦੀ ਮਰਸਡੀਜ਼ ਉਨ੍ਹਾਂ ਦੇ ਘਰ ਮੂਹਰੇ ਆ ਕੇ ਖੜੀ। ਅਨਾਭੀ ਰੰਗ ਦੀ ਪੱਗ ਅਤੇ ਨਸਵਾਰੀ ਸੂਟ ਵਾਲਾ ਆਦਮੀ ਵਿਚੋਂ ਨਿਕਲਿਆ।

ਨਾਲ ਹੀ ਚਮਕੀਲੇ ਸੂਟ ਵਾਲੀ ਔਰਤ। ਪ੍ਰਕਾਸ਼ ਕੌਰ ਅਤੇ ਸੁਰਜਨ ਸਿੰਘ ਪਰਦਿਆਂ ਵਿਚ ਦੀ ਉਨ੍ਹਾਂ ਨੂੰ ਦੇਖ ਰਹੇ ਸਨ। ਇੰਨੇ ਰੋਅਬ ਵਾਲਾ ਆਦਮੀ ਸੁਰਜਨ ਸਿੰਘ ਨੇ ਬਹੁਤ ਦੇਰ ਬਾਅਦ ਦੇਖਿਆ ਸੀ। ਸੁਰਿੰਦਰ ਨੇ ਦਰਵਾਜ਼ਾ ਖੋਲ੍ਹਿਆ ਅਤੇ ਉਨ੍ਹਾਂ ਦੋਨਾਂ ਨੂੰ ਫਰੰਟ ਰੂਮ ਤੱਕ ਲੈ ਗਈ। ਸੁਰਜਨ ਸਿੰਘ ਨੇ ਅਗੇ ਵਧ ਕੇ ਹੱਥ ਮਿਲਾਇਆ। ਔਰਤਾਂ ਨੇ ਸਤਿ ਸ੍ਰੀ ਅਕਾਲ ਸਾਂਝੀ ਕੀਤੀ। ਸੋਫੇ ਉਪਰ ਬੈਠਦਿਆਂ ਉਸ ਆਦਮੀ ਨੇ ਕਹਿਣਾ ਸ਼ੁਰੂ ਕੀਤਾ,

''ਮੈਂ ਇਕਬਾਲ ਸਿੰਘ ਬੱਲ ਆਂ ਜਿਵੇਂ ਮੈਂ ਫੋਨ ਉਪਰ ਦੱਸਿਆ ਹੀ ਸੀ, ਇਹ ਮੇਰੀ ਪਤਨੀ ਜਗੀਰ ਕੌਰ ਬੱਲ,....ਮੇਰੀ ਲੈਟਿੰਗ ਏਜੰਸੀ ਐ ਜੀ ਗਰੀਨ ਸਟਰੀਟ ਉਪਰ। ਤਿੰਨ ਦੁਕਾਨਾਂ ਹੋਰ



ਵੀ ਨੇ। ਲੇਬਰ ਪਾਰਟੀ ਵਲੋਂ ਇਲੈਕਟਿਡ ਕੌਂਸਲਰ ਆਂ। ਪਿੱਛੋਂ ਸਾਡਾ ਪਿੰਡ ਸਠਿਆਲਾ ਐ, ਅੰਮ੍ਰਿਤਸਰ ਡਿਸਟਿਕ....।''

ਇੰਨੀ ਗੱਲ ਕਰਕੇ ਇਕਬਾਲ ਸਿੰਘ ਪਲ ਕੁ ਲਈ ਰੁਕਿਆ। ਸੁਰਜਨ ਸਿੰਘ ਅਤੇ ਪ੍ਰਕਾਸ਼ ਕੌਰ ਵੱਲ ਦੇਖ ਕੇ ਫਿਰ ਬੋਲਿਆ,

''ਵਿਦ ਡਿਊ ਰਿਸਪੈਕਟ ਮੈਂ ਇਕ ਰਿਕੁਐਸਟ ਕਰਨੀ ਐਂ ਬਲਕਿ ਤੁਹਾਡੇ ਤੋਂ ਕੁਝ ਮੰਗਣ ਆਇਆਂ।''

''ਹੁਕਮ ਕਰੋ, ਅਸੀਂ ਤੁਹਾਡੇ ਲਈ ਕੀ ਕਰ ਸਕਦੇ ਆਂ?''

''ਅਸੀਂ ਤੁਹਾਡੀ ਲੜਕੀ ਰਣਜੀਤ ਦਾ ਹੱਥ ਆਪਣੇ ਇਕਲੌਤੇ ਮੁੰਡੇ ਪਰਮਜੀਤ ਲਈ ਮੰਗਣ ਆਏ ਹਾਂ।''

ਸੁਰਜਨ ਸਿੰਘ ਅਤੇ ਪ੍ਰਕਾਸ਼ ਕੌਰ ਇਕ ਦੂਜੇ ਵੱਲ ਦੇਖਣ ਲੱਗੇ। ਜੂਸ ਲੈ ਕੇ ਆਈ ਸੁਖਵੀਰ ਵੀ ਹੈਰਾਨ ਹੋਈ ਖੜੀ ਸੀ। ਆਪਣੇ ਆਪ ਨੂੰ ਕਾਬੂ ਵਿਚ ਰਖਦਾ ਸੁਰਜਨ ਸਿੰਘ ਕੁਝ ਕਹਿਣ ਹੀ ਲੱਗਿਆ ਸੀ ਕਿ ਪ੍ਰਕਾਸ਼ ਕੌਰ ਬੋਲੀ,

''ਸਾਡੀ ਕੁੜੀ ਤਾਂ ਮੰਗੀ ਹੋਈ ਐ।''

''ਸਾਨੂੰ ਪਤਾ ਏ ਭੈਣ ਜੀ।''

''ਇਹ ਦੱਸੋ ਕਿ ਤੁਹਾਨੂੰ ਸਾਡੀ ਕੁੜੀ ਬਾਰੇ ਦੱਸ ਕਿਥੋਂ ਪਈ?'' ਸੁਰਜਨ ਸਿੰਘ ਨੇ ਸਹਿਜ ਹੋ ਕੇ ਪੱਛਿਆ। ਬੱਲ ਬੋਲਿਆ, ''ਆਪਣੇ ਦੋਵੇਂ ਬੱਚੇ ਕਲਾਸ ਫੈਲੋ ਨੇ। ਦੋਵੇਂ ਹੀ ਇਕ ਦੂਜੇ ਨੂੰ ਪਸੰਦ ਕਰਦੇ ਨੇ। ਬਾਕੀ ਤੁਸੀਂ ਖ਼ੁਦ ਸਮਝਦਾਰ ਓ।''

ਇਕਬਾਲੇ ਸਿੰਘ ਨੇ ਆਪਣਾ ਜੂਸ ਖ਼ਤਮ ਕੀਤਾ ਅਤੇ ਜੇਬ ਵਿਚੋਂ ਕਾਰਡ ਕੱਢ ਕੇ ਸੁਰਜਨ ਸਿੰਘ ਨੂੰ ਦਿੰਦਾ ਬੋਲਿਆ,

''ਇਸ ਉਪਰ ਮੇਰਾ ਪਤਾ ਏ, ਮੇਰੇ ਦਫਤਰ ਅਤੇ ਘਰ ਦਾ ਵੀ, ਫੋਨ ਨੰਬਰ ਵੀ ਨੇ, ਕਾਰਡ ਦੇ ਪਿੱਛੇ ਸਾਡਾ ਇੰਡੀਆ ਦਾ ਪਤਾ ਏ। ਕੋਈ ਪੁੱਛ ਗਿੱਛ ਕਰਨੀ ਹੋਵੇ ਤਾਂ।''

ਫਿਰ ਉਹ ਜਾਣ ਲਈ ਉਠ ਕੇ ਖੜੇ ਹੋ ਗਏ। ਇਕਬਾਲ ਸਿੰਘ ਨੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ। ਸੁਰਜਨ ਸਿੰਘ ਨੂੰ ਚੁੱਪ ਚਾਪ ਦੇਖ ਕੇ ਕਹਿਣ ਲੱਗਿਆ, ''ਸਾਨੂੰ ਸਾਡੇ ਲੜਕੇ ਨੇ ਜ਼ਿੱਦ ਕਰਕੇ ਭੇਜਿਆ। ਅਸੀਂ ਵੀ ਸੋਚਿਆ ਕਿ ਤੁਹਾਡੀ ਲੜਕੀ ਸ਼ਾਇਦ ਤੁਹਾਡੇ ਨਾਲ ਨਾ ਗੱਲ ਕਰ ਸਕੇ।''

ਉਹ ਚਲੇ ਗਏ। ਪ੍ਰਕਾਸ਼ ਕੌਰ ਅਤੇ ਸੁਰਜਨ ਸਿੰਘ ਠੱਗੇ ਹੋਏ ਇਕ ਦੂਜੇ ਵੱਲ ਦੇਖੀ ਜਾ ਰਹੇ ਸਨ। ਸੁਰਿੰਦਰ ਅਤੇ ਸੁਖਵੀਰ ਵੀ ਚੁੱਪ ਸਨ। ਸੁਰਜਨ ਨੇ ਕੜਕਵੀਂ ਆਵਾਜ਼ ਵਿਚ ਕਿਹਾ, ''ਰਾਣੀ ਨੂੰ ਸੱਦੋ ਜ਼ਰਾ।''

ਪ੍ਰਕਾਸ਼ ਕੌਰ ਨੇ ਕਿਹਾ, ''ਜ਼ਰਾ ਸ਼ਾਂਤੀ ਨਾਲ, ਜਵਾਨ ਕੁੜੀ ਐ!''

ਸੁਖਵੀਰ ਅਤੇ ਸੁਰਿੰਦਰ ਨੂੰ ਵੀ ਭੈਅ ਆਇਆ ਕਿ ਡੈਡੀ ਕਿਤੇ ਰਣਜੀਤ ਨੂੰ ਮਾਰਨ ਹੀ ਨਾ ਲਗ ਪਵੇ ਭਾਵੇਂ ਉਸ ਨੇ ਕਦੇ ਵੀ ਕਿਸੇ ਬੱਚੇ ਉਪਰ ਹੱਥ ਨਹੀਂ ਸੀ ਚੁੱਕਿਆ। ਪ੍ਰਕਾਸ਼ ਕੌਰ ਦੀ ਆਵਾਜ਼ 'ਤੇ ਰਾਣੀ ਥੱਲੇ ਉੱਤਰ ਆਈ। ਹੌਲੀ-ਹੌਲੀ, ਡਰਦੀ-ਡਰਦੀ, ਬਾਹਾਂ ਛਾਤੀ ਵਿਚ ਦੇਈ ਫਰੰਟ ਰੂਮ ਵਿਚ ਦਾਖਲ ਹੋਈ। ਸੁਰਜਨ ਸਿੰਘ ਨੇ ਇਕਦਮ ਦਬਕਾ ਮਰਿਆ, ''ਇਹ ਸਭ ਕੀ ਐ?''

''ਡੈਡੀ, ਆਈ ਵਿਲ ਡੂ ਵੱਟ ਐਵਰ ਯੂ ਸੇਅ.....ਬੱਟ ਆਏ ਡੌਂਟ ਲਾਈਕ ਬੁਆਏ ਫਰੋਮ ਇੰਡੀਆ.....ਆਏ.....ਆਏ.....।''

ਉਹ ਅਗੇ ਨਾ ਬੋਲ ਸਕੀ। ਪ੍ਰਕਾਸ਼ ਕੌਰ ਨੇ ਕਿਹਾ,''ਤੈਨੂੰ ਪਤਾ ਤੇਰੀ ਮੰਗਣੀ ਹੋ ਚੁੱਕੀ ਐ!''

''ਹਾਂ ਮੰਮੀ, ਬੱਟ ਮੈਂ ਜਾਣਦੀ ਨੀਂ ਓ - ਨੂੰ...।''

ਇੰਨਾ ਕਹਿ ਕੇ ਉਹ ਸੈਟੀ ਉਪਰ ਬੈਠ ਕੇ ਉੱਚੀ ਉੱਚੀ ਰੋਣ ਲਗ ਪਈ। ਸੁਰਜਨ ਸਿੰਘ ਹੁਣ ਤਕ ਸ਼ਾਂਤ ਜਿਹਾ ਹੋ ਚੁੱਕਾ ਸੀ। ਉਸ ਨੂੰ ਰੋਂਦੀ ਨੂੰ ਦੇਖ, ਖਿਝਦਾ ਹੋਇਆ ਬੋਲਿਆ,

''ਚੁੱਪ ਕਰ ਹੁਣ....ਜਾਹ ਵੀਰਾਂ ਏਹਨੂੰ ਉਪਰ ਈ ਲੈ ਜਾ।''

ਸੁਰਜਨ ਸਿੰਘ ਦਾ ਗੁੱਸਾ ਕਿਧਰੇ ਦਾ ਕਿਧਰੇ ਹਵਾ ਹੋ ਗਿਆ। ਇਕ ਪਲ ਲਈ ਤਾਂ ਉਸ ਨੂੰ ਇਹ ਵੀ ਲਗਿਆ ਕਿ ਰਾਣੀ ਸੱਚੀ ਸੀ। ਉਸ ਦਾ ਇਹ ਕਦਮ ਸਹੀ ਸੀ। ਸੁਰਜਨ ਸਿੰਘ ਦਾ ਮੂਡ ਸੁਖਾਵਾਂ ਦੇਖ ਕੇ ਸਾਰਿਆਂ ਦੇ ਚਿਹਰਿਆਂ ਉਪਰ ਰਾਹਤ ਜਿਹੀ ਆ ਬੈਠੀ ਪਰ ਸਾਰੇ ਹੀ ਚੁੱਪ ਚੁੱਪ ਸਨ। ਇਕੋ ਸਮੇਂ ਸਭ ਦੇ ਮਨ ਵਿਚ ਇਕੋ ਗੱਲ ਸੀ ਕਿ ਗੁਰਜੰਟ ਨੂੰ ਕੀ ਜਵਾਬ ਦਿੱਤਾ ਜਾਵੇ। ਪ੍ਰਕਾਸ਼ ਕੌਰ ਨੇ ਪਤੀ ਨੂੰ ਪੁੱਛਿਆ, ''ਕੀ ਸੋਚਦੇ ਆਂ?''

''ਗੁਰਜੰਟ ਦਾ ਈ.....।''

''ਟੈੱਲ ਹਿਮ ਸਟਰੇਟ ਵੇਅ.....ਜੇ ਰਾਣੀ ਖੁਸ਼ ਅਸੀਂ ਸਾਰੇ ਖੁਸ਼।''

ਸੁਖਵੀਰ ਨੇ ਪਿਓ ਦੀ ਗੱਲ ਵਿਚੋਂ ਟੋਕ ਕੇ ਕਿਹਾ। ਸੁਰਜਨ ਸਿੰਘ ਕੁਝ ਨਾ ਬੋਲਿਆ। ਪ੍ਰਕਾਸ਼ ਕੌਰ ਨੇ ਕਿਹਾ,

''ਚਲੋ ਸੋਚਦੇ ਆਂ ਕੁਸ਼। ਉਠੋ ਕੁੜੀਓ ਕੰਮ ਮੁਕਾਵੋ। ਨਾਲੇ ਅੰਮ੍ਰਿਤ ਨੂੰ ਦੇਖੋ ਢੰਗ ਨਾਲ ਸੁੱਤੀ ਪਈ ਐ ਕਿ ਨਈਂ।''

ਸਭ ਦੇ ਸਾਹਮਣੇ ਹੁਣ ਮਸਲਾ ਸੀ ਕਿ ਗੁਰਜੰਟ ਤੱਕ ਇਹ ਗੱਲ ਕਿਸ ਤਰ੍ਹਾਂ ਪਹੁੰਚਾਈ ਜਾਵੇ। ਸੁਰਜਨ ਸਿੰਘ ਅਤੇ ਕੁੜੀਆਂ ਕਹਿ ਰਹੀਆਂ ਸਨ ਕਿ ਉਸ ਨੂੰ ਸਾਫ-ਸਾਫ ਦੱਸ ਦਿਓ ਕਿ ਰਾਣੀ ਨੇ ਖ਼ੁਦ ਕੋਈ ਮੁੰਡਾ ਪਸੰਦ ਕਰ ਲਿਆ ਸੀ ਪਰ ਪ੍ਰਕਾਸ਼ ਕੌਰ ਇਸ ਗੱਲ ਦੇ ਹੱਕ ਵਿਚ ਨਹੀਂ ਸੀ। ਉਹ ਕਹਿੰਦੀ,

''ਦੇਖੋ ਤਾਂ ਹਰ ਵੇਲੇ ਕਿੱਦਾਂ ਤੁਹਾਡਾ ਦਮ ਭਰਦਾ ਰਹਿੰਦਾ ਉਹ।'' ''ਇਹ ਸਭ ਰਿਸ਼ਤੇ ਕਰਕੇ ਆ। ਪਹਿਲਾਂ ਨਈਂ ਕਦੇ ਭਰਿਆ। ਅੱਜ ਹੁਣ ਜਦੋਂ ਰਿਸ਼ਤੇ ਨੂੰ ਜਵਾਬ ਦੇਣਾਂ ਤਾਂ ਓਹਦੇ ਤੇਵਰ ਦੇਖੀਂ।''

ਤਿੰਨ ਦਿਨ ਉਹ ਇਵੇਂ ਹੀ ਸੋਚਦੇ ਰਹੇ। ਇਸ ਦਰਮਿਆਨ ਸੁਰਿੰਦਰ ਅਤੇ ਸੁਖਵੀਰ ਕਾਲਜ ਦੇ ਬਾਹਰ ਖੜ ਕੇ ਪਰਮਜੀਤ ਨੂੰ ਦੇਖ ਆਈਆਂ। ਸੁਰਜਨ ਸਿੰਘ ਨੇ ਵੀ ਇਕਬਾਲ ਸਿੰਘ ਬਾਰੇ ਪਤਾ ਕਰ ਲਿਆ। ਉਹ ਏਸ਼ੀਅਨ ਭਾਈਚਾਰੇ ਵਿਚ ਜਾਣੀ-ਪਛਾਣੀ ਸ਼ਖ਼ਸੀਅਤ ਸੀ। ਸ਼ਿਵਰਾਜ ਸਿੰਘ ਤਾਂ ਉਸ ਨੂੰ ਜਾਤੀ ਤੌਰ 'ਤੇ ਜਾਣਦਾ ਸੀ।

ਪ੍ਰਕਾਸ਼ ਕੌਰ ਨੇ ਬਲਜਿੰਦਰ ਨੂੰ ਸਾਰੀ ਗੱਲ ਦੱਸਦਿਆਂ ਕਿਹਾ,''ਬਸ ਤੂੰ ਗੁਰਜੰਟ ਦੇ ਕੰਨੀ ਏਨਾ ਪਾ ਦੇ ਕਿ ਕੁੜੀ ਇੰਡੀਆ ਦੇ ਮੁੰਡੇ ਨਾਲ ਵਿਆਹ ਲਈ ਨਹੀਂ ਮੰਨਦੀ।''

''ਪਤਾ ਨਈਂ ਏਹ ਕਿੱਦਾਂ ਲੈਣ ਏਸ ਗੱਲ ਨੂੰ।''

''ਹੋਰ ਆਪਾਂ ਕਰ ਵੀ ਕੀ ਸਕਦੇ ਆਂ।''

ਗੁਰਜੰਟ ਦਾ ਚੰਗਾ ਜਿਹਾ ਮੂਡ ਦੇਖ ਕੇ ਬਲਜਿੰਦਰ ਬੋਲੀ, ''ਇਕ ਬੁਰੀ ਖ਼ਬਰ ਐ।''

''ਕੀ?''

''ਰਾਣੀ ਵਿਆਹ ਲਈ ਨਹੀਂ ਮੰਨਦੀ।''

''ਕੀ?...ਤੈਨੂੰ ਕਿਨ੍ਹੇ ਕਿਹਾ?''

''ਮੰਮੀ ਨੇ।''

''ਕਿਉਂ?''

''ਕਹਿੰਦੀ ਇੰਡੀਆ ਦੇ ਮੁੰਡੇ ਰਾਜੂ ਵਰਗੇ ਈ ਹੁੰਦੇ ਆ।''

ਗੁਰਜੰਟ ਗੁੱਸੇ ਵਿਚ ਭੜਕ ਉਠਿਆ। ਮੇਜ਼ ਉਪਰ ਜ਼ੋਰ ਨਾ ਮੁੱਕਾ ਮਾਰਦਾ ਬੋਲਿਆ, ''ਵੱਟ ਨੌਨਸੈਂਸ!....ਹੁਣ ਏਨੀ ਦੇਰ ਬਾਅਦ ਉਹਨੂੰ ਚੇਤੇ ਆਈ ਇਹ ਗੱਲ। ਪਹਿਲਾਂ ਦੱਸਦੀ ਜਦ ਰਿਸ਼ਤਾ ਕੀਤਾ ਸੀ। ਬਾਅਦ ਵਿਚ ਦੱਸ ਦਿੰਦੀ....ਕਿਤੇ ਏਹਦੇ ਪਿੱਛੇ ਹੋਰ ਕੋਈ ਸਾਜ਼ਿਸ਼ ਤਾਂ ਨਈਂ?''

''ਕਾਹਦੀ ਸਾਜ਼ਿਸ਼?''

''ਕੀ ਪਤਾ ਹੁਣ, ਐਨੀ ਦੇਰ ਬਾਅਦ....ਖ਼ੈਰ ਮੈਂ ਦੇਖਦਾਂ, ਏਕਣ ਮੈਂ ਕਿਵੇਂ ਮੁੱਕਰ ਲੈਣ ਦੇਊਂ ਉਹ ਉਸੇ ਵਕਤ ਉਠ ਕੇ ਸੁਹਰਿਆਂ ਦੇ ਘਰ ਨੂੰ ਤੁਰ ਪਿਆ। ਉਸ ਦੇ ਕਾਰ ਵਿਚ ਬੈਠਦਿਆਂ ਹੀ ਬਲਜਿੰਦਰ ਨੇ ਮੰਮੀ ਨੂੰ ਫੋਨ ਕਰ ਕੇ ਦੱਸ ਦਿੱਤਾ ਕਿ ਗੁਰਜੰਟ ਆ ਰਿਹਾ ਸੀ ਅਤੇ ਬਹੁਤ ਗੁੱਸੇ ਵਿਚ ਸੀ। ਪ੍ਰਕਾਸ਼ ਡਰਦੀ ਹੋਈ ਸੁਰਿੰਦਰ ਨੂੰ ਬੋਲੀ, ''ਤੇਰੇ ਡੈਡੀ ਵੀ ਹਾਲੇ ਨਈਂ ਆਏ, ਗੁਰਜੰਟ ਕਿਤੇ ਰਾਣੀ ਨੂੰ ਕੁਸ਼ ਕਹੇ ਨਾ।''

''ਗਦੂਦ ਜਿਹੀ,...ਕੌਣ ਹੁੰਦੈ ਉਹ....ਔਣ ਦੇ ਜ਼ਰਾ, ਮੈਂ ਹੈਗੀ ਆਂ।''

ਗੁਰਜੰਟ ਸ਼ਾਂਤੀ ਨਾਲ ਹੀ ਅੰਦਰ ਆਇਆ। ਸਾਰੇ ਫ਼ਰੰਟ ਰੂਮ ਵਿਚ ਹੀ ਬੈਠੇ ਸਨ। ਉਸ ਨੇ ਪਿਆਰ ਨਾਲ ਰਣਜੀਤ ਨੂੰ ਪੁੱਛਿਆ,

''ਰਾਣੀ, ਮੈਨੂੰ ਪਤਾ ਲਗਿਆ ਹੁਣ ਤੂੰ ਵਿਆਹ ਤੋਂ ਨਾਂਹ ਕਰ ਰਹੀ ਏਂ, ਕਿਉਂ?''

''ਬਿਕੌਜ਼, ਆਈ ਡੌਂਟ ਨੋਅ ਹਿਮ।''

''ਲੁਕ ਰਾਣੀ, ਦੇਅਰ ਇਜ਼ ਨਥਿੰਗ ਰੌਂਗ ਵਿਦ ਪ੍ਰਤਾਪ, ਹੀ ਇਜ਼ ਨੌਟ ਕਰੇਜ਼ੀ ਲਾਈਕ ਰਾਜੂ, ਡੌਂਟ ਯੂ ਵਰੀ, ਆਈ ਪ੍ਰੌਮਿਜ਼।''

''ਪਾ ਜੀ.....ਆਏ ਡੌਂਟ ਨੋਅ ਹਿੰਮ।''

''ਬੱਟ ਯੂ ਆਰ ਇੰਗੇਜ਼ਡ ਵਿਦ ਹਿੰਮ।''

''ਆਏ ਵੌਜ਼ ਵੈਰੀ ਯੰਗ ਐਟ ਦੈਟ ਟਾਈਮ।''

''ਦੋ ਸਾਲਾਂ ਵਿਚ ਤੂੰ ਬਹੁਤੀ ਸਮਝਦਾਰ ਹੋ ਗਈ ਏਂ?''

''ਪਾ ਜੀ, ਆਏ ਡੌਂਟ ਵੌਂਟ ਅਰੇਂਜ਼ਡ ਮੈਰਿਜ਼।''

''ਵੱਟ 'ਸ ਰੀਜ਼ਨ, ਬਿਹਾਂਈਡ ਦਿਸ?''

''ਆਏ ਹੈਡ ਫਾਊਂਡ ਏ ਬੁਆਏ।'' ਕਹਿ ਕੇ ਰਣਜੀਤ ਉਠ ਕੇ ਚਲੀ ਗਈ। ਗੁਰਜੰਟ ਖਾਲੀ ਸਿਰ ਨਾਲ ਇਧਰ ਉਧਰ ਦੇਖਣ ਲਗਿਆ। ਕੁਝ ਛਿਣਾਂ ਬਾਅਦ ਆਪੇ ਵਿਚ ਮੁੜਿਆ ਤਾਂ ਪ੍ਰਕਾਸ਼ ਕੌਰ ਨੂੰ ਪੁੱਛਣ ਲਗਾ, ''ਮੰਮੀ, ਏਹ ਸਭ ਕੀ ਕਹਾਣੀ ਏਂ?''

''ਪੁੱਤ, ਸੱਚੀ ਗੱਲ ਇਹ ਆ ਕਿ ਰਾਣੀ ਆਪਣੇ ਨਾਲ ਪੜ੍ਹਦੇ ਕਿਸੇ ਮੁੰਡੇ ਨੂੰ ਪਸੰਦ ਕਰਦੀ ਐ।''

''ਤੁਸੀਂ ਕੀ ਕਹਿੰਦੇ ਓ ਫਿਰ?''

''ਆਪਾਂ ਸਾਰਿਆਂ ਨੇ ਹੁਣ ਇਹੋ ਸੋਚਣਾਂ ਕਿ ਕੁੜੀ ਹੱਥੋਂ ਨਾ ਗਵਾ ਲਈਏ।''

''ਤੁਸੀਂ ਕੁੜੀ ਬਾਰੇ ਸੋਚਦੇ ਓ। ਮੇਰੇ ਬਾਰੇ ਕੁਸ਼ ਨਈਂ?''

''ਸੋਚਦੇ ਆਂ ਪੁੱਤ, ਬਥੇਰਾ ਸੋਚਦੇ ਆਂ,....ਤੇਰੇ ਬਾਰੇ ਈ ਸੋਚੀ ਜਾਨੇ ਆਂ।''

''ਦੇਖੋ, ਏਨੇ ਸਾਲ ਹੋ ਗਏ ਮੈਂ ਕੁੱਤੇ ਵਾਂਗੂ ਤੁਹਾਡੇ ਪਿੱਛੇ-ਪਿੱਛੇ ਪੂਛ ਹਿਲਾਉਂਦਾ ਫਿਰਦਾਂ, ਇਸੇ ਲਈ ਕਿ ਮੇਰਾ ਭਰਾ ਲੰਘ ਆਊ.....ਏਨੇ ਚਿਰ ਬਾਅਦ ਤੁਸੀਂ ਮੈਨੂੰ ਉਅਰਲ ਦਿਖਾ ਦਿਓ। ਏਹ ਤਾਂ ਮੈਂ ਟੌਲਰੇਟ ਨਈਂ ਕਰ ਸਕਣਾਂ।''

''ਪੁੱਤ, ਤੂੰ ਸਾਡੀ ਮਜਬੂਰੀ ਸਮਝ।''

''ਮਜਬੂਰੀ ਜਾਂ ਚਲਾਕੀ।......ਜੇ ਇਹ ਰਿਸ਼ਤਾ ਕਿਤੇ ਹੋਰ ਹੋਇਆ ਤਾਂ ਆਪਣਾ ਪੜ੍ਹਿਆ ਵਿਚਾਰਿਓ!''

''ਕਹਿ ਕੇ ਉਹ ਜ਼ੋਰ ਨਾਲ ਦਰਵਾਜ਼ਾ ਬੰਦ ਕਰਦਾ ਚਲੇ ਗਿਆ। ਉਸ ਦੇ ਜਾਣ ਤੋਂ ਬਾਅਦ ਸੁਰਿੰਦਰ ਤੇ ਸੁਖਵੀਰ ਅੱਗ ਬਬੂਲਾ ਹੋ ਉਠੀਆਂ,

''ਇਹ ਸਮਝਦਾ ਕੀ ਐ ਆਪਣੇ ਆਪ ਨੂੰ?''

''ਹਾਓ ਦਾ ਹੈੱਲ ਹੀ ਡੇਅਰ ਟੂ ਥਰੈੱਟ!''

''ਸਾਡੀ ਕੁੜੀ ਜਿਥੇ ਮਰਜ਼ੀ ਰਿਸ਼ਤਾ ਕਰੀਏ।''

''ਜਿਹੜਾ ਏਹਨੇ ਸੁਖ ਦਿੱਤਾ ਉਹ ਵੀ ਸਾਨੂੰ ਭੁਲਿਆ ਨਈਂ। ਹੁਣ ਮੂੰਹੋਂ ਸੱਚ ਕਹਿ ਗਿਆ ਨਾ - ਰਿਸ਼ਤੇ ਦੇ ਲਾਲਚ ਨੂੰ ਹੀ ਮਗਰ ਮਗਰ ਤੁਰਿਆ ਫਿਰਦਾ ਸੀ।''

ਸਾਰੀਆਂ ਜਾਣੀਆਂ ਕੁਝ ਨਾ ਕੁਝ ਕਹਿ ਕੇ ਆਪਣਾ ਹਿਰਖ ਠੰਡਾ ਕਰ ਰਹੀਆਂ ਸਨ। ਜਦੋਂ ਗੁੱਸਾ ਘਟਿਆ ਤਾਂ ਇਕਬਾਲ ਸਿੰਘ ਬੱਲ ਦੇ ਟੱਬਰ ਦਾ ਮੁਕਾਬਲਾ ਗੁਰਜੰਟ ਦੇ ਟੱਬਰ ਨਾਲ ਕਰਨ ਲਗੀਆਂ। ਬੱਲ ਦੇ ਮੁਕਾਬਲੇ ਗੁਰਜੰਟ ਪਾਂ ਪਾਸਕ ਵੀ ਨਹੀਂ ਸੀ, ਉਨ੍ਹਾਂ ਨੂੰ ਇਸ ਗੱਲ ਦੀ ਵੀ ਖੁਸ਼ੀ ਸੀ। 

(ਬਾਕੀ ਅਗਲੇ ਅੰਕ 'ਚ)




# ਇਕ ਦਹਾਕੇ ਬਾਅਦ ਬਦਲ ਜਾਂਦਾ ਹਰ ਫਿਲਮੀ ਦੌਰ


ਦੀਪਿਕਾ ਪਾਦੂਕੋਣ

ਨਵਾਂ ਸਾਲ, ਨਵੀਆਂ ਉਮੀਦਾਂ। 2007 ਵਿਚ ਕਈ ਨਵੇਂ ਚਿਹਰਿਆਂ ਨੇ ਫਿਲਮੀ ਦੁਨੀਆਂ ਵਿਚ ਧਮਾਕੇਦਾਰ ਐਂਟਰੀ ਕੀਤੀ ਹੈ। 2008 ਵਿਚ ਉਨ੍ਹਾਂ ਤੋਂ ਹੋਰ ਵੀ ਹਿੱਟ ਫਿਲਮਾਂ ਦੀ ਉਮੀਦ ਹੈ। ਕੌਣ ਹੈ ਉਹ ਸਿਤਾਰਾ, ਜਿਹੜਾ ਆਪਣੀ ਚਮਕ ਨਾਲ ਸਿਲਵਰ ਸਕ੍ਰੀਨ ਨੂੰ ਹੋਰ ਚਮਕਾਏਗਾ, ਆਓ ਦੇਖੀਏ।

**ਨਵੇਂ ਸਾਲ ਦੀ ਐਸ਼ਵਰਿਆ! :** ਬੈਡਮਿੰਟਨ ਕਿੰਗ ਪ੍ਰਕਾਸ਼ ਪਾਦੂਕੋਨ ਦੀ ਧੀ ਦੀਪਿਕਾ ਪਾਦੂਕੋਨ ਵਰਗੇ ਸਟਾਰ ਬਣਨ ਲਈ ਹੀ ਪੈਦਾ ਹੁੰਦੇ ਹਨ। ਰੈਂਪ ਹੋਵੇ ਜਾਂ ਮਾਡਲਿੰਗ, ਉਨ੍ਹਾਂ ਨੇ ਸ਼ੁਰੂਆਤ ਤੋਂ ਹੀ ਆਪਣੀ ਸੁੰਦਰਤਾ ਅਤੇ ਪ੍ਰਤਿਭਾ ਨਾਲ ਭੀੜ ਵਿਚ ਅਲੱਗ ਜਗ੍ਹਾ ਬਣਾਈ। ਕੰਨੜ ਫਿਲਮ 'ਐਸ਼ਵਰਿਆ' ਨਾਲ ਫਿਲਮਾਂ ਵਿਚ ਬਤੌਰ ਹੀਰੋਇਨ ਕੈਰੀਅਰ ਸ਼ੁਰੂ ਕੀਤਾ, ਤਾਂ ਉਹ ਵੀ ਸੁਪਰ ਹਿੱਟ ਰਹੀ ਅਤੇ ਹੁਣ 'ਓਮ ਸ਼ਾਂਤੀ ਓਮ' ਦੀ ਸੁਪਰ ਸਫਲਤਾ ਤੋਂ ਬਾਅਦ ਉਨ੍ਹਾਂ ਦਾ ਉੱਜਲ ਕੈਰੀਅਰ ਸਾਰਿਆਂ ਦੇ ਸਾਹਮਣੇ ਹੈ। ਉਨ੍ਹਾਂ ਦੀ ਡਿਮਾਂਡ ਦਾ ਆਲਮ ਇਹ ਹੈ ਕਿ ਹਰ ਵੱਡਾ ਫਿਲਮ ਮੇਕਰ ਅਤੇ ਬੈਨਰ ਉਨ੍ਹਾਂ ਨੂੰ ਲੈ ਕੇ ਫਿਲਮ ਬਣਾਉਣਾ ਚਾਹੁੰਦਾ ਹੈ। ਯਸ਼ ਚੋਪੜਾ ਨੇ ਉਨ੍ਹਾਂ ਨੂੰ ਸਿਧਾਰਥ ਆਨੰਦ ਦੇ ਨਿਰਦੇਸ਼ਨ ਵਿਚ ਬਣਨ ਵਾਲੀ ਫਿਲਮ ਲਈ ਸਾਈਨ ਕੀਤਾ ਹੈ, ਜਿਸ ਵਿਚ 'ਸਾਂਵਰੀਆ' ਦੇ ਰਣਵੀਰ ਕਪੂਰ ਉਨ੍ਹਾਂ ਦੇ ਹੀਰੋ ਅਤੇ ਕੈਟਰੀਨਾ ਕੈਫ ਅਤੇ ਮਨੀਸ਼ਾ ਲਾਂਬਾ ਕੋ-ਸਟਾਰਜ਼ ਹੋਣਗੇ। ਇਸ ਤੋਂ ਇਲਾਵਾ ਰਮੇਸ਼ ਸਿੱਪੀ ਦੀ, ਰੋਹਨ ਸਿੱਪੀ ਦੇ ਨਿਰਦੇਸ਼ਨ ਵਿਚ ਬਣਨ ਵਾਲੀ 'ਮੇਡ ਇਨ ਇੰਡੀਆ' ਵਿਚ ਉਹ ਅਕਸ਼ੈ ਕੁਮਾਰ ਦੀ ਅਭਿਨੇਤਰੀ ਹੈ। ਪ੍ਰਿਯਦਰਸ਼ਨ ਨੇ ਆਪਣੀ 'ਪਾਇਰੇਟ' ਲਈ ਉਨ੍ਹਾਂ ਨੂੰ ਸੱਦਾ ਦਿੱਤਾ ਹੈ। ਸ਼ਾਹਰੁਖ਼ ਖ਼ਾਨ ਦੇ ਹੋਮ ਪ੍ਰੋਡਕਸ਼ਨ ਦੀ, ਫਰਹਾ ਖ਼ਾਨ ਦੇ ਨਿਰਦੇਸ਼ਨ ਵਿਚ ਬਣਨ ਵਾਲੀ ਇਕ ਹੋਰ ਫਿਲਮ 'ਹੈਪੀ ਨਿਊ ਈਅਰ' ਵਿਚ ਵੀ ਦੀਪਿਕਾ ਹੀ ਸ਼ਾਹਰੁਖ਼ ਦੀ ਹੀਰੋਇਨ ਹੈ। ਇਹੀ ਨਹੀਂ, ਸਲਮਾਨ ਖ਼ਾਨ ਦੀ ਹੋਮ ਪ੍ਰੋਡਕਸ਼ਨ 'ਮਿ. ਐਂਡ ਮਿਸੇਜ਼ ਖੰਨਾ' ਵਿਚੋਂ ਵਿਦਿਆ ਬਾਲਨ ਵਰਗੀ ਵੱਡੀ ਸਟਾਰ ਨੂੰ ਕੱਢ ਕੇ ਉਨ੍ਹਾਂ ਦੀ ਜਗ੍ਹਾ ਦੀਪਿਕਾ ਪਾਦੂਕੋਣ ਨੂੰ ਲਏ ਜਾਣ ਦੀ ਖ਼ਬਰ ਹੈ। ਇਹ ਉਨ੍ਹਾਂ ਦੀ ਲੋਕਪ੍ਰਿਯਤਾ ਹੀ ਹੈ ਕਿ ਕਿੰਗਫਿਸ਼ਰ ਵਰਗੀ ਪ੍ਰਤੀਸ਼ਠਾਵਾਨ ਏਅਰ ਲਾਈਨ ਨੇ ਉਨ੍ਹਾਂ ਨੂੰ ਆਪਣਾ ਬ੍ਰਾਂਡ ਅੰਬੈਸਡਰ ਬਣਾਇਆ ਹੈ ਅਤੇ ਵੱਡੇ ਪ੍ਰੋਡਕਟ ਮਾਡਲਿੰਗ ਕਰਵਾਉਣ ਲਈ ਕਤਾਰ ਵਿਚ ਹਨ। ਫਿਲਮ ਟ੍ਰੇਡ ਸੂਤਰਾਂ ਅਨੁਸਾਰ, ਦੀਪਿਕਾ ਦਾ ਪ੍ਰਸ਼ੰਸਕ-ਬੇਸ ਇੰਨਾ ਵੱਡਾ ਅਤੇ ਮਜ਼ਬੂਤ ਹੈ ਕਿ ਹੁਣ ਉਨ੍ਹਾਂ ਦੀਆਂ ਇਕ-ਦੋ ਫਿਲਮਾਂ ਫਲਾਪ ਵੀ ਹੋ ਜਾਣ, ਤਾਂ ਉਨ੍ਹਾਂ ਦੇ ਕੈਰੀਅਰ 'ਤੇ ਫਰਕ ਨਹੀਂ ਪਵੇਗਾ। ਯਾਨੀ ਦੀਪਿਕਾ 2008 ਦੀ ਸ਼ਰਤੀਆ ਸਟਾਰ ਹੈ।




**ਥੋੜ੍ਹਾ ਇੰਤਜ਼ਾਰ ਹੋਰ :** ਚਾਹੇ ਇਹ ਸ਼੍ਰੀਦੇਵੀ (ਸੋਲ੍ਹਵਾਂ ਸਾਲ), ਮਾਧੁਰੀ ਦੀਕਸ਼ਤ (ਅਬੋਧ) ਹੋਵੇ ਜਾਂ ਕਾਜੋਲ (ਬੇਖ਼ੁਦੀ) ਅਤੇ ਰਾਣੀ ਮੁਖਰਜੀ (ਰਾਜਾ ਕੀ ਆਏਗੀ ਬਾਰਾਤ), ਅਪਵਾਦਾਂ ਨੂੰ ਛੱਡ ਕ ਫੀਮੇਲ ਸੁਪਰ ਸਟਾਰ ਨ ਆਪਣੇ ਕੈਰੀਅਰ ਦੀ ਸ਼ੁਰੂਆਤ ਸੁਪਰ ਫਲਾਪ ਫਿਲਮ ਤੋਂ ਕੀਤੀ ਹੈ। ਇਸ ਲਈ 'ਸਾਂਵਰੀਆ' ਫਲਾਪ ਹੋਣ ਦੇ ਬਾਵਜੂਦ ਸੋਨਮ ਕਪੂਰ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਨਹੀਂ ਲਗਦਾ। ਸੁੰਦਰ ਅਤੇ ਪ੍ਰਤਿਭਾਸ਼ੀਲ ਸੋਨਮ ਆਪਣੇ ਦਮ 'ਤੇ ਸੁਪਰ ਸਟਾਰ ਬਣਨ ਦੀ ਸਮਰੱਥਾ ਰੱਖਦੀ ਹੀ ਹੈ, ਉਪਰ ਤੋਂ ਅਭਿਨੇਤਾ-ਨਿਰਮਾਤਾ ਪਿਤਾ ਅਨਿਲ ਕਪੂਰ ਦਾ ਹੱਥ ਵੀ ਉਨ੍ਹਾਂ ਦੇ ਸਿਰ 'ਤੇ ਹੈ। ਇਸ ਲਈ 2008 ਵਿਚ ਉਨ੍ਹਾਂ ਦੇ ਨਵੇਂ ਧਮਾਕੇ ਦਾ ਇੰਤਜ਼ਾਰ ਕਰੋ।




**ਸ਼ਾਈਨਿੰਗ ਸਟਾਰ :** ਰਣਵੀਰ ਕਪੂਰ ਦੀ ਪਹਿਲੀ ਫਿਲਮ 'ਸਾਂਵਰੀਆ' ਭਲਾਂ ਹੀ ਫਲਾਪ ਹੋ ਗਈ, ਲੇਕਿਨ ਨਿੱਜੀ ਤੌਰ 'ਤੇ ਰਣਵੀਰ ਹਿੱਟ ਹੈ। ਕੱਦ ਤੋਂ ਲੰਬੇ ਅਤੇ ਆਕਰਸ਼ਕ ਵਿਅਕਤੀਤਵ ਦੇ ਧਨੀ ਰਣਵੀਰ ਵਿਚ ਸਟਾਰ-ਸੀਰੀਅਲ ਦੀ ਕੋਈ ਘਾਟ ਨਹੀਂ ਹੈ। ਆਵਾਜ਼, ਅੰਦਾਜ਼, ਐਕਟਿੰਗ, ਡਾਂਸ, ਐਕਸ਼ਨ...ਸਾਰਾ ਕੁਝ ਹੈ ਉਨ੍ਹਾਂ ਕੋਲ। ਇਸ ਲਈ 'ਸਾਂਵਰੀਆ' ਫਲਾਪ ਹੋਣ ਦੇ ਬਾਵਜੂਦ ਨਾ ਤਾਂ ਉਨ੍ਹਾਂ ਨੂੰ ਪ੍ਰਸ਼ੰਸਕਾਂ ਦੀ ਘਾਟ ਰਹੀ ਅਤੇ ਨਾ ਨਿਰਮਾਤਾਵਾਂ ਦੀ। ਹਾਲਾਂਕਿ 'ਸਾਂਵਰੀਆ' ਦੇ ਬਾਅਦ ਉਨ੍ਹਾਂ ਨੇ ਯਸ਼ ਚੋਪੜਾ ਦੀ ਸਿਧਾਰਥ ਆਨੰਦ ਦੇ ਨਿਰਦੇਸ਼ਨ ਹੇਠ ਬਣਨ ਵਾਲੀ ਫਿਲਮ ਸਾਈਨ ਕੀਤੀ ਹੈ, ਲੇਕਿਨ ਉਨ੍ਹਾਂ ਨੂੰ ਹਫਤੇ ਵਿਚ 3 ਫਿਲਮਾਂ ਦੇ ਆਫਰ ਮਿਲੇ ਹਨ। ਮਗਰ ਇਸ ਵਾਰੀ ਰਣਵੀਰ ਦੇ ਨਾਲ-ਨਾਲ ਉਨ੍ਹਾਂ ਦੇ ਮੰਮੀ-ਡੈਡੀ ਰਿਸ਼ੀ ਕਪੂਰ ਅਤੇ ਨੀਤੂ ਸਿੰਘ ਵੀ ਉਨ੍ਹਾਂ ਦੀਆਂ ਫਿਲਮਾਂ ਦੀ ਚੋਣ ਨੂੰ ਲੈ ਕੇ ਸਾਵਧਾਨ ਹਨ। ਉਹ ਨਿਰਮਾਤਾ-ਨਿਰਦੇਸ਼ਕ-ਬੈਨਰ ਦੇ ਨਾਲ ਇਸ ਵਾਰ ਸਕ੍ਰਿਪਟ ਅਤੇ ਰਣਵੀਰ ਦੇ ਰੋਲ ਦੇ ਮਾਮਲੇ ਵਿਚ ਵੀ ਚੌਕਸ ਰਹਿਣਾ ਚਾਹੁੰਦੇ ਹਨ।

ਹੋਰ ਵੀ ਕਈ ਗੱਲਾਂ ਹਨ, ਜਿਹੜੀਆਂ 2008 ਵਿਚ ਰਣਵੀਰ ਦੀ ਸਟਾਰਡਮ ਸੁਨਿਸ਼ਚਿਤ ਕਰਦੀਆਂ ਹਨ। ਜਿੰਦਾਂ ਕਿ ਸਟਾਰ ਸਨ ਦੇ ਨਾਲ-ਨਾਲ ਕਪੂਰ ਖ਼ਾਨਦਾਨ ਦਾ ਹੋਣ ਦੇ ਨਾਤੇ ਵੱਡੇ ਬੈਨਰ ਬਾਰ-ਬਾਰ ਉਨ੍ਹਾਂ ਨੂੰ ਮੌਕਾ ਦਿੰਦੇ ਰਹਿਣਗੇ। ਦੂਜਾ, ਉਨ੍ਹਾਂ ਦੀ ਅਗਲੀ ਫਿਲਮ 'ਯਸ਼ਰਾਜ ਫਿਲਮ' ਦੀ ਹੋਵੇਗੀ, ਜਿਸ ਬੈਨਰ ਦੀ ਪ੍ਰਤੀਸ਼ਠਾ ਫਲਾਪ ਹੋਣ ਲਾਇਕ ਫਿਲਮਾਂ ਨੂੰ ਵੀ ਹਿੱਟ ਕਰਵਾ ਕੇ ਛੱਡਦੀ ਹੈ। ਇਸ ਫਿਲਮ ਦੀ ਅਭਿਨੇਤਰੀ 'ਓਮ ਸ਼ਾਂਤੀ ਓਮ' ਨਾਲ ਅਤਿ ਲੋਕਪ੍ਰਿਯ ਹੋਈ ਦੀਪਿਕਾ ਪਾਦੂਕੋਣ ਹੈ, ਜਿਸ ਤੋਂ ਫਿਲਮ ਦੀ ਸਫਲਤਾ ਹੋਰ ਵੀ ਸੁਨਿਸ਼ਚਿਤ ਹੋ ਜਾਂਦੀ ਹੈ। ਤੀਜਾ, ਕਈ ਸਾਲਾਂ ਤੋਂ ਇੰਡਸਟਰੀ ਨੂੰ ਬੁਢਾਪੇ ਵਲ ਵਧਦੇ ਹੀਰੋ ਚਲਾ ਰਹੇ ਹਨ ਅਤੇ ਸ਼ਾਹਿਦ ਕਪੂਰ ਵਰਗੇ ਨਵੇਂ ਮੁੰਡੇ ਚੱਲ ਨਹੀਂ ਸਕੇ । ਅਜਿਹੇ ਵਿਚ ਇੰਡਸਟਰੀ ਨੂੰ ਇਕ ਨਵੇਂ, ਘੱਟ ਉਮਰ ਟੇਲੈਂਟਿਡ ਹੀਰੋ ਦੀ ਸਖ਼ਤ ਜ਼ਰੂਰਤ ਹੈ, ਜਿਹੜੀ ਘਾਟ ਰਣਵੀਰ ਕਪੂਰ ਪੂਰੀ ਕਰ ਸਕਦੇ ਹਨ। ਅਜਿਹੇ ਹੋਰ ਵੀ ਕਈ ਪਲੱਸ ਪੁਆਇੰਟ ਗਿਣਾਏ ਜਾ ਸਕਦੇ ਹਨ।




**ਜਿਆ ਧੜਕ-ਧੜਕ :** ਰਾਮਗੋਪਾਲ ਵਰਮਾ ਦੀ ਖੋਜ ਹੈ ਜਿਆ ਖ਼ਾਨ। ਇਨ੍ਹਾਂ 'ਤੇ ਅਮਿਤਾਭ ਬੱਚਨ ਵੀ ਮਰ ਮਿਟੇ ਸਨ....'ਨਿਸ਼ਬਦ' ਵਿਚ। ਇਹੀ ਜਿਆ ਖ਼ਾਨ 2008 ਵਿਚ ਗਜ਼ਿਨੀ' ਰੀਮੇਕ ਵਿਚ ਆਮਿਰ ਖ਼ਾਨ ਦੀ ਹੀਰੋਇਨ ਬਣ ਕੇ ਆ ਰਹੀ ਹੈ, ਤਾਂ ਜ਼ਾਹਿਰ ਹੈ, ਇੰਡਸਟਰੀ ਅਤੇ ਦਰਸ਼ਕਾਂ ਦਾ ਧਿਆਨ ਇਨ੍ਹਾਂ 'ਤੇ ਵੀ ਰਹੇਗਾ।

## ਬਾਲੀਵੁੱਡ ਦਾ 2008 ਵਿਚ ਟ੍ਰੈਂਡ ਸੁਣੋ


ਸੋਨਮ ਕਪੂਰ


### ਨਿਰਦੇਸ਼ਕਾਂ ਦੀ ਜ਼ੁਬਾਨੀ

**ਸੰਜੇ ਗੜਵੀ :** 'ਕ੍ਰਿਸ਼', 'ਧੂਮ-2', 'ਫਿਰ ਹੇਰਾਫੇਰੀ', ਅਤੇ 'ਲਗੇ ਰਹੋ ਮੁੰਨਾ ਭਾਈ' ਵਰਗੀਆਂ ਫਿਲਮਾਂ ਦੀ ਸਫਲਤਾ ਨੇ ਸੀਕਵੈੱਲ ਦਾ ਬਾਜ਼ਾਰ ਗਰਮ ਕਰ ਰੱਖਿਆ ਹੈ। ਕਹਾਣੀਆਂ ਦੇ ਅਭਾਵ ਨਾਲ ਜੂਝ ਰਹੇ ਨਿਰਮਾਤਾ-ਨਿਰਦੇਸ਼ਕ ਪੁਰਾਣੀਆਂ ਸਫਲ ਫਿਲਮਾਂ ਵਿਚ ਕਥਾ ਵਿਸਤਾਰ ਉਦੋਂ ਤੱਕ ਲੱਭਦੇ ਰਹਿਣਗੇ ਜਦੋਂ ਤੱਕ ਇਕ ਦੋ ਫਿਲਮਾਂ ਉਲਟੇ ਮੂੰਹ ਡਿੱਗ ਨਹੀਂ ਜਾਂਦੀਆਂ। ਲੇਕਿਨ ਫਿਲਹਾਲ ਇਸ ਦੀ ਉਮੀਦ ਘੱਟ ਹੀ ਹੈ, ਤਦ ਹੀ ਤਾਂ 'ਘਾਯਲ' 'ਨੋ ਐਂਟਰੀ', 'ਰੰਗ ਦੇ ਬਸੰਤੀ' ਤੋਂ ਲੈ ਕੇ 'ਸਰਕਾਰ', 'ਗੋਲਮਾਲ' ਅਤੇ 'ਧਮਾਲ' ਤਕ ਵਰਗੀਆਂ ਫਿਲਮਾਂ ਦੇ ਸੀਕਵੈੱਲ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ।

**ਮਧੁਰ ਭੰਡਾਰਕਰ :** ਕਿਸੇ ਨਿਰਦੇਸ਼ਕ ਦੇ ਵਿਅਕਤੀਤਵ ਦਾ ਸ਼ੀਸ਼ਾ ਹੁੰਦੀ ਹੈ ਉਸ ਦੀਆਂ ਫਿਲਮਾਂ। ਅਜਿਹਾ ਨਹੀਂ ਹੈ ਕਿ ਮੈਂ ਮਾਰਧਾੜ ਜਾਂ ਮਸਾਲੇ ਨਾਲ ਭਰਪੂਰ ਫਿਲਮਾਂ ਬਣਾ ਨਹੀਂ ਸਕਦਾ, ਮਗਰ ਉਸ ਨਾਲ ਮੈਂ ਖ਼ੁਦ ਨੂੰ ਸਹਿਜ ਮਹਿਸੂਸ ਨਹੀਂ ਕਰ ਸਕਾਂਗਾ। ਇਹ ਸਾਲ ਵੀ ਮਿਕਸ ਫਿਲਮਾਂ ਦਾ ਸਾਲ ਰਹੇਗਾ, ਜਿਸ ਵਿਚ ਅਲੱਗ-ਅਲੱਗ ਨਿਰਦੇਸ਼ਕ ਆਪਣੀਆਂ ਅਲੱਗ-ਅਲੱਗ ਤਰ੍ਹਾਂ ਦੀਆਂ ਫਿਲਮਾਂ ਲੈ ਕੇ ਆਉਣਗੇ।

**ਆਸ਼ੂਤੋਸ਼ ਗੋਵਾਰੀਕਰ :** 'ਜੋਧਾ ਅਕਬਰ' ਦੀ ਰਿਲੀਜ਼ ਦੇ ਬਾਅਦ ਇਕ ਵਾਰ ਫਿਰ ਬਾਲੀਵੁੱਡ ਵਿਚ ਇਤਿਹਾਸਕ ਫਿਲਮਾਂ ਦਾ ਸੁਨਹਿਰਾ ਦੌਰ ਵਾਪਸ ਆਵੇਗਾ। ਇੰਡਸਟਰੀ ਵਿਚ ਇਕ ਵੱਡੀ ਹਿੱਟ ਹੀ ਟ੍ਰੈਂਡ ਬਦਲਣ ਲਈ ਕਾਫੀ ਹੁੰਦੀ ਹੈ, ਸੋ 'ਜੋਧਾ...' ਦੇ ਚਲਦੇ ਮੇਕਰ ਦੁਬਾਰਾ ਆਪਣੇ ਇਤਿਹਾਸ ਵਿਚ ਕਹਾਣੀਆਂ ਲੱਭਣ ਲੱਗਣਗੇ।

**ਕਰਨ ਜੌਹਰ :** ਸਾਲ ਨਹੀਂ, ਮਗਰ ਇਕ ਦਹਾਕੇ ਬਾਅਦ ਦੌਰ ਜ਼ਰੂਰ ਬਦਲਦਾ ਹੈ। ਇਸ ਲਿਹਾਜ਼ ਨਾਲ ਹੁਣ ਵਕਤ ਆ ਗਿਆ ਹੈ ਇੰਡਸਟਰੀ ਵਿਚ ਕੁਝ ਅਲੱਗ ਹੋਵੇ, ਸੋ ਮੈਨੂੰ ਲੱਗਦਾ ਹੈ ਕਿ ਐਨੀਮੇਸ਼ਨ ਫਿਲਮਾਂ ਦੇ ਨਿਰਮਾਣ ਵਿਚ ਤੇਜ਼ੀ ਆਵੇਗੀ। ਇਸ ਟ੍ਰੈਂਡ ਨੂੰ ਮੇਰੀ 'ਕਦੀ ਅਲਵਿਦਾ ਨਾ ਕਹਿਣਾ' ਅਤੇ 'ਜੁੜਵਾ' ਨਾਲ ਮਜ਼ਬੂਤੀ ਤਾਂ ਮਿਲੇਗੀ, ਨਾਲ ਹੀ ਰਜਨੀਕਾਂਤ ਦੀ 'ਸੁਲਤਾਨ-ਦ-ਵਾਰੀਅਰ' ਨਾਲ ਵੀ ਸਹਿਯੋਗ ਮਿਲਣ ਦਾ ਭਰੋਸਾ ਕੀਤਾ ਜਾ ਸਕਦਾ ਹੈ। ਮੈਂ ਸੁਣਿਆ ਹੈ ਕਿ ਹਿੰਦੀ ਦੇ ਇਲਾਵਾ ਤਾਮਿਲ-ਤੇਲਗੂ ਅਤੇ ਅੰਗ੍ਰੇਜ਼ੀ ਵਿਚ ਵੀ ਬਣਨ ਵਾਲੀਆਂ ਇਸ ਫਿਲਮ ਨੂੰ ਰਜਨੀਕਾਂਤ ਦੀ ਬੇਟੀ (ਸੌਂਦਰਯਾ) ਬਣਾ ਰਹੀ ਹੈ, ਜਿਸ ਵਿਚ ਉਨ੍ਹਾਂ ਦੇ ਪਿਤਾ ਇਕ ਪੌਰਾਣਿਕ ਅਤੇ ਕਿੰਵਦੰਤੀ ਨਾਇਕ ਦੇ ਰੂਪ ਵਿਚ


ਰਣਵੀਰ ਕਪੂਰ

ਰਹਿਣਗੇ। ਇਸ ਤੋਂ ਇਲਾਵਾ ਮੈਂ ਇਕ ਹੋਰ ਐਨੀਮੇਸ਼ਨ ਫਿਲਮ ਬਣਾ ਰਿਹਾ ਹਾਂ, ਜਿਸ ਦਾ ਸਬਜੈਕਟ ਬਿਲਕੁਲ ਫ੍ਰੈਸ਼ ਹੈ।

## ਵੱਖਰੀ ਤਰ੍ਹਾਂ ਦਾ ਹੀ ਨਜ਼ਰ ਆਵੇਗਾ ਅਕਸ਼ੈ

ਅਕਸ਼ੈ ਕੁਮਾਰ ਦੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੀ ਹੈ ਕਿ ਉਹ ਫਿਲਮਾਂ ਵਿਚ ਕੁਝ ਨਵਾਂ ਕਰਕੇ ਵਿਖਾਏ ਤੇ ਦਰਸ਼ਕਾਂ ਨੂੰ ਇਹ ਲੱਗੇ ਕਿ ਉਨ੍ਹਾਂ ਕੋਈ ਨਵੀਂ ਚੀਜ਼ ਵੇਖੀ ਹੈ। ਕੁਝ ਅਜਿਹੀਆਂ ਹੀ ਗੱਲਾਂ ਅਕਸ਼ੈ ਕੁਮਾਰ ਵਲੋਂ ਆਪਣੀ ਫਿਲਮ 'ਚਾਂਦਨੀ ਚੌਕ ਟੂ ਚਾਈਨਾ' ਵਿਚ ਵਿਖਾਈਆਂ ਜਾਣਗੀਆਂ। ਇਸ ਫਿਲਮ ਵਿਚ ਸ਼ਾਨਦਾਰ ਮਾਰਸ਼ਲ ਆਰਟ ਵਿਖਾਉਣ ਲਈ ਅੱਜ ਕਲ ਜੀਅ ਜਾਨ ਨਾਲ ਕੰਮ ਕਰ ਰਿਹਾ ਹੈ। ਉਹ 'ਪਾਰਕਰ' ਸਿੱਖ ਰਿਹਾ ਹੈ ਜੋ ਚੀਨ ਦਾ ਇਕ ਮਾਰਸ਼ਲ ਆਰਟ ਹੈ। ਆਪਣੀ ਫਿਲਮ ਵਿਚ ਅਕਸ਼ੈ ਇਸ ਆਰਟ ਦਾ ਬੇਹਤਰੀਨ ਢੰਗ ਨਾਲ ਪ੍ਰਦਰਸ਼ਨ ਕਰਨ ਲਈ ਪੂਰੀ ਤਿਆਰੀ ਕਰ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਇਨਸਾਨ ਸਿਰੜੀ ਹੋਵੇ ਤਾਂ ਕੋਈ ਕੰਮ ਔਖਾ ਨਹੀਂ। 'ਪਾਰਕਰ' ਅਧੀਨ ਇਕ ਇਨਸਾਨ ਆਪਣੇ ਸਰੀਰ ਨੂੰ ਚਾਰੇ ਪਾਸੇ ਖੋਲ ਕੇ ਕਲਾਬਾਜ਼ੀਆਂ ਵਿਖਾ ਸਕਦਾ ਹੈ।




ਅਕਸ਼ੈ ਕੁਮਾਰ ਦੇ ਨੇੜਲੇ ਸੂਤਰਾਂ ਨੇ ਪ੍ਰਗਟਾਵਾ ਕੀਤਾ ਹੈ ਕਿ ਨਿਖਲ ਅਡਵਾਨੀ ਦੀ ਉਕਤ ਫਿਲਮ 'ਚ ਅਕਸ਼ੈ ਕੁਮਾਰ ਨਵੀਂ ਕਿਸਮ ਦੇ ਜਲਵੇ ਵਿਖਾਏਗਾ। ਅਜਿਹੇ ਐਕਸ਼ਨ ਕਰਨ ਲਈ ਵਿਸ਼ਾਲ ਸਟੈਮਨੇ ਦੀ ਲੋੜ ਹੁੰਦੀ ਹੈ। ਲਿਵਰਪੂਲ ਦਾ ਇਕ ਟ੍ਰੇਨਰ ਅਕਸ਼ੈ ਨੂੰ ਇਸ ਸੰਬੰਧੀ ਸਿਖਲਾਈ ਦੇ ਰਿਹਾ ਹੈ।

ਉਹ ਬੀਤੇ 6 ਮਹੀਨਿਆਂ ਤੋਂ ਸਿਖਲਾਈ ਲੈ ਰਿਹਾ ਹੈ। ਅਕਸ਼ੈ ਦਾ ਕਹਿਣਾ ਹੈ ਕਿ ਸਰੀਰਕ ਮਜ਼ਬੂਤੀ ਹੋਣ 'ਤੇ ਹੀ ਅਸੀਂ ਆਪਣੇ ਆਲੇ-ਦੁਆਲੇ ਦੀਆਂ ਰੁਕਾਵਟਾਂ ਪਛਾੜ ਸਕਦੇ ਹਾਂ। ਪੂਰੀ ਸਥਿਤੀ ਦਾ ਜਾਇਜ਼ਾ ਲੈਣ ਪਿੱਛੋਂ ਹੀ ਕੋਈ ਕੰਮ ਕਰਨਾ ਚਾਹੀਦਾ ਹੈ।

'ਚਾਂਦਨੀ ਚੌਕ ਟੂ ਚਾਈਨਾ' ਫਿਲਮ ਬਾਰੇ ਗੱਲਬਾਤ ਕਰਦਿਆਂ ਅਕਸ਼ੈ ਨੇ ਕਿਹਾ ਕਿ ਇਹ ਫਿਲਮ ਕਿਉਂਕਿ ਇਕ ਐਕਸ਼ਨ ਫਿਲਮ ਹੈ, ਇਸ ਲਈ ਮੈਂ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕੀਤਾ ਹੈ। ਦਰਸ਼ਕਾਂ ਨੇ ਮੈਨੂੰ ਪਹਿਲਾਂ ਵੀ ਅਜਿਹੇ ਪ੍ਰਦਰਸ਼ਨ ਕਰਦਿਆਂ ਵੇਖਿਆ ਹੋਵੇਗਾ ਪਰ ਇਸ ਵਿਚ ਮੇਰਾ ਐਕਸ਼ਨ ਕੁਝ ਵੱਖਰੀ ਕਿਸਮ ਦਾ ਹੈ।

ੴ ਸਤਿਗੁਰ ਪ੍ਰਸਾਦਿ

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਨਵਾਂ ਸਾਲ 2008 ਮੁਬਾਰਕ

## ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ






**Mangal Singh Bhandal**
**Maninder "Manny" Bhandal**
**Palwinder Singh Bhandal**

**Bhandal Bros.**
**Trucking Inc.**

**111 C Lee Rd, Watsonville, CA 95076**
**Ph: 800-537-1760**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਦੇ ਮਾਲਕ ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪਿਛਲੇ 20 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

ਸਭਨਾਂ ਨੂੰ ਨਵਾਂ ਸਾਲ 2008 ਮੁਬਾਰਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੀ ਲੱਖ ਲੱਖ ਵਧਾਈ ਹੋਵੇ

## *Year 2008 is the Best Year To Buy Your Dream House*

*2004 to 2006
Award Winner
Top 1% Listing Realtor
in Bay Area

Number 1 Realtor
in Bay Area
Amongst Indian Community

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**



**Jaswinder Gill** M.Sc(PAU)
CA DRE# 00966763
Broker/Owner/Notary
ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ
ਸੁਖਵੀਰ ਅਤੇ ਜੱਸੀ ਗਿੱਲ

Selling new and old
Homes from San Jose
to Sacramento

Member of Alameda, Santa
Clara & Sacramento Board
(Realtor Since 1987)

Sacramento Office:
8695 Territorial Way,
Elk Grove CA 95624
Tel:- 916-612-5773
Fax:- 916-393-2586

E-mail: jassi@jassigill.com or
Visit us @ www.jassigill.com
for hot listings



Jaspreet Kaur
408-832-5759

Let us start looking for homes. Foreclosures, bank owned and other good deals are waiting for you. Now is time to act when sellers are motivated and aware of market situations. We start seeing multiple offer situations on all under market homes. Act now before its too late. Master of winners in multiple offer situation is waiting for your call.



Kamaljit Sidhu
510-541-2250



Sam Chahal
916-612-5773



Raj and Sukhdev Sidhu
510-706-1635



Rakesh Pabla
408-531-5464

ਨੋਟ: ਕੁਝ ਤਕਨੀਕੀ ਕਾਰਨਾਂ ਕਰਕੇ ਸਾਲ-2008 ਦੇ ਕੈਲੰਡਰ ਨਹੀਂ ਛਪ ਸਕੇ। ਖਿਮਾ ਦੇ ਜਾਚਕ ਹਾਂ।